
ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ ਜੁਲਾਈ-ਸਤੰਬਰ 2020

# ਪਰਵਾਸ




ਪਰਵਾਸੀ ਸਾਹਿਤ ਅਧਿਐਨ ਕੇਂਦਰ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ

# ਸੰਵਾਦ ਤੇ ਪਰਵਾਸੀ ਕਵੀ ਦਰਬਾਰ ਵਿਚ ਸ਼ਾਮਿਲ ਕਵੀ

## 13-14 ਜੂਨ 2020


ਰਵਿੰਦਰ ਰਵੀ, ਕੈਨੇਡਾ


ਮੋਹਨ ਗਿੱਲ, ਕੈਨੇਡਾ


ਕਵਿੰਦਰ ਚਾਂਦ, ਕੈਨੇਡਾ


ਸੁਰਿੰਦਰ ਗੀਤ, ਕੈਨੈਡਾ


ਪ੍ਰੀਤ ਮਨਪ੍ਰੀਤ, ਕੈਨੇਡਾ


ਸੁਖਿੰਦਰ, ਕੈਨੇਡਾ


ਕੇਹਰ ਸ਼ਰੀਫ਼, ਜਰਮਨੀ


ਸ਼ਾਕਿਰ ਅਲੀ, ਜਰਮਨੀ


ਸੁਖਵਿੰਦਰ ਕੰਬੋਜ, ਅਮਰੀਕਾ


ਕੁਲਵਿੰਦਰ, ਅਮਰੀਕਾ


ਰਾਜ ਲਾਲੀ, ਅਮਰੀਕਾ


ਨਕਸ਼ਦੀਪ ਪੰਜਕੋਹਾ, ਅਮਰੀਕਾ


ਅਮਰ ਜਿਉਤੀ, ਯੂ. ਕੇ.


ਅਜ਼ੀਮ ਸ਼ੇਖ਼ਰ, ਯੂ. ਕੇ.


ਰਜਿੰਦਰਜੀਤ, ਯੂ. ਕੇ.


ਦਲਜਿੰਦਰ ਰਹਿਲ, ਇਟਲੀ


ਸੁਰਿੰਦਰ ਸਿਦਕ, ਆਸਟਰੇਲੀਆ


ਤ੍ਰੈਲੋਚਨ ਲੋਚੀ, ਲੁਧਿਆਣਾ


ਪ੍ਰੋ. ਸ਼ਰਨਜੀਤ ਕੌਰ, ਲੁਧਿਆਣਾ

ਪੁਸਤਕ ਲੜੀ-5 ਜੁਲਾਈ-ਸਤੰਬਰ 2020

# ਪਰਵਾਸ

(ਪਰਵਾਸੀ ਪੰਜਾਬੀ ਸਾਹਿਤ ਨੂੰ ਸਮਰਪਿਤ)


**ਮੁੱਖ ਸੰਪਾਦਕ**
ਡਾ. ਸ. ਪ. ਸਿੰਘ

**ਮੁੱਖ ਪ੍ਰਬੰਧਕ**
ਪ੍ਰਿੰ. ਡਾ. ਅਰਵਿੰਦਰ ਸਿੰਘ
ਡਾ. ਭੁਪਿੰਦਰ ਸਿੰਘ

**ਵਿਸ਼ੇਸ਼ ਸੰਪਾਦਕ**
ਡਾ. ਤੇਜਿੰਦਰ ਕੌਰ
ਪ੍ਰੋ. ਸ਼ਰਨਜੀਤ ਕੌਰ

**ਸੰਪਾਦਕ**
ਡਾ. ਗੁਰਪ੍ਰੀਤ ਸਿੰਘ
ਡਾ. ਹਰਪ੍ਰੀਤ ਸਿੰਘ ਦੂਆ

**ਸਹਿਯੋਗੀ (ਭਾਰਤ)**
ਪ੍ਰੋ. ਗੁਰਭਜਨ ਸਿੰਘ ਗਿੱਲ
+919872631199
ਪ੍ਰੋ. ਮਨਜੀਤ ਸਿੰਘ ਛਾਬੜਾ
+919815100791
ਡਾ. ਅੰਮ੍ਰਿਤਪਾਲ ਕੌਰ
+918146565014
ਡਾ. ਲਖਵਿੰਦਰ ਸਿੰਘ ਜੌਹਲ
+919417194812
ਡਾ. ਹਰਚੰਦ ਸਿੰਘ ਬੇਦੀ
+91872867377
ਡਾ. ਮੁਨੀਸ਼ ਕੁਮਾਰ
+917837901025

**ਸਹਿਯੋਗੀ (ਵਿਦੇਸ਼)**
ਸੁੱਖੀ ਬਾਠ (ਪੰਜਾਬ ਭਵਨ ਕੈਨੇਡਾ)
+16045064426
ਪ੍ਰੋ. ਸਰਬਜੀਤ ਸਿੰਘ (ਕੈਨੇਡਾ)
+16047658417
ਸਰਬਜੀਤ ਸੋਹੀ (ਆਸਟਰੇਲੀਆ)
+61410584302
ਬਲਵਿੰਦਰ ਸਿੰਘ ਚਾਹਲ (ਯੂ. ਕੇ.)
+447491073808
ਕੁਲਵਿੰਦਰ ਸਿੰਘ (ਅਮਰੀਕਾ)
+19253130281
ਮੋਹਨ ਗਿੱਲ (ਕੈਨੇਡਾ)
+17789080914

ਟਾਇਪ ਸੈਟਿੰਗ: ਰਜਿੰਦਰ ਸਿੰਘ +919465642568



**ਪਰਵਾਸੀ ਸਾਹਿਤ ਅਧਿਅਨ ਕੇਂਦਰ**
**ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ, ਲੁਧਿਆਣਾ**
**parvasggn@gmail.com, +9187290-80250,+9195010-27522**

## ਇਸ ਅੰਕ ਵਿਚ


**ਸੰਪਾਦਕੀ** — **ਡਾ. ਸ. ਪ. ਸਿੰਘ**

**ਟਾਇਟਲ ਚਿੱਤਰਕਾਰ: ਡਾ. ਜੱਸ ਕੌਰ** — 6-8

ਸ਼ਬਦਾਂ ਦੇ ਰੰਗਾਂ ਨੂੰ ਇਕਸਾਰ ਕਰਨ ਵਾਲੀ ਵਿਲੱਖਣ ਚਿੱਤਰਕਾਰ: ਡਾ. ਜੱਸ ਕੌਰ

**ਅੰਕ ਦੇ ਲੇਖਕ — ਰਵਿੰਦਰ ਰਵੀ** — 9-27

ਰਵਿੰਦਰ ਰਵੀ ਨਾਲ ਮੁਲਾਕਾਤ — ਮੋਹਨ ਗਿੱਲ

ਕਹਾਣੀ ਤੇ ਕਵਿਤਾਵਾਂ — ਰਵਿੰਦਰ ਰਵੀ

**ਗਜ਼ਲਾਂ/ਨਜ਼ਮਾਂ** — 28-41

ਰਾਜ ਲਾਲੀ ਬਟਾਲਾ, ਸੁਰਿੰਦਰ ਸੋਹਲ, ਪ੍ਰਿੰ. ਕੁਲਦੀਪ ਸਿੰਘ, ਪ੍ਰੀਤ ਮਨਪ੍ਰੀਤ

ਨਦੀਮ ਪਰਮਾਰ, ਮਹਿੰਦਰ ਸਿੰਘ ਪੰਜੂ, ਪ੍ਰੋ. ਪਰਬਿੰਦਰ ਸਿੰਘ

ਡਾ. ਦਵਿੰਦਰ ਜੀਤਲਾ, ਅਮਨਜੀਤ ਕੌਰ ਸ਼ਰਮਾ, ਪਵਿੱਤਰ ਕੌਰ ਮਾਟੀ

**ਕਹਾਣੀਆਂ** — 42-57

ਲਾਕਡਾਊਨ — ਡਾ. ਅਵਤਾਰ ਸਿੰਘ ਸੰਘਾ

ਵਜੂਦ ਦੀ ਤਲਾਸ਼ — ਗੁਰਚਰਨ ਕੌਰ ਥਿੰਦ

**ਲੇਖ** — 58-63

ਸਵਰਨ ਚੰਦਨ ਦੀ ਸਾਹਿਤਕ ਦੇਣ — ਡਾ. ਤੇਜਿੰਦਰ ਕੌਰ

ਰਿਸ਼ਤਿਆਂ ਦੇ ਘਾਣ ਦੀ ਮਹਾਂਮਾਰੀ — ਸੁਖਵਿੰਦਰ ਸਿੰਘ ਚੋਹਲਾ

**ਪੁਸਤਕ ਚਰਚਾ** — 64-77

ਰੂਹ ਰੇਜ਼ਾ : ਡਾ. ਗੁਰਬਖਸ਼ ਸਿੰਘ ਭੰਡਾਲ — ਪ੍ਰੋ. ਨਿਰੰਜਨ ਸਿੰਘ ਢੇਸੀ

ਟੈਕਸੀਨਾਮਾ : ਹਰਪ੍ਰੀਤ ਸੇਖਾ — ਮੁਖਬੈਨ ਸਿੰਘ

ਨਾ ਜੁਨੂੰ ਰਹਾ ਨਾ ਪਰੀ ਰਹੀ : ਜ਼ਾਹਿਦਾ ਹਿਨਾ — ਡਾ. ਡੀ. ਪੀ. ਸਿੰਘ

**ਪੁਸਤਕ ਰਿਵੀਊ** — 78-79

ਕਿਲੇ ਦੇ ਮੋਤੀ : ਹੀਊ ਜੇ. ਐਸ. ਜੋਹਨਸਟਨ — ਵਿਜੈ ਬੰਬੇਲੀ

ਗਾਥਾ ਕਰਤਾਰ ਪੁਰ ਲਾਂਘੇ ਦੀ : ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ — ਬਲਵਿੰਦਰ ਚਾਹਲ

**ਸਰਗਰਮੀਆਂ** — 80-90



ਵਿੱਤੀ ਸਹਿਯੋਗ

**ਸੁੱਖੀ ਬਾਠ, ਪੰਜਾਬ ਭਵਨ ਸਰੀ, ਕੈਨੇਡਾ**
**ਸਾਹਿਤ ਸੁਰ ਸੰਗਮ ਸਭਾ, ਇਟਲੀ**
**ਇੰਡੋਜ਼ ਪੰਜਾਬੀ ਸਾਹਿਤ ਅਕਾਡਮੀ ਆਫ਼ ਆਸਟਰੇਲੀਆ**
**ਨਕਸ਼ਦੀਪ ਪੰਜਕੋਹਾ, ਅਮਰੀਕਾ**

ਸੰਪਾਦਕੀ

# ਕਰੋਨਾ ਸੰਕਟ ਅਤੇ ਸਾਹਿਤ ਸਿਰਜਣਾ



ਵਿਸ਼ਵ ਵਿਆਪੀ ਕਰੋਨਾ ਮਹਾਂਮਾਰੀ ਕਾਰਨ ਜੀਵਨ ਸ਼ੈਲੀ ਵਿੱਚ ਵੱਡੀ ਪੱਧਰ ’ਤੇ ਪਰਿਵਰਤਨ ਹੋਣੇ ਨਿਸ਼ਚਿਤ ਤੌਰ ’ਤੇ ਨਵੇਂ ਯੁੱਗ ਦੇ ਆਰੰਭ ਹੋਣ ਦਾ ਅਨੁਮਾਨ ਹੈ। ਇਸ ਦਾ ਸਾਹਿਤ ’ਤੇ ਪ੍ਰਭਾਵ ਵੀ ਦੇਖਣ ਨੂੰ ਮਿਲ ਰਿਹਾ ਹੈ। ਇਨ੍ਹਾਂ ਦਿਨਾਂ ਵਿੱਚ ਕਰੋਨਾ ਮਹਾਂਮਾਰੀ ਨਾਲ ਸਬੰਧਤ ਸਾਹਿਤ ਰਚਨਾ ਬਹੁਤ ਤੇਜ਼ੀ ਨਾਲ ਹੋ ਰਹੀ ਹੈ। ਅਜਿਹੇ ਸਾਹਿਤ ਵਿਚ ਸਦੀਵਤਾ ਦੇ ਅੰਸ਼ ਘੱਟ ਹੀ ਪ੍ਰਤੀਤ ਹੁੰਦੇ ਹਨ ਪਰ ਹਰ ਸੰਕਟ ਜਾਂ ਲਹਿਰ ਦੇ ਪ੍ਰਭਾਵਾਂ ਨੂੰ ਕਬੂਲਣਾ ਤੇ ਸਾਹਿਤ ਦੀ ਸਿਰਜਣਾ ਸੁਭਾਵਿਕ ਵਰਤਾਰਾ ਹੈ। ਇਸ ਲਈ ਸਾਹਿਤ ਸਿਰਜਣਾ ਦੇ ਸੰਦਰਭ ਵਿਚ ਪਹਿਲੇ ਪੜਾਅ ’ਤੇ ਇਸ ਦੀ ਅਹਿਮੀਅਤ ਨੂੰ ਘਟਾ ਕੇ ਵੀ ਨਹੀਂ ਦੇਖਿਆ ਜਾ ਸਕਦਾ। ਕਰੋਨਾ ਸੰਕਟ ਤੇ ਸਾਹਿਤ ਸਿਰਜਣਾ ਦੇ ਇਸ ਸੰਦਰਭ ਨੂੰ ਪਰਵਾਸੀ ਸਾਹਿਤਕਾਰ ਦੂਹਰੇ ਪੱਧਰ ’ਤੇ ਹੰਢਾ ਰਿਹਾ ਹੈ ਅਜਿਹੇ ਸੰਕਟ ਵਿੱਚ ਮਿੱਟੀ ਦਾ ਮੋਹ ਵਧੇਰੇ ਪ੍ਰਬਲ ਰੂਪ ਵਿੱਚ ਪ੍ਰਗਟ ਹੁੰਦਾ ਹੈ। ਇਸੇ ਪ੍ਰਕਾਰ ਹੀ ਪਰਵਾਸੀ ਸਾਹਿਤਕਾਰ ਦੂਹਰੇ ਸੰਤਾਪ ਨੂੰ ਭੋਗਦੇ ਹੋਏ ਵੱਡੀ ਪੱਧਰ ’ਤੇ ਸਾਹਿਤ ਸਿਰਜਣਾ ਵੱਲ ਰੁਚਿਤ ਹੋਏ। ‘ਪਰਵਾਸ’ ਪੱਤ੍ਰਿਕਾ ਨੇ ਪਿਛਲੇ ਸਮੇਂ ਵੀ ਕਰੋਨਾ ਨਾਲ ਸੰਬੰਧਿਤ ਪਰਵਾਸੀ ਲੇਖਕਾਂ ਦੀਆਂ ਰਚਨਾਵਾਂ ਨੂੰ ਪ੍ਰਕਾਸ਼ਿਤ ਕਰਨ ਹਿੱਤ ਕਰੋਨਾ ਵਿਸ਼ੇਸ਼ ਅੰਕ ਦੀ ਪ੍ਰਕਾਸ਼ਨਾ ਕੀਤੀ ਸੀ ਤੇ ਸੱਜਰੇ ਅੰਕ ਵਿੱਚ ਵੀ ਕਰੋਨਾ ਨਾਲ ਸਬੰਧਤ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

ਪਰਵਾਸੀ ਸਾਹਿਤ ਅਧਿਐਨ ਕੇਂਦਰ, ਗੁਜਰਾਂਵਾਲਾ ਗੁਰੂ ਨਾਨਕ ਖ਼ਲਸਾ ਕਾਲਜ ਵੱਲੋਂ ਦੋ ਦਿਨਾਂ ‘ਸੰਵਾਦ ਤੇ ਪਰਵਾਸੀ ਕਵੀ ਦਰਬਾਰ’ ਵੀ ਕਰਵਾਇਆ ਗਿਆ ਜੋ ਕਿ ਕਰੋਨਾ ਸੰਕਟ ਨਾਲ ਸਬੰਧਤ ਸੀ। ਇਸ ਵਿੱਚ ਛੇ ਵਿਦਵਾਨਾਂ ਤੇ ਤੀਹ ਦੇ ਕਰੀਬ ਕਵੀਆਂ ਨੇ ਹਿੱਸਾ ਲਿਆ। ਇਸ ਪ੍ਰਕਾਰ ਪਰਵਾਸੀ ਲੇਖਕਾਂ ਦੀ ਕਰੋਨਾ ਸੰਕਟ ਕਾਰਨ ਨਵੀਂ ਜੀਵਨ ਸ਼ੈਲੀ ਤੇ ਸੰਵੇਦਨਾ ਦੇ ਸਨਮੁੱਖ ਅਦਾਰਾ ‘ਪਰਵਾਸ’ ਇਸ ਪ੍ਰਭਾਵ ਅਧੀਨ ਰਚੇ ਜਾ ਰਹੇ ਸਾਹਿਤ ਨੂੰ ਪ੍ਰਕਾਸ਼ਿਤ ਕਰਨ ਵਿੱਚ ਖੁਸ਼ੀ ਮਹਿਸੂਸ ਕਰਦਾ ਹੈ ਤਾਂ ਜੋ ਪਰਵਾਸੀ ਲੋਕਾਂ ਦੇ ਵੱਖਰੇ ਅਨੁਭਵ ਨੂੰ ਇਤਿਹਾਸ ਦਾ ਹਿੱਸਾ ਬਣਾਇਆ ਜਾ ਸਕੇ।

ਪਰਵਾਸੀ ਲੇਖਕਾਂ ਤੋਂ ਪ੍ਰਾਪਤ ਹੋ ਰਹੇ ਸਹਿਯੋਗ ਦਾ ਧੰਨਵਾਦ।

**ਸ. ਪ. ਸਿੰਘ (ਡਾ.)**
**ਸਾਬਕਾ ਵਾਈਸ ਚਾਂਸਲਰ,**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**


# ਮਿੱਟੀ ਮਾਣ ਕਰੇ- ਚਿੱਤਰਕਾਰ: ਡਾ. ਜੱਸ ਕੌਰ

## ਸ਼ਬਦਾਂ ਤੇ ਰੰਗਾਂ ਨੂੰ ਇਕਸਾਰ ਕਰਨ ਵਾਲੀ ਵਿਲੱਖਣ ਚਿੱਤਰਕਾਰ

**ਡਾ. ਤੇਜਿੰਦਰ ਕੌਰ**



ਡਾ. ਜੱਸ ਕੌਰ 'ਵਾਹਿਗੁਰੂ' ਸ਼ਬਦ ਤੇ ਰੰਗਾਂ ਦੇ ਸੁਮੇਲ ਨਾਲ ਵਿਲੇਖਣ ਕਿਸਮ ਦੀ ਚਿੱਤਰਕਾਰੀ ਕਰਨ ਵਾਲੀ ਸ਼ਖ਼ਸੀਅਤ ਹੈ ਡਾ. ਜੱਸ ਕੌਰ ਚਿੱਤਰਕਾਰ ਹੋਣ ਦੇ ਨਾਲ-ਨਾਲ ਇਕ ਅਧਿਆਪਕ, ਲੇਖਕ, ਸਿੱਖਿਆ ਸ਼ਾਸਤਰੀ ਤੇ ਸਮਾਜ ਸੇਵੀ ਵੀ ਹੈ। ਇਹਨਾਂ ਦੀ ਪੁਸਤਕ Mantra Art: The Journey Within ਵੀ ਛਪ ਚੁੱਕੀ ਹੈ। ਆਪਣੀਆਂ ਪੇਟਿੰਗਾਂ 'ਤੇ ਕਿਤਾਬ ਦੀ ਵਿਕਰੀ ਦਾ ਸਾਰਾ ਪੈਸਾ ਉਹ 'ਖ਼ਾਲਸਾ ਏਡ' ਸੰਸਥਾ ਨੂੰ ਦਾਨ ਕਰਦੀ ਹੈ। ਰਵੀ ਸਿੰਘ, ਸੰਸਥਾਪਕ 'ਖ਼ਾਲਸਾ ਏਡ' ਵੱਲੋਂ ਇਹਨਾਂ ਦੀਆਂ ਕਲਾ ਕ੍ਰਿਤਾਂ ਦੀ ਪ੍ਰਦਰਸ਼ਨੀ ਦਾ ਉਦਘਾਟਨ ਵੀ ਕੀਤਾ ਗਿਆ ਹੈ




'ਕਲਾ' ਸ਼ਬਦ ਆਪਣੇ ਆਪ ਵਿੱਚ ਇੰਨਾ ਵਿਆਪਕ ਤੇ ਵਿਸ਼ਾਲ ਸੰਕਲਪ ਹੈ, ਜਿਸ ਨੂੰ ਸ਼ਬਦਾਂ ਦੇ ਰਾਹੀ ਪਰਿਭਾਸ਼ਿਤ ਕਰਨਾ ਕਠਿਨ ਕਾਰਜ ਹੈ। ਸ਼ਾਇਦ ਇਸੇ ਕਾਰਨ ਹੀ ਕਲਾ ਸਬੰਧੀ ਮਿਲਦੀਆਂ ਅਣਗਣਿਤ ਪਰਿਭਾਸ਼ਾਵਾਂ ਦੇ ਬਾਵਜੂਦ ਵੀ ਕਲਾ ਦੇ ਅਰਥ ਨਿਸ਼ਚਿਤ ਨਹੀ ਹੋਏ। ਮਨੁੱਖੀ ਸੱਭਿਆਚਾਰ ਦਾ ਉਹ ਭਾਗ ਕਲਾ ਹੈ, ਜਿਸ ਨੂੰ ਸ਼ਲਾਘਾ ਖੱਟਣ ਯੋਗ ਬਣਾਉਣਾ, ਸਿੱਖਣ ਲਈ ਕਰੜੀ ਅਤੇ ਜੀਅ ਤੋੜ ਸਾਧਨਾ ਜ਼ਰੂਰੀ ਹੋਵੇ। ਇਸੇ ਹੀ ਸੰਦਰਭ ਵਿੱਚ ਅਸੀਂ ਰੰਗਾਂ ਤੇ ਸ਼ਬਦਾਂ ਨੂੰ ਇੱਕ ਸੁਰ ਕਰ ਕੇ ਕੈਨਵਸ ਤੇ ਉਤਾਰਨ ਵਾਲੀ ਵਿਲੱਖਣ ਤੇ ਨਾਮਵਰ ਚਿੱਤਰਕਾਰ ਡਾ. ਜੱਸ ਕੌਰ ਦੇ ਜੀਵਨ ਤੇ ਕਲਾ ਪੱਖ ਨੂੰ ਪਾਠਕਾਂ ਸਨਮੁੱਖ ਕਰਾਂਗੇ। ਇੱਕ ਅਧਿਆਪਕ, ਲੇਖਕ, ਸਿੱਖਿਆ ਸ਼ਾਸਤਰੀ ਹੋਣ ਦੇ ਨਾਲ ਨਾਲ ਡਾ. ਜੱਸ ਕੌਰ ਇੱਕ ਵਿਲੱਖਣ ਕਿਸਮ ਦੀ ਚਿੱਤਰਕਾਰ ਵੀ ਹੈ।

**ਡਾ. ਜੱਸ ਕੌਰ ਦੀਆਂ ਪੇਟਿੰਗਾਂ ਨੂੰ ਜ਼ੂਮ ਕਰਕੇ ਦੇਖਣ 'ਤੇ 'ਵਾਹਿਗੁਰੂ' ਸ਼ਬਦ ਉੱਭਰ ਕੇ ਸਾਹਮਣੇ ਆਉਂਦਾ ਹੈ ਜੋ ਇਹਨਾਂ ਦੀ ਕਲਾ ਕ੍ਰਿਤ ਦੀ ਵਿਸ਼ੇਸ਼ ਖਾਸੀਅਤ ਹੈ।**

ਡਾ. ਜੱਸ ਕੌਰ ਦਾ ਜਨਮ ਨੈਰੋਬੀ (ਕੀਨੀਆ) ਵਿਖੇ ਹੋਇਆ। ਉਨ੍ਹਾਂ ਦਾ ਬਚਪਨ ਨੈਰੋਬੀ ਹੀ ਬੀਤਿਆ ਹੈ ਤੇ ਫਿਰ ਉਨ੍ਹਾਂ ਦਾ ਪਰਿਵਾਰ ਇੰਗਲੈਂਡ ਸੈਟਲ ਹੋ ਗਿਆ।

ਏਥੇ ਹੀ ਉਨ੍ਹਾਂ ਨੇ ਆਪਣੀ ਹਾਈ ਸਕੂਲ ਦੀ ਵਿੱਦਿਆ ਪੂਰੀ ਕੀਤੀ। ਹੁਣ ਉਹ ਪਿਛਲੇ ਚਾਲੀ ਸਾਲਾਂ ਤੋਂ ਕੈਨੇਡਾ ਰਹਿ ਰਹੀ ਹੈ। ਡਾ. ਜੱਸ ਕੌਰ ਨੇ ਆਪਣੀ ਉਚੇਰੀ ਵਿੱਦਿਆ ਆਕਸਫੋਰਡ ਯੂਨੀਵਰਸਿਟੀ ਤੋਂ ਪ੍ਰਾਪਤ ਕੀਤੀ। ਅੱਜ ਕੱਲ ਉਹ ਇੰਟਰਨੈਸ਼ਨਲ ਐਜੂਕੇਸ਼ਨਲ ਕੰਸਲਟੈਂਟ ਹੋਣ ਦੇ ਨਾਲ ਨਾਲ ਪੂਰੀ ਸ਼ਿੱਦਤ ਨਾਲ ਆਪਣੀ ਚਿੱਤਰ ਕਲਾ ਨੂੰ ਵੀ ਸਮਰਪਿਤ ਹਨ।



ਡਾ. ਜੱਸ ਕੌਰ ਦੇ ਬਣਾਏ ਚਿੱਤਰਾਂ ਦੀ ਵੱਖਰਤਾ ਇਹ ਹੈ ਕਿ ਉਹ 'ਵਾਹਿਗੁਰੂ' ਸ਼ਬਦ ਨੂੰ ਲਿਖ ਕੇ ਪੇਟਿੰਗ ਬਣਾਉਦੀ ਹੈ। ਹਰ ਪੇਟਿੰਗ ਭਾਵੇਂ ਉਹ ਕੁਦਰਤ ਦੇ ਕਿਸੇ ਵੀ ਅੰਗ, ਬਨਸਪਤੀ, ਜੀਵ ਜੰਤੂ, ਪਾਣੀ ਫੁੱਲਾਂ ਜਾਂ ਮਨੁੱਖ ਕਿਸੇ ਵੀ ਰੂਪ ਵਿੱਚ ਚਿੱਤਰੀ ਗਈ ਹੋਵੇ, ਉਸ ਦੇ ਆਕਾਰ ਦੇ ਹਰ ਹਿੱਸੇ ਵਿੱਚ 'ਵਾਹਿਗੁਰੂ' ਸ਼ਬਦ ਲਿਖਿਆ ਹੁੰਦਾ ਹੈ। ਪ੍ਰਮਾਤਮਾ ਦੀ ਮਹਿਮਾ ਨੂੰ ਪ੍ਰਗਟਾਉਣ ਦਾ ਇਹ ਉਨ੍ਹਾਂ ਦਾ ਇੱਕ ਨਿਵੇਕਲਾ ਢੰਗ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮੇਰੀ ਪ੍ਰੇਰਨਾ ਸਰੋਤ ਗੁਰਬਾਣੀ ਹੈ। ਗੁਰਬਾਣੀ ਦੀ ਕਿਸੇ ਇੱਕ ਤੁੱਕ ਨੂੰ ਥੀਮ ਬਣਾ ਕੇ ਪੂਰੀ ਡੂੰਘਾਈ ਦੇ ਨਾਲ ਉਸ ਬਾਰੇ ਸੋਚਣਾ, ਕਲਪਨਾ ਸ਼ਕਤੀ ਨਾਲ ਉਸ ਚੋਂ ਤਸਵੀਰ ਘੜਨੀ ਤੇ ਫਿਰ ਤਸਵੀਰ ਵੀ ਅਜਿਹੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਦੀ ਮੂਲ ਭਾਵਨਾ ਨੂੰ ਪ੍ਰਗਟਾਉਦੀ ਹੋਵੇ। ਡਾ. ਜੱਸ ਕੌਰ ਦਾ ਕਹਿਣਾ ਹੈ ਕਿ ਉਨ੍ਹਾਂ ਸਤਾਰਾਂ ਅਠਾਰਾਂ ਸਾਲ ਦੀ ਉਮਰ ਵਿੱਚ ਸਭ ਤੋਂ ਪਹਿਲਾਂ ਸੋਹਣੀ ਮਹੀਵਾਲ ਦੀ ਇੱਕ ਪੇਟਿੰਗ ਕਿਸੇ ਨੂੰ ਤੋਹਫਾ ਦੇਣ ਲਈ ਬਣਾਈ ਸੀ। ਉਹ ਕਿਸੇ ਸਮਾਗਮ ਵਿੱਚ 'ਵਾਹਿਗੁਰੂ' ਸਿਮਰਨ ਅਭਿਆਸ ਵਿੱਚ ਗਈ ਸੀ, ਜਿੱਥੇ ਉਨ੍ਹਾਂ ਨੂੰ ਇਹ ਮਹਿਸੂਸ ਹੋਇਆ ਕਿ ਕੁਦਰਤ ਦੇ ਹਰ ਜ਼ਰੇ ਜ਼ਰੇ 'ਚ ਉਸ ਕਾਦਰ ਦਾ ਵਾਸਾ ਹੈ। ''ਸਭ ਗੋਬਿੰਦ ਹੈ' 'ਸਭ ਗੋਬਿੰਦ ਹੈ' ਦੇ ਅਰਥ ਮੈਨੂੰ ਸਮਝ ਆਉਣ ਲੱਗੇ।'' ਉਸ ਉਪਰੰਤ ਉਨ੍ਹਾਂ ਨੇ ਆਪਣੀ ਹਰ ਕਲਾ ਕ੍ਰਿਤ 'ਵਾਹਿਗੁਰੂ' ਸ਼ਬਦ ਨਾਲ ਹੀ ਚਿਤਰਨੀ ਆਰੰਭ ਕੀਤੀ। ਹੁਣ ਤੱਕ ਉਹ ਛੋਟੇ ਵੱਡੇ ਆਕਾਰ ਦੀਆਂ ਪੰਜਾਹ ਦੇ ਕਰੀਬ ਪੇਟਿੰਗਾਂ ਬਣਾ ਚੁੱਕੀ ਹੈ। ਜਿਨ੍ਹਾਂ ਵਿੱਚ ਵਾਹਿਗੁਰੂ ਸ਼ਬਦ ਦੋ ਹਜ਼ਾਰ ਵਾਰ ਤੋਂ ਲੈ ਕੇ ਪੰਜਾਹ ਹਜ਼ਾਰ ਵਾਰੀ ਲਿਖਿਆ ਗਿਆ ਹੈ।ਡਾ. ਜੱਸ ਕੌਰ ਨੇ ਇਹ ਹੁਨਰ ਕਿਸੇ ਤੋਂ ਸਿੱਖਿਆ ਨਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕਲਾ ਉਸ ਪ੍ਰਮਾਤਮਾ ਦੀ ਹੀ ਦੇਣ ਹੈ

# ਮਿੱਟੀ ਮਾਣ ਕਰੇ: ਡਾ. ਜੱਸ ਕੌਰ

ਇਹ ਮੈਂ ਕਿਸੇ ਲਈ ਨਹੀ ਬਲਕਿ ਆਪਣੇ ਸਕੂਨ,ਆਤਮਿਕ ਸ਼ਾਂਤੀ ਤੇ ਉਸ ਸਰਵ ਵਿਆਪਕ ਨੂੰ ਇਸ ਰਾਹੀਂ ਹੀ ਪਿਆਰ ਤੇ ਸ਼ੁਕਰਾਨੇ ਦੇ ਆਪਣੇ ਭਾਵ ਪ੍ਰਗਟਾਉਦੀ ਹਾਂ। ਕਲਾ ਇੱਕ ਸ਼ਕਤੀ ਹੈ ਜਿਹੜੀ ਕਰੜੀ ਸਾਧਨਾ ਦੀ ਮੰਗ ਕਰਦੀ ਹੈ। ਡਾ. ਜੱਸ ਕੌਰ ਹੁਣ ਤੱਕ ਆਪਣੀਆਂ ਪੇਂਟਿੰਗਾਂ ਦੀਆਂ ਅਨੇਕਾਂ ਪ੍ਰਦਰਸ਼ਨੀਆਂ ਵੱਖ-ਵੱਖ ਥਾਵਾਂ, ਜਿਨ੍ਹਾਂ ਵਿੱਚ ਵੈਨਕੂਵਰ, ਮਾਂਟਰੀਅਲ, ਟੋਰਾਂਟੋ ਆਦਿ ਵਿੱਖੇ ਲਗਾ ਚੁੱਕੀ ਹੈ। ਇਨ੍ਹਾਂ ਤੋਂ ਉਸ ਨੂੰ ਜਿਹੜੀ ਵੀ ਕੁੱਲ ਆਮਦਨ ਹੁੰਦੀ ਹੈ, ਉਸ ਨੂੰ ਉਹ ਲੋਕ ਭਲਾਈ ਹਿੱਤ ਦਾਨ ਕਰ ਦਿੰਦੀ ਹੈ। 'ਖ਼ਾਲਸਾ ਏਡ' ਸੰਸਥਾ ਨਾਲ ਵੀ ਉਹ ਇਸੇ ਮਨੋਰਥ ਨਾਲ ਜੁੜੀ ਹੋਈ ਹੈ। ਡਾ. ਜੱਸ ਕੌਰ ਦੀਆਂ ਪੇਂਟਿੰਗਾਂ ਦੇ ਖਰੀਦਦਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਘਰਾਂ 'ਚ ਲੱਗੀਆਂ ਹੋਈਆਂ ਇਹ ਪੇਂਟਿੰਗਾਂ ਉਨ੍ਹਾਂ ਨੂੰ ਸ਼ਾਂਤੀ ਤੇ ਖੁਸ਼ੀ ਦਿੰਦੀਆਂ ਹਨ। ਪੇਟਿੰਗ ਤੋਂ ਇਲਾਵਾ ਡਾ. ਜੱਸ ਕੌਰ ਨੂੰ ਪੜ੍ਹਨ ਤੇ ਲਿਖਣ ਦਾ ਸ਼ੌਕ ਵੀ ਹੈ ਉਨ੍ਹਾਂ ਦੀ ਪੁਸਤਕ Mantra Art: The Journey Within ਵੀ ਪ੍ਰਕਾਸ਼ਿਤ ਹੋ ਚੁੱਕੀ ਹੈ। ਇਹ ਪੁਸਤਕ ਮਨੁੱਖ ਨੂੰ ਆਪਣੇ ਅੰਦਰ ਦੀ ਰੂਹਾਨੀਅਤ ਨੂੰ ਸਮਝਣ ਤੇ ਪਛਾਨਣ ਲਈ ਪ੍ਰੇਰਦੀ ਹੈ। ਇਸ ਪੁਸਤਕ ਵਿਚਲੀ ਹਰ ਚਿੰਤਨਸ਼ੀਲ ਤਸਵੀਰ, ਹਜ਼ਾਰਾਂ ਛੋਟੇ ਛੋਟੇ ਹੱਥ ਲਿਖਤ ਮੰਤਰਾਂ ਨਾਲ ਲਬਰੇਜ਼ ਹੈ, ਜੋ ਕਿ ਸਿੱਖੀ ਦੇ ਬੁਨਿਆਦੀ ਸੰਕਲਪਾਂ ਤੋਂ ਪ੍ਰੇਰਿਤ ਹੈ ਅਤੇ ਹਰ ਮਨੁੱਖ ਨੂੰ ਰੰਗ, ਨਸਲ, ਧਰਮ, ਜਾਤ-ਪਾਤ ਨੂੰ ਨਕਾਰ ਕੇ ਮਨੁੱਖ ਸਮਝਣ ਲਈ ਪ੍ਰੇਰਦੀ ਹੈ। ਇਸ ਪੁਸਤਕ ਦੀ ਵਿਕਰੀ ਦਾ ਵੀ ਸਾਰਾ ਪੈਸਾ ਮਾਨਵ ਭਲਾਈ ਹਿੱਤ ਵਰਤਿਆ ਜਾਂਦਾ ਹੈ। ਅਸੀਂ ਉਨ੍ਹਾਂ ਦੇ ਇਸ ਨੇਕ ਕਾਰਜ ਦੀ ਸਰਾਹਨਾ ਕਰਦੇ ਹੋਏ ਇਹ ਦੁਆ ਕਰਦੇ ਹਾਂ ਕਿ ਉਨ੍ਹਾਂ ਦੇ ਹੱਥਾਂ ਵਿੱਚੋਂ ਅਧਿਆਤਮਕ ਰੰਗਤ ਵਾਲੇ ਅਜਿਹੇ ਹੀ ਖ਼ੂਬਸੂਰਤ ਚਿੱਤਰ ਨਿਕਲ ਕੇ ਲੋਕ ਮਨਾਂ ਤੇ ਲੋਕ ਘਰਾਂ ਦਾ ਸ਼ਿੰਗਾਰ ਬਣਦੇ ਰਹਿਣ। ਡਾ. ਜੱਸ ਕੌਰ ਦੀ ਇਕ ਪੇਟਿੰਗ ਨੂੰ ਪਰਵਾਸ ਮੈਗਜ਼ੀਨ ਦੇ ਹੱਥਲੇ ਅੰਕ ਦੇ ਟਾਈਟਲ ਪੰਨੇ ਤੇ ਸਜਾਉਣਾ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ।




**ਇਹ ਪੁਸਤਕ AMAZON ਤੇ ਉਪਲਬੱਧ ਹੈ**

ਡਾ. ਜੱਸ ਕੌਰ ਦੀ Website-https://www.jusskaur.com/

**ਡਾ. ਤੇਜਿੰਦਰ ਕੌਰ**
**ਕੋਆਰਡੀਨੇਟਰ**
**ਪਰਵਾਸੀ ਸਾਹਿਤ ਅਧਿਅਨ ਕੇਂਦਰ**

# ਅੰਕ ਦੇ ਲੇਖਕ

## ਰਵਿੰਦਰ ਰਵੀ ਨਾਲ ਗੁਫ਼ਤਗੂ: ਮੋਹਨ ਗਿੱਲ

(ਮੁਲਾਕਾਤ)





ਮੋਹਨ ਗਿੱਲ ਸਰੀ ਕੈਨੇਡਾ ਵੱਸਦਾ ਪੰਜਾਬੀ ਕਵੀ ਹੈ। ਕਵਿਤਾ ਦੇ ਨਾਲ ਨਾਲ ਉਸਨੇ ਵਾਰਤਕ, ਹਾਸ ਵਿਅੰਗ ਤੇ ਜਾਪਾਨੀ ਕਾਵਿ-ਰੂਪ ਹਾਇਕੂ ਨੂੰ ਆਪਣੀ ਸਿਰਜਣਾ ਦਾ ਅੰਗ ਬਣਾਇਆ ਹੈ। ਕੈਨੇਡਾ ਵਿਚ ਹੁੰਦੀਆਂ ਸਾਹਿਤਕ ਗਤੀਵਿਧੀਆਂ ਵਿੱਚ ਵੀ ਵਿਸ਼ੇਸ਼ ਤੌਰ 'ਤੇ ਸਰਗਰਮ ਹਨ। ਹੁਣ ਤੱਕ ਪੰਜ ਕਾਵਿ ਪੁਸਤਕਾਂ ਇਕ ਵਾਰਤਕ ਤੇ ਇਕ ਵਿਅੰਗ ਪੁਸਤਕ ਪਾਠਕਾਂ ਸਨਮੁੱਖ ਕਰ ਚੁੱਕੇ ਹਨ। ਪਰਵਾਸ ਅੰਕ ਲਈ ਮੋਹਨ ਗਿੱਲ ਵੱਲੋਂ ਰਵਿੰਦਰ ਰਵੀ ਨਾਲ ਕੀਤੀ ਗਈ ਗੁਫ਼ਤਗੂ

**ਮੋਹਨ ਗਿੱਲ:- ਰਵਿੰਦਰ ਰਵੀ ਜੀ 'ਪਰਵਾਸ' ਵਿੱਚ ਤੁਹਾਡਾ ਸਵਾਗਤ ਹੈ?**

ਰਵਿੰਦਰ ਰਵੀ :- ਮੋਹਨ ਜੀ ਤੁਹਾਡਾ ਅਤੇ ਪਰਵਾਸ ਦਾ ਧੰਨਵਾਦੀ ਹਾਂ।

**ਮੋਹਨ ਗਿੱਲ :- ਰਵੀ ਜੀ ਤੁਹਾਡਾ ਸਾਹਿਤਕ ਸਫ਼ਰ ਤੇ ਜੀਵਨ ਦਾ ਸਫ਼ਰ ਵਿਸ਼ਾਲ ਅਤੇ ਲੰਬਾ ਹੈ। ਸਭ ਤੋਂ ਪਹਿਲਾਂ ਜਾਨਣਾ ਚਾਹਵਾਂਗੇ ਕਿ ਸਾਹਿਤ ਦੀ ਚੇਟਕ ਕਿਵੇਂ ਲੱਗੀ?**



ਅੰਮ੍ਰਿਤਾ ਪ੍ਰੀਤਮ ਨੇ ਨਾਲ ਰਵਿੰਦਰ ਰਵੀ

ਰਵਿੰਦਰ ਰਵੀ :- ਮੇਰੀ ਮਾਂ ਪਚਾਨਵੇਂ ਸਾਲਾਂ ਦੀ ਉਮਰ ਦੀ ਹੋ ਕੇ ਵੀ ਟੱਪੇ, ਛੱਜਾਂ ਤੇ ਸਿਆਲਕੋਟੀ ਮਾਹੀਆ ਗਾ ਲੈਂਦੀ ਸੀ। ਮਾਂ ਕੋਲੋਂ ਬਚਪਨ ਵਿੱਚ ਲੋਕ ਗੀਤ ਸੁਣੇ ਜੋ ਉਹ ਮਿੱਠੀ ਆਵਾਜ਼ ਵਿੱਚ ਗੀਤਾਂ ਵਿੱਚ ਗਵਾਚ ਕੇ ਗਾਉਂਦੀ ਸੀ। ਉਸ ਨੂੰ ਸੁਰ ਤੇ ਤਾਲ ਦੀ ਸਮਝ ਸੀ ਉਸ ਪਾਸੋਂ ਗੀਤ ਸੁਣਦਿਆਂ ਹੀ ਮੈਂ ਸਾਹਿਤ ਦਾ ਪ੍ਰੇਮੀ ਬਣ ਗਿਆ।

# ਅੰਕ ਦੇ ਲੇਖਕ: ਰਵਿੰਦਰ ਰਵੀ



ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਫੇਰੀ ਸਮੇਂ

**ਮੋਹਨ ਗਿੱਲ :- ਮੈਂ ਆਪਣੀ ਸੁਰਤ ਵਿੱਚ ਪਹਿਲਾਂ ਤੁਹਾਡੀਆਂ ਕਵਿਤਾਵਾਂ ਪੜ੍ਹੀਆਂ ਫਿਰ ਕਹਾਣੀਆਂ ਅਤੇ ਕਾਵਿ ਨਾਟਕ, ਤੁਹਾਡੇ ਮਨ ਵਿੱਚੋਂ ਕੋਈ ਰਚਨਾ ਕਾਗਜ਼ ਤੇ ਆਉਣ ਤੋਂ ਪਹਿਲਾਂ ਕਿੰਨਾ ਕੁ ਸਮਾਂ ਲੈਂਦੀ ਹੈ?**

ਰਵਿੰਦਰ ਰਵੀ :- ਜਿੱਥੋ ਤੱਕ ਕਵਿਤਾ ਦੀ ਗੱਲ ਹੈ ਉਹ ਤਾਂ ਯਕਲਖ਼ਤ ਮੇਰਾ ਕੰਨ ਪਕੜ ਕੇ ਆਪਣੇ ਆਪ ਹੀ ਆਪ ਨੂੰ ਲਿਖਵਾ ਲੈਂਦੀ ਹੈ।ਕਹਾਣੀ, ਕਾਵਿ-ਨਾਟਕ ਸਫ਼ਰਨਾਮਾ ਤੇ ਵਾਰਤਕ ਨਿਰੰਤਰ ਅਭਿਆਸ ਦੀ ਮੰਗ ਕਰਦੇ ਹਨ। ਲੇਖਕ ਚੁੱਪ ਵੀ ਹਰ ਸਮੇਂ ਕੁਝ ਲਿਖ ਰਿਹਾ ਹੁੰਦਾ ਹੈ। ਬੜਾ ਕੁਝ ਲਿਖ ਕੇ ਸੁੱਟਣਾ ਪੈਂਦਾ ਹੈ। ਵਾਰ ਵਾਰ ਕੱਟ ਕੇ ਲਿਖਣਾ ਪੈਂਦਾ ਹੈ। ਇਸ ਕਾਰਜ ਲਈ ਧੀਰਜ, ਬਾਰੀਕਬੀਨੀ ਨਿਰੰਤਰਤਾ ਅਤੇ ਬਹੁਤ ਸਮੇਂ ਦੀ ਲੋੜ ਹੁੰਦੀ ਹੈ।

**ਮੋਹਨ ਗਿੱਲ :- ਜਦੋਂ ਤੁਸੀਂ ਪਹਿਲਾਂ ਪਹਿਲ ਹੋਰ ਲੇਖਕਾਂ ਦੀਆਂ ਸਾਹਿਤਕ ਰਚਨਾਵਾਂ ਪੜ੍ਹੀਆਂ, ਉਹ ਕਿਵੇਂ ਲੱਗੀਆਂ? ਉਨ੍ਹਾਂ ਲੇਖਕਾਂ ਤੇ ਰਚਨਾਵਾਂ ਤੋਂ ਤੁਸੀਂ ਤੇ ਤੁਹਾਡੀਆਂ ਰਚਨਾਵਾਂ ਕਿਵੇਂ ਵੱਖਰੀਆਂ ਹਨ?**

ਰਵਿੰਦਰ ਰਵੀ :- ਮੈਂ ਹਰ ਲਿਖਤ ਵਿੱਚੋਂ ਹਮੇਸ਼ਾ ਲੇਖਕ ਲੱਭਣ ਦੀ ਪੂਰੀ ਕੋਸ਼ਿਸ਼ ਕਰਦਾ ਹਾਂ। ਸਾਡੇ ਬਹੁਤੇ ਪੰਜਾਬੀ ਲੇਖਕ ਆਪਣੀਆਂ ਲਿਖਤਾਂ ਵਿੱਚ ਨਹੀ, ਸਗੋਂ ਚੋਰੀ ਬਿਤਾਏ ਪਲਾਂ ਵਿੱਚ ਜਿਉਂਦੇ ਹਨ।ਇਸੇ ਕਾਰਨ ਉਨ੍ਹਾਂ ਵਿੱਚ ਨਿੱਜੀ ਅਨੁਭਵ ਵਿੱਚੋਂ ਉਤਪੰਨ ਹੋਈ ਵਿਲੱਖਣਤਾ ਤੇ ਸਿਦਕ ਦੀ ਘਾਟ ਬੜੀ ਰੜਕਦੀ ਹੈ। ਕਿਸੇ ਪ੍ਰਚਾਰ ਵਾਦੀ ਵਿਚਾਰਵਾਦੀ ਨਾਲ ਬੱਝੇ ਹੋਏ ਇਹ ਮਕੈਨਿਕਾਂ ਦੇ ਵਾਂਗੂੰ ਲਿਖਤਾਂ ਦਾ ਫੈਕਟਰੀਆਂ ਵਿੱਚ ਕਾਰਾਂ ਵਾਂਗ ਉਤਪਾਦਨ ਕਰਦੇ ਹਨ। ਮੇਰੀ ਪੂਰਵ ਪਰੰਪਰਾ ਦੀ ਪ੍ਰਗਤੀਵਾਦੀ-ਰੁਮਾਂਸਵਾਦੀ ਧਾਰਾ ਦਾ ਬਹੁਤਾ ਸਾਹਿਤ ਇਸ ਤਰ੍ਹਾਂ ਦਾ ਹੀ ਹੈ।

## ਅੰਕ ਦੇ ਲੇਖਕ: ਰਵਿੰਦਰ ਰਵੀ

**ਮੋਹਨ ਗਿੱਲ :- ਪਹਿਲਾਂ ਪਹਿਲ ਸਾਹਿਤ ਨਾਲ ਹੋਈ ਮੁਲਾਕਾਤ ਤੁਹਾਨੂੰ ਕਿਵੇਂ ਲੱਗੀ?**

ਰਵਿੰਦਰ ਰਵੀ :- ਜਿਵੇਂ ਕਿਸੇ ਅਰੇਂਜ ਮੈਰਿਜ (ਜੁਗਾੜੂ ਵਿਆਹ) ਵਾਲੇ ਜੋੜੇ ਦੀ ਮੁਕਲਾਵੇ ਦੀ ਰਾਤ ਹੋਵੇ। ਉਸ ਸਮੇਂ ਸਭ ਕੁਝ ਆਪਣਾ ਹੋਣ ਦੇ ਬਾਵਜੂਦ ਵੀ ਅਣਜਾਣਿਆ, ਅਣ ਸਮਝਿਆ ਅਤੇ ਅਜਨਬੀ ਹੁੰਦਾ ਹੈ। ਇਹ ਅਨੁਭਵਿਆ ਅਤੇ ਪ੍ਰਤੀਤਿਆ ਨਹੀਂ ਹੁੰਦਾ। ਬੱਸ ਘੁੰਡ ਚੁੱਕਣ ਤੋਂ ਬਾਅਦ ਹੀ ਜ਼ਿੰਦਗੀ ਦੇ ਉਹ ਕਰਤਾਰੀ ਕਰਮ ਅਤੇ ਹੁਸਨ ਦੇ ਸਾਖਸ਼ਾਤ ਦੀਦਾਰ ਹੁੰਦੇ ਹਨ। ਪਹਿਲੀ ਰਚਨਾ ਦੇ ਕੁਆਰੇਪਨ ਦਾ ਅੱਜ ਵੀ ਮੈਨੂੰ ਮੰਦ ਮੰਦ ਅਹਿਸਾਸ ਹੈ। ਜਿੱਥੇ ਇਹ ਫ਼ਰਜ ਕਰਕੇ ਲਿਖਿਆ ਹੁੰਦਾ ਹੈ, ਮੈਂ ਜਿਉ ਕੇ ਲਿਖਣਾ ਚਾਹੁੰਦਾ ਹਾਂ। ਇਸੇ ਲਈ ਪੀੜ੍ਹੀ ਪਾੜੇ ਵਿੱਚ ਸ਼ਿੱਦਤ ਤੇ ਤੀਖਣਤਾ ਭਰਿਆ ਟਕਰਾਓ ਆਉਣਾ ਸੁਭਾਵਿਕ ਸੀ।

**ਮੋਹਨ ਗਿੱਲ:- ਤੁਹਾਡੀਆ ਨਜ਼ਰਾਂ ਵਿਚ ਲੇਖਕ ਨੂੰ ਸਾਹਿਤ ਪੜ੍ਹਨਾ ਕਿੰਨਾ ਕੁ ਜਰੂਰੀ ਹੈ?**

ਰਵਿੰਦਰ ਰਵੀ :- ਇਕ ਲੇਖਕ ਦਾ ਪਾਠਕ ਹੋਣਾ ਬਹੁਤ ਜਰੂਰੀ ਹੈ। ਜੇ ਉਹ ਚੰਗਾ ਪਾਠਕ ਹੋਵੇਗਾ ਤਾਂ ਉਹ ਵਧੀਆ ਲੇਖਕ ਬਣ ਸਕੇਗਾ। ਸਾਹਿਤ ਦੀ ਰਚਨਾ ਦੇ ਨਾਲ ਨਾਲ ਸ਼ਬਦ ਦੇ ਇਤਿਹਾਸ ਦੇ ਦਰਸ਼ਨ ਵਿਚ ਡੂੰਘੀਆਂ ਚੁੱਭੀਆਂ ਮਾਰਨੀਆਂ ਬਹੁਤ ਜਰੂਰੀ ਹਨ।



ਬਲਵੰਦ ਗਰਗੀ ਦੇ ਨਾਲ ਰਵਿੰਦਰ ਰਵੀ

ਨਹੀਂ ਤਾਂ ਸਾਹਿਤ ਖੂਹ ਦੇ ਡੱਡੂ ਵਾਂਗੂ ਸੀਮਤ ਹੋ ਜਾਵੇਗਾ। ਅੱਜ ਦਾ ਯੁੱਗ ਗਲੋਬਲ ਯੁੱਗ ਹੈ। ਇਸ ਵਿਚ ਤੁਹਾਨੂੰ ਹੋਰ ਭਾਸ਼ਾਵਾਂ ਦੇ ਸਾਹਿਤ ਦਾ ਅਧਿਅਨ ਵੀ ਜਰੂਰੀ ਹੈ। ਹੁਣ ਤਾਂ ਬਹੁਤ ਸਾਰੀਆਂ ਹੋਰ ਭਾਸ਼ਾਵਾਂ ਦਾ ਅੰਗਰੇਜ਼ੀ ਅਤੇ ਪੰਜਾਬੀ ਵਿਚ ਅਨੁਵਾਦ ਹੋ ਚੁੱਕਾ ਹੈ। ਫਿਲਾਸਫੀ, ਮਨੋਵਿਗਿਆਨ ਤੇ ਗਿਆਨ ਸਾਹਿਤ ਦਾ ਪੂਰਾ ਭੰਡਾਰ ਇੰਟਰਨੈਟ ਉੱਤੇ ਉਪਲੱਬਧ ਹੈ। ਪਾਰ-ਭਾਸ਼ੀ ਅਧਿਐਨ ਅਜੋਕੇ ਲੇਖਕ ਦੀ ਜੀਵਨ ਸ਼ੈਲੀ ਬਣ ਜਾਣਾ ਚਾਹੀਦਾ ਹੈ।

## ਅੰਕ ਦੇ ਲੇਖਕ: ਰਵਿੰਦਰ ਰਵੀ

**ਮੋਹਨ ਗਿੱਲ:- ਤੁਸੀਂ ਆਪ ਕਿਸ ਤਰ੍ਹਾਂ ਦਾ ਸਾਹਿਤ ਪੜ੍ਹਨਾ ਪਸੰਦ ਕਰਦੇ ਹੋ?**

ਰਵਿੰਦਰ ਰਵੀ :- ਮੈਂ ਕਵਿਤਾ, ਨਾਟਕ, ਕਹਾਣੀ, ਨਾਵਲ, ਜੀਵਨੀ, ਸਵੈ ਜੀਵਨੀ, ਸਫਰਨਾਮਾ ਅਤੇ ਵਾਰਤਕ ਸਭ ਤਰ੍ਹਾਂ ਦਾ ਸਾਹਿਤ ਪੜ੍ਹਨਾ ਪਸੰਦ ਕਰਦਾ ਹਾਂ। ਮੈਂ ਇਕ ਬਹੁ-ਵਿਧਾਈ ਲੇਖਕ ਹਾਂ। ਅੰਗਰੇਜ਼ੀ ਵਿਚ ਜਿੱਥੇ ਮੈਂ ਸੰਸਾਰ ਦੀਆਂ ਬਹੁਤ ਸਾਰੀਆਂ ਬੋਲੀਆਂ ਜਿਵੇਂ ਜਰਮਨ, ਯੂਨਾਨੀ, ਫਰੈਂਚ, ਰੂਸੀ, ਪੂਰਬੀ ਯੂਰਪਿਆਈ, ਏਸ਼ੀਅਨ ਤੇ ਅਫਰੀਕਨ ਬੋਲੀਆਂ ਦਾ ਸਾਹਿਤ ਪੜ੍ਹਿਆ ਹੈ, ਉਥੇ ਮੈਂ ਉਰਦੂ, ਹਿੰਦੀ ਅਤੇ ਪੰਜਾਬੀ ਦਾ ਵੀ ਬਹੁਤ ਸਾਰਾ ਸਾਹਿਤ ਪੜ੍ਹਿਆ ਹੈ। ਭਾਰਤ, ਕੀਨੀਆ ਅਤੇ ਕੈਨੇਡਾ ਵਿਖੇ ਕਿੱਤੇ ਵਜੋਂ ਅੰਗਰੇਜ਼ੀ ਸਾਹਿਤ ਦਾ ਅਧਿਆਪਕ ਹੋਣ ਕਰਕੇ ਇਕ ਵਰ ਅਤੇ ਸਰਾਪ ਹੋਣ ਦੇ ਨਾਲ ਨਾਲ ਇਕ ਪ੍ਰੇਰਨਾ ਦਾ ਸੋਮਾ ਵੀ ਸਿੱਧ ਹੋਇਆ ਹੈ। ਮੈਨੂੰ ਅੱਜ ਇਸ ਤਰ੍ਹਾਂ ਲੱਗਦਾ ਹੈ ਕਿ ਸਾਹਿਤ ਪੜ੍ਹਨਾ, ਲਿਖਣਾ, ਪੜ੍ਹਾਉਣਾ ਤੇ ਜਿਉਣਾ ਮੇਰੀ ਇਕ ਤਰਾਂ ਨਾਲ ਪਹਿਚਾਣ ਅਤੇ ਜੀਵਨ ਸ਼ੈਲੀ ਬਣ ਚੁੱਕਾ ਹੈ।





ਰਵਿੰਦਰ ਰਵੀ ਦੀ ਪੋਤ ਨੂੰਹ ਪ੍ਰਭਲੀਨ ਕੌਰ ਸ਼ੇਰਗਿੱਲ ਨੂੰ ਸੁਪਰੀਮ ਕੌਰਟ (ਕੈਨੇਡਾ) ਦੀ ਪਹਿਲੀ ਸਿੱਖ ਇਸਤਰੀ ਜੱਜ ਹੋਣ ਦਾ ਮਾਣ ਪ੍ਰਾਪਤ ਹੈ

**ਮੋਹਨ ਗਿੱਲ :- ਤੁਹਾਡੇ ਜੀਵਨ ਅਤੇ ਸਾਹਿਤਕ ਜੀਵਨ ਵਿਚ ਉਹ ਕਿਹੜੀਆਂ ਸਾਹਿਤਕ ਕ੍ਰਿਤਾਂ ਹਨ ਜਿਨਾਂ ਨੇ ਮਹੱਤਵਪੂਰਨ ਰੋਲ ਅਦਾ ਕੀਤਾ ਹੈ?**

ਰਵਿੰਦਰ ਰਵੀ :- ਜਿੰਦਗੀ ਦੇ ਵੱਖ ਵੱਖ ਪੜਾਵਾਂ ਉੱਤੇ ਬਹੁਤ ਸਾਰੀਆਂ ਰਚਨਾਵਾਂ ਹਨ ਜਿਨਾਂ ਨੇ ਬਹੁਤ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਜੇ ਕੁਝ ਚੋਣਵਿਆਂ ਦੀ ਗੱਲ ਕਰਨੀ ਹੋਵੇ ਤਾਂ ਸੂਚੀ ਹਾਜ਼ਰ ਕਰ ਸਕਦਾ ਹਾਂ।

## ਅੰਕ ਦੇ ਲੇਖਕ: ਰਵਿੰਦਰ ਰਵੀ

ਪੂਰਵ-ਈਸਾ-ਕਾਲ ਦੇ ਯੂਨਾਨੀ ਦੁਖਾਂਤ (tragedies) ਕਮਾਲ ਦੀਆਂ ਲਿਖਤਾਂ ਹਨ। ਸੋਫੋਕਲੀਜ, ਯੂਰੀਪਡੀਜ਼, ਅਸਕਾਈਲਸ, ਟਾਲਸਟਾਏ, ਗੋਰਕੀ, ਚੈਖਵ, ਦਸੋਤੋਵਸਕੀ, ਪਾਸਤਰਨਾਕ, ਸੋਲਜ਼ੇਨਿਤਸਨ, ਸਾਰਤ (ਰ), ਕਾਮੂੰ, ਕਾਫਕਾ, ਹੈਨਰੀ ਮਿੱਲਰ, ਸਿਮਨ ਡਿਬਆ, ਸ਼ੈਕਸ਼ਪੀਅਰ, ਬਰਨਾਰਡ ਸ਼ਾਹ, ਪਿੰਟਰ, ਇਬਸਨ, ਡੀ. ਐਚ. ਲਾਰੰਸ, ਜਾਨ ਔਸਬੋਰਨ, ਵਰਡਜ਼ਵਰਥ, ਮਿਲਟਨ, ਬਰਾਉਨਿੰਗ, ਬਲੇਕ, ਯੇਟਸ, ਗਿਨਜ਼ਬਰਗ, ਕਿੰਗਜ਼ਲੇ ਏਮਜ਼, ਇਲੀਅਟ, ਐਜ਼ਰਾ ਪਾਊਂਡ, ਲਾਰੰਸ ਡਿਊਰੈਲ, ਬੈਰਤ, ਬਰੈਖਤ, ਸੈਮ ਸ਼ੈਪਰਡ, ਟੈਨੇਸੀ ਵਿਲੀਅਮਜ਼, ਸਮਰਸੈਟ ਮਾਅਮ, ਐਲਨ ਪੈਟਨ, ਚਿਨੂਆ ਅਚੇਬੀ, ਵੋਲੇ ਸੋਯਿਨਕਾ, ਅਗੇਯ, ਗਿਰਜਾ ਕੁਮਾਰ ਮਾਥੁਰ, ਡਾ. ਧਰਮਵੀਰ ਭਾਰਤੀ, ਬਚਨ, ਜਗਦੀਸ਼ ਚਤੁਰਵੇਦੀ, ਸਰਵੇਸ਼ਵਰ ਦਿਆਲ ਸਕਸੈਨਾ, ਕੁਮਾਰ ਵਿਕਲ, ਗਾਲਬ, ਸਆਦਤ ਹਸਨ ਮੰਟੋ, ਰਾਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ, ਮੀਰਾ ਜੀ, ਡਾ. ਵਜ਼ੀਰ ਆਗਾ, ਨ. ਮ. ਰਾਸ਼ਦ, ਸ਼ੇਖ ਫਰੀਦ, ਗੁਰੂ ਨਾਨਕ, ਦਮੋਦਰ, ਵਾਰਸ, ਹਾਸ਼ਮ, ਸ਼ਾਹ ਮੁਹੰਮਦ, ਫਜ਼ਲ ਸ਼ਾਹ, ਭਾਈ ਵੀਰ ਸਿੰਘ, ਪੂਰਨ ਸਿੰਘ, ਕਾਲੇਪਾਣੀ, ਮੋਹਨ ਸਿੰਘ, ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ, ਅੰਮ੍ਰਿਤਾ ਪ੍ਰੀਤਮ, ਦੇਵਿੰਦਰ ਸਤਿਆਰਥੀ, ਕਰਤਾਰ ਸਿੰਘ ਦੁੱਗਲ, ਪ੍ਰੀਤਮ ਸਿੰਘ ਸਫੀਰ, ਡਾ. ਹਰਭਜਨ ਸਿੰਘ, ਤਾਰਾ ਸਿੰਘ, ਡਾ. ਜਸਵੰਤ ਸਿੰਘ ਨੇਕੀ, ਅਜੀਤ ਕੌਰ, ਬਚਿੰਤ ਕੌਰ, ਡਾ. ਸੁਰਜੀਤ ਸਿੰਘ ਸੇਠੀ, ਸ. ਸ. ਮੀਸ਼ਾ, ਸੁਖਪਾਲਵੀਰ ਸਿੰਘ ਹਸਰਤ, ਦਲੀਪ ਕੌਰ ਟਿਵਾਣਾ, ਕੁਲਵੰਤ ਸਿੰਘ ਵਿਰਕ, ਸੁਜਾਨ ਸਿੰਘ ਆਦਿ ਕਿਸ ਕਿਸ ਦਾ ਨਾਂ ਲਵਾਂ..................। ਇਹ ਲਿਸਟ ਬਹੁਤ ਲੰਬੀ ਹੈ। ਸਾਹਿਤ ਤੋਂ ਬਿਨਾਂ ਮੈਂ ਫਿਲਾਸਫੀ, ਮਨੋਵਿਗਿਆਨ ਅਤੇ ਆਧੁਨਿਕ ਮੰਚ ਟੈਕਨੀਕ ਦਾ ਵੀ ਡੂੰਘਾ ਅਧਿਐਨ ਕੀਤਾ ਹੈ।



ਰਵਿੰਦਰ ਰਵੀ ਦੇ ਪਿਤਾ ਜੀ
ਪ੍ਰੋ. ਪਿਆਰਾ ਸਿੰਘ ਗਿੱਲ

**ਮੋਹਨ ਗਿੱਲ :- ਅੱਜ ਤੁਸੀਂ ਜੀਵਨ ਦੇ ਚੁਰਾਸੀਵੇਂ ਵਰ੍ਹੇ ਵਿਚੋਂ ਗੁਜ਼ਰ ਰਹੇ ਹੋ। ਤੁਹਾਡੇ ਜੀਵਨ ਤਜ਼ੁਰਬੇ ਅਨੁਸਾਰ ਕਿਹੋ ਜਿਹਾ ਸਾਹਿਤ ਲਿਖਿਆ ਜਾਣਾ ਚਾਹੀਦਾ ਹੈ?**

ਰਵਿੰਦਰ ਰਵੀ :- ਐਸਾ ਸਾਹਿਤ ਜੋ ਜ਼ਿੰਦਗੀ ਨੂੰ ਵਚਨਬੱਧ ਹੋਵੇ, ਸਮਰਪਿਤ ਹੋਵੇ, ਜੋ ਸੱਚਾ ਸੁੱਚਾ ਹੋਵੇ। ਇਸ ਸਭ ਦੇ ਨਾਲ ਨਾਲ ਉਹ ਰਚਨਾਤਮਕ ਅਤੇ ਕਲਾਤਮਕ ਗੁਣਾਂ ਨਾਲ ਭਰਪੂਰ ਹੋਵੇ। ਉਸ ਵਿਚ ਸਹਿਜ ਅਤੇ ਸੁਹਜ ਹੋਵੇ।

## ਅੰਕ ਦੇ ਲੇਖਕ: ਰਵਿੰਦਰ ਰਵੀ

**ਮੋਹਨ ਗਿੱਲ :- ਸਾਹਿਤ ਤੁਹਾਡੇ ਲਈ ਕੀ ਹੈ?**

ਰਵਿੰਦਰ ਰਵੀ :- ਮੇਰੀ ਜਾਚੇ ਰਚਨਾ ਰਚਨਹਾਰੇ ਦਾ ਰਚਨਾਤਮਕ ਆਪਾ ਹੁੰਦੀ ਹੈ। ਸਾਹਿਤ ਮਾਰਗ ਵੀ ਹੈ, ਮਾਰਗ ਦਰਸ਼ਨ ਵੀ, ਪ੍ਰਸ਼ਨ ਵੀ ਹੈ, ਪਹਿਚਾਣ ਵੀ ਹੈ ਤੇ ਉੱਤਰ ਵੀ ਹੈ।

**ਮੋਹਨ ਗਿੱਲ :- ਲੇਖਕ ਦੀ ਇਕ ਰਚਨਾ ਕਦੋਂ ਸੰਪੂਰਨ ਸਮਝੀ ਜਾ ਸਕਦੀ ਹੈ? ਤੁਸੀਂ ਅਪਣੀਆਂ ਛਪ ਚੁੱਕੀਆ ਰਚਨਾਵਾਂ ਵਿਚ ਵੀ ਕਦੇ ਸੋਧ ਕਰਦੇ ਹੋ ਜਾਂ ਉਨ੍ਹਾਂ ਨੂੰ ਅੰਤਮ ਸਮਝਦੇ ਹੋ?**

ਰਵਿੰਦਰ ਰਵੀ :- ਮੈਂ ਪ੍ਰੋੜ ਪਾਠਕਾਂ ਅਤੇ ਲੇਖਕਾਂ ਦੀ ਰਾਏ ਦਾ ਹਮੇਸ਼ਾ ਸਤਿਕਾਰ ਕਰਦਾ ਹਾਂ। ਰਚਨਾ ਕਿਸੇ ਵੀ ਸਮੇਂ ਸੋਧੀ ਜਾ ਸਕਦੀ ਹੈ। ਜਦੋਂ ਵੀ ਮਹਿਸੂਸ ਹੋਵੇ ਕਿ ਹੋਰ ਸੋਧ ਦੀ ਲੋੜ੍ਹ ਹੈ ਤਾਂ ਹਿਚਕਚਾਉਣਾ ਨਹੀ ਚਾਹੀਦਾ। ਐਸੀ ਸੋਧ ਦਾ ਮੈਂ ਫੁੱਟ ਨੋਟ ਦੇ ਤੌਰ 'ਤੇ ਹਵਾਲਾ ਵੀ ਦੇ ਦਿੰਦਾ ਹਾਂ।

ਉਦਾਹਰਨ ਦੇ ਤੌਰ 'ਤੇ ਮੈਂ ਆਪਣੇ ਗੀਤ ਨਾਟਕ "ਰੂਹ ਪੰਜਾਬ ਦੀ" ਦਾ ਇਕ ਪੂਰਾ ਦ੍ਰਿਸ਼ ਦੂਜੀ ਐਡੀਸ਼ਨ ਲਈ ਨਵਾਂ ਲਿਖਿਆ ਤੇ ਉਸ ਵਿਚ ਐਡ ਕੀਤਾ। ਕਈ ਵਾਰ ਮੈਂ ਪਾਠਕਾਂ ਦੀ ਰਾਏ ਹਵਾਲੇ ਦੇ ਤੌਰ 'ਤੇ ਅਗਲੀ ਪੁਸਤਕ ਵਿਚ ਛਾਪ ਦਿੰਦਾ ਹਾਂ।

**ਮੋਹਨ ਗਿਲ: ਪੰਜਾਬ ਰਹਿੰਦੇ ਹੋਏ ਹੀ ਤੁਹਾਡਾ ਨਾਮ ਕਵੀ ਦੇ ਤੌਰ 'ਤੇ ਸਥਾਪਤ ਹੋ ਚੁੱਕਾ ਸੀ। ਤੁਸੀਂ ਫਿਰ ਕੀਨੀਆਂ ਵਿੱਚ ਰਹੇ ਤੇ ਬਾਅਦ ਵਿੱਚ ਕੈਨੇਡਾ ਆਏ। ਅੱਜ ਕੱਲ ਤੁਸੀਂ ਕੈਨੇਡਾ ਵਿੱਚ ਰਹਿੰਦੇ ਹੋ। ਇਸ ਦੌਰਾਨ ਤੁਸੀਂ ਵਿਸ਼ਾਲ ਦੇਸ਼ਾਰਟਨ ਵੀ ਕੀਤਾ ਹੈ। ਕੀ ਇਨ੍ਹਾਂ ਦੇਸ਼ਾਂ ਵਿੱਚ ਰਹਿਣ ਨੇ ਤੁਹਾਡਾ ਸਾਹਿਤ ਰਚਨ ਦਾ ਦਾਇਰਾ ਵਿਸ਼ਾਲ ਕੀਤਾ ਹੈ?**

ਰਵਿੰਦਰ ਰਵੀ : ਮੇਰਾ ਵਧੇਰੇ ਸਾਹਿਤ ਸਵੈਜੀਵਨੀਆਤਮਿਕ ਹੈ। ਵੱਖ ਵੱਖ ਦੇਸ਼ਾਂ ਦੇ ਰਟਨ ਨੇ ਜਿੱਥੇ ਮੇਰੇ ਅਨੁਭਵ-ਖੇਤਰ ਵਿੱਚ ਵਿਸ਼ਾਲਤਾ ਲਿਆਂਦੀ, ਉੱਥੇ ਮੇਰੇ ਦ੍ਰਿਸ਼ਟੀਕੋਣ ਨੂੰ ਵੀ ਵਿਵਿਧ ਤੇ ਵਿਲੱਖਣ ਬਣਾਇਆ। ਵੱਖ ਵੱਖ ਦੇਸ਼ਾਂ, ਕੌਮਾਂ ਤੇ ਸੱਭਿਆਚਾਰਾਂ ਦੀ ਇਸ ਵਿਵਿਧਤਾ ਵਿੱਚੋਂ ਹੀ, ਮੈਂ ਸਦਾ ਵਿਆਪਕ ਯਥਾਰਥ ਦੀ ਤਲਾਸ਼ ਕਰਦਾ ਰਿਹਾ ਹਾਂ। ਯਥਾਰਥ ਸਦਾ ਬਣਦੇ ਰਹਿਣ ਦੀ ਅਵਸਥਾ ਵਿੱਚ ਵਿਕਾਸਸ਼ੀਲ ਰਹਿੰਦਾ ਹੈ। ਸਮੇਂ ਦੇ ਨਾਲ, ਦ੍ਰਿਸ਼ਟੀਕੋਣ ਦੀ ਵਿਸ਼ਾਲਤਾ ਇਸ ਨੂੰ ਜਾਣਦੀ ਤੇ ਪਹਿਚਾਣਦੀ ਹੈ। ਇਹ ਪਛਾਣ ਹੀ ਰਚਨਾ ਦਾ ਆਧਾਰ ਬਣਦੀ ਹੈ। ਇਸ ਤਰ੍ਹਾਂ ਮੇਰਾ ਸਾਹਿਤ ਦ੍ਰਿਸ਼ਟੀ ਤੇ ਦਰਸ਼ਨ ਦੇ ਨਵੇਂ ਨਵੇਂ ਸਮੀਕਰਨ ਸਿਰਜਦਾ ਹੈ। ਇਹ

## ਅੰਕ ਦੇ ਲੇਖਕ: ਰਵਿੰਦਰ ਰਵੀ



ਡਾ. ਦਲੀਪ ਕੌਰ ਟਿਵਾਣਾ ਤੇ ਡਾ. ਹਰਚਰਨ ਸਿੰਘ ਦੇ ਨਾਲ ਰਵਿੰਦਰ ਰਵੀ

ਕਿਸੇ ਇਕ ਦੇਸ਼ ਜਾਂ ਇਕ ਖਿੱਤੇ ਬਾਰੇ ਹੁੰਦਾ ਹੋਇਆ ਵੀ, ਮਨੁੱਖਤਾ ਦੀ ਵਿਆਪਕ ਵਿਵਿਧਤਾ ਦੀ ਬਾਤ ਪਾਉਂਦਾ ਹੈ। ਸ਼ਾਇਦ ਇਸੇ ਲਈ ਮੇਰੇ ਕੁਝ ਆਲੋਚਕਾਂ ਨੇ ਮੈਨੂੰ ਬ੍ਰਹਮੰਡਕ ਤੇ ਗਲੋਬਲ ਚਿੰਤਨ ਦਾ ਲੇਖਕ ਆਖਿਆ ਹੈ:

ਸ਼ੋਰ ਦੀ ਭਾਸ਼ਾ ਵਿੱਚੋਂ ਲੰਘੇ,  
ਚੁੱਪ ਦੀ ਭਾਸ਼ਾ ਸਹਿ ਗਏ।  
ਆਪਣੇ ਜੇਡੀ ਦੇ ਕੱਥਦੇ ਕੱਥਦੇ,  
ਬ੍ਰਹਮੰਡ ਜੇਡੀ ਕਹਿ ਗਏ।  
(ਕਵਿਤਾ: ''ਸੂਰਜ ਤੇਰਾ ਮੇਰਾ'' ਵਿੱਚੋ,  
ਪੁਸਤਕ: 'ਸੂਰਜ ਤੇਰਾ ਮੇਰਾ''-1989)

### ਮੋਹਨ ਗਿੱਲ : ਤੁਸੀਂ ਨਾਵਲ ਕਿਉਂ ਨਹੀਂ ਲਿਖਿਆ?

ਰਵਿੰਦਰ ਰਵੀ: ਮੈਂ ਮਹਾਂ-ਕਾਵਿ ਵੀ ਨਹੀਂ ਲਿਖਿਆ।

ਮੇਰੀਆਂ ਕਈ ਕਹਾਣੀਆਂ, ਜਿਵੇਂ ''ਆਪਣਾ ਆਪਣਾ ਦੇਸ਼'', ''ਬਟਵਾਰਾ'' ਤੇ ''ਜੁਰਮ ਦੇ ਪਾਤਰ'' ਆਦਿ ਦੀ ਪ੍ਰਕਿਰਤੀ ਜਾਂ ਕੈਨਵਸ, ਨਾਵਲੀ ਹੈ। ਜੇ ਗੱਲ ਥੋੜੇ ਸ਼ਬਦਾਂ ਵਿੱਚ ਆਖੀ ਜਾ ਸਕਦੀ ਹੋਵੇ, ਤਾਂ ਉਸ ਵਿੱਚ ਫਾਲਤੂ ਵਿਸਥਾਰ ਦੀ ਕੀ ਲੋੜ ਹੈ? ਮੇਰੀ ਕਹਾਣੀ ''ਕੰਪਿਊਟਰ ਕਲਚਰ'' ਵਿੱਚ ਵੀ ਤਿੰਨ ਪੀੜ੍ਹੀਆਂ ਦੇ ਕਿਰਦਾਰ ਆਪੋ ਆਪਣੇ ਢੰਗ ਵਿੱਚ ਵਿਚਰਦੇ ਹੋਏ, ਵਿਲੱਖਣ ਅੰਦਾਜ਼ ਵਿੱਚ, ਆਉਣ ਵਾਲੇ ਯੁੱਗ ਦੀ ਬਾਤ ਪਾਉਂਦੇ ਹਨ। ਆਪਣੇ ਸਮੇਂ ਤੋਂ ਪਹਿਲਾਂ ਲਿਖੀ ਇਹ ਕਹਾਣੀ, ਭਵਿੱਖ-ਦਰਸ਼ੀ ਹੈ।

ਕਾਵਿ-ਨਾਟਕ ਮੇਰੇ ਸੁਭਾ ਅਨੁਕੂਲ ਵਧੇਰੇ ਹਨ। ਇਨ੍ਹਾਂ ਵਿੱਚੋਂ ਵੀ ਕੁਝ ਆਕਾਰ ਵਿੱਚ ਛੋਟੇ ਪਰ ਪ੍ਰਭਾਵ ਵਿੱਚ ਵਡੇਰੇ ਹਨ।

## ਅੰਕ ਦੇ ਲੇਖਕ: ਰਵਿੰਦਰ ਰਵੀ

ਉਚੇਚਾ ਯਤਨ ਕਰਕੇ ਜਾਂ ਮੱਲੋ ਮੱਲੀ ਜ਼ੋਰ ਲਾ ਕੇ ਤਾਂ ਮੈਂ ਚਿੱਠੀ ਵੀ ਨਹੀ ਲਿਖ ਸਕਦਾ, ਫਿਰ ਨਾਵਲ ਤਾਂ ਬੜੀ ਦੂਰ ਦੀ ਗੱਲ ਹੈ। ਚਿੰਤਨ ਮੰਥਨ ਪਿੱਛੋਂ, ਮੇਰੀ ਹਰ ਰਚਨਾ ਇਕ ਸਹਿਜ ਆਮਦ ਹੁੰਦੀ ਹੈ। ਇਹ ਸੁਭਾਵਕ ਤੌਰ 'ਤੇ ਮੇਰੇ ਉੱਤੇ ਘਟਦੀ ਹੈ। ਇਹ ਨਿਰਯਤਨ ਆਤਮ ਪ੍ਰਕਾਸ਼ ਹੈ।

**ਮੋਹਨ ਗਿੱਲ : ਸਾਹਿਤ ਦੇ ਪਾਠਕਾਂ ਤੇ ਹੋਰ ਲੇਖਕਾਂ ਲਈ ਤੁਹਾਡਾ ਕੀ ਸੁਨੇਹਾ ਹੈ?**

ਰਵਿੰਦਰ ਰਵੀ : ਆਧੁਨਿਕ ਤੇ ਉੱਤਰ ਆਧੁਨਿਕ ਸਾਹਿਤ, ਵਧੇਰੇ ਕਰਕੇ, ਬਹੁ-ਪਰਤੀ, ਬਹੁ-ਦਿਸ਼ਾਵੀ, ਪ੍ਰਤੀਕਾਤਮਕ ਅਤੇ ਸੁਝਾਊ ਹੁੰਦਾ ਹੈ। ਇਸ ਲਈ ਪਾਠ ਕਾਰਜ ਦੌਰਾਨ, ਇਹ ਪਾਠਕਾਂ ਦੀ ਬੌਧਿਕ ਸ਼ਮੂਲੀਅਤ ਦੀ ਮੰਗ ਕਰਦਾ ਹੈ। ਚਿੰਤਨ ਮੰਥਨ ਦੁਆਰਾ, ਇਸ ਨਾਲ ਸੰਵਾਦ ਰਚਾ ਕੇ ਹੀ, ਇਸਦੀ ਤਹਿ ਤਕ ਪਹੁੰਚਿਆ ਜਾ ਸਕਦਾ ਹੈ। ਕਈ ਵਾਰ ਲੇਖਕ, ਪਾਠਕ ਨੂੰ ਉਸਦੇ ਸਮੇਂ ਤੋਂ ਅਗਾਂਹ ਤੋਰਨਾ ਚਾਹੁੰਦਾ ਹੈ। ਅਜਿਹੀ ਸਥਿਤੀ ਵਿੱਚ, ਪਾਠਕ ਤੇ ਲੇਖਕ ਵਿੱਚਕਾਰ, ਸੰਵੇਦਨਾ-ਪਾੜਾ (Sensibility Gap ) ਦਾ ਆ ਜਾਣਾ, ਸੁਭਾਵਕ ਹੀ ਹੈ। ਅਜਿਹੀਆਂ ਲਿਖਤਾਂ ਨੂੰ ਇਕ ਤੋਂ ਵਧੇਰੀ ਵਾਰ ਪੜ੍ਹਨ ਦੀ ਲੋੜ ਹੁੰਦੀ ਹੈ। ਅਜੋਕੇ ਆਧੁਨਿਕ ਤੇ ਉੱਤਰ ਆਧੁਨਿਕ ਸਾਹਿਤ ਦੀ ਪ੍ਰਕਿਰਤੀ ਬੌਧਿਕ, ਦਾਰਸ਼ਨਿਕ ਤੇ ਮਨੋਵਿਗਿਆਨਕ ਹੈ। ਇਹ ਪਾਠਕ ਲਈ ਪ੍ਰਸ਼ਨ ਵੀ ਖੜੇ ਕਰਦਾ ਹੈ ਤੇ ਉਸ ਲਈ ਚੁਣੌਤੀ ਵੀ ਬਣਦਾ ਹੈ। ਇਸ ਦੇ ਪਠਨ ਪਾਠਨ 'ਚੋਂ ਬੌਧਿਕ ਆਨੰਦ ਪ੍ਰਾਪਤ ਹੁੰਦਾ ਹੈ।



**ਰਘਬੀਰ ਸਿਰਜਣਾ, ਰਵਿੰਦਰ ਰਵੀ ਡਾ. ਐਮ. ਐਸ. ਰੰਧਾਵਾ, ਪ੍ਰਿੰ. ਸੰਤ ਸਿੰਘ ਸੇਖੋ**

**ਮੋਹਨ ਗਿੱਲ**
**ਕੈਨਡਾ**
**+(778) 908 0914**

ਕਹਾਣੀ

# ਭੂਤ ਨਗਰ (GhostTown)

ਰਵਿੰਦਰ ਰਵੀ

ਰਵਿੰਦਰ ਰਵੀ ਕੈਨੇਡਾ ਵੱਸਦਾ ਪੰਜਾਬੀ ਦਾ ਪ੍ਰਸਿੱਧ ਲੇਖਕ ਹੈ। ਹੁਣ ਤੱਕ ਉਸਦੇ 21 ਕਾਵਿ-ਸੰਗ੍ਰਹਿ, 16 ਨਾਟਕ ਅਤੇ 9 ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਉਸ ਦੀਆਂ ਕਈ ਪੁਸਤਕਾਂ ਪਾਕਿਸਤਾਨ ਵਿਖੇ ਸ਼ਾਹਮੁਖੀ ਲਿਪੀ ਵਿੱਚ ਵੀ ਅਨੁਵਾਦਿਤ ਹੋ ਚੁੱਕੀਆਂ ਹਨ।



ਜੀਨ ਕਨਿਸਕੀ ਮੈਨੂੰ ਪਹਿਲੀ ਵਾਰ "ਨੈਸ ਕੈਂਪ" ਵਿਚ ਹੀ ਮਿਲਿਆ ਸੀ। ਇਮਾਰਤੀ ਲੱਕੜੀ ਬਨਾਉਣ ਵਾਲੇ ਕਾਰਖ਼ਾਨੇ ਦਾ ਇਹ ਇਕ ਆਰਜ਼ੀ ਕੈਂਪ ਸੀ, ਜਿਸ ਵਿਚ ਏਸੇ ਆਰਾ ਮਿੱਲ (Saw Mill) ਲਈ ਜੰਗਲ ਵਿਚੋਂ ਰੁੱਖ ਕੱਟ ਕੇ ਲਿਆਉਣ ਵਾਲੇ ਲੌਗਰਜ਼ (Loggers) ਦਾ ਵਾਸ ਸੀ। ਟਰੱਕਾਂ ਤੇ ਹੋਰ ਮਸ਼ੀਨਰੀ ਦੀ ਮੁਰੰਮਤ ਕਰਨ ਵਾਲੀ ਏਥੇ ਇਕ ਵੱਡੀ ਤੇ ਫਿਰਤੂ (Mobile) ਵਰਕਸ਼ਾਪ ਵੀ ਸੀ। ਇਹਨੂੰ "ਕੰਪਨੀ ਨਗਰ"
ਵੀ ਕਹਿੰਦੇ ਸਨ ਕਿਉਕਿ ਇਸ ਨੂੰ ਵਸਾਇਆ ਹੀ ਇਸ ਆਰਾ ਮਿੱਲ ਵਾਲੀ ਕੰਪਨੀ ਨੇ ਸੀ। ਪਹੀਆਂ ਉੱਤੇ ਰੋੜ੍ਹਕੇ ਲਿਆਂਦੇ ਚੁੱਕਵੇ ਘਰ (Portable Houses), ਅਪਾਰਟਮੈਂਟਾਂ, ਹੋਰ ਲੋੜੀਦੀਆਂ ਇਮਾਰਤਾਂ ਖੜ੍ਹੀਆਂ ਕਰਕੇ, ਏਥੇ ਇਹ ਕੈਂਪ ਇਕ ਨਗਰ ਦੇ ਰੂਪ ਵਿਚ ਵਸਾ ਦਿੱਤਾ ਗਿਆ ਸੀ, ਜਿਸ ਵਿਚ ਬਿਜਲੀ, ਪਾਣੀ, ਟੈਲੀਫ਼ੋਨ ਤੋਂ ਲੈ ਕੇ ਸਟੋਰ, ਬਾਰ ਜਾਂ ਸ਼ਰਾਬਖਾਨਾ ਆਦਿ ਦੀਆਂ ਸਭ ਸਹੂਲਤਾਂ ਪ੍ਰਾਪਤ ਸਨ। ਏਥੋਂ ਦੀ "ਪੈਰਾਡਾਈਜ਼ ਬਾਰ" ਵਿਚ ਹੀ 'ਜੀਨ' ਮੈਨੂੰ ਪਹਿਲੀ ਵਾਰੀ ਮਿਲਿਆ ਸੀ। ਮੈਂ ਉਸ ਨੂੰ 'ਜੀਨ' ਹੀ ਕਹਿਣ ਲੱਗ ਪਿਆ ਸਾਂ ਤੇ ਉਹ ਮੈਨੂੰ ਮੁਹਿੰਦਰ ਸੰਧੂ ਜਾਂ ਮਿਸਟਰ ਸੰਧੂ ਦੀ ਥਾਂ ਮੇਰੇ ਛੋਟੇ ਕੀਤੇ ਪਹਿਲੇ ਨਾਮ "ਮੋ" ਨਾਲ ਹੀ ਬੁਲਾਉਂਦਾ ਸੀ। ਇਸ ਤਰ੍ਹਾਂ ਅਸੀਂ ਰਸਮੀ ਤੁਆਰਫ਼ ਤੋਂ ਬਾਦ ਇਕ ਦੂਜੇ ਨੂੰ ਛੋਟੇ ਤੇ ਪਹਿਲੇ ਨਾਮ ਨਾਲ ਬੁਲਾਉਣ ਵਾਲੇ ਬੇਤਕੱਲਫ਼ ਸਾਥੀ ਬਣ ਗਏ ਸਾਂ। ਜੀਨ ਨੂੰ ਏਸ ਕੈਂਪ ਨਾਲ ਜੁੜੇ ਹੋਏ ਸਾਰੇ ਕੰਮ ਹੀ ਆਉਂਦੇ ਸਨ। ਉਹ 'ਹਰਫ਼ਨ ਮੌਲਾ' ਸੀ। ਇਮਾਰਤਾਂ ਤੇ ਟਰੱਕਾਂ ਜਾਂ ਮਸ਼ੀਨਰੀ ਦੀ ਮੁਰੰਮਤ ਤੋਂ ਲੈ ਕੇ ਜੰਗਲ ਦੇ ਰੁੱਖ ਵੱਢਣ, ਟਰੱਕ ਚਲਾਉਣ ਅਤੇ ਹੋਰ ਪ੍ਰਬੰਧਕੀ ਕਾਰਜ ਤਕ ਉਹ ਸਭ ਕੁਝ ਕਰ ਲੈਂਦਾ ਸੀ। ਏਥੇ ਉਸ ਦੀ ਬੜੀ ਮੰਗ ਸੀ।

ਕੋਈ ਬੀਮਾਰ ਹੁੰਦਾ, ਜਾਂ ਛੁੱਟੀ ਉੱਤੇ ਜਾਂਦਾ ਤਾਂ ਜੀਨ ਉਸਦੀਆਂ ਸਾਰੀਆਂ ਜ਼ਿੰਮੇਵਾਰੀਆਂ ਸੰਭਾਲ ਲੈਂਦਾ। ਜਿਸ ਸਕੂਲ ਵਿਚ ਮੈਂ ਅਧਿਆਪਕ ਸਾਂ, ਉਹ ਏਥੋਂ 10 ਕਿਲੋਮੀਟਰ ਦੀ ਦੂਰੀ ਉੱਤੇ ਸੀ। ਅਸੀਂ ਅਧਿਆਪਕ ਲੋਕ ਵੀ ਹਵਾ ਬਦਲੀ ਲਈ ਅਕਸਰ ਨੈਸ ਕੈਂਪ ਦੀ ਬਾਰ ਵਿਚ ਸ਼ਰਾਬ ਪੀਣ, ਸੰਗੀਤ ਸੁਨਣ,ਨ੍ਰਿਤ ਵੇਖਣ ਤੇ ਕਰਨ




ਪੰਜਾਬ ਭਵਨ ਸਰੀ ਕੈਨੇਡਾ ਦੀ ਇਕ ਯਾਦਗਾਰੀ ਤਸਵੀਰ

ਆ ਜਾਂਦੇ ਸਾਂ। ਹਫ਼ਤੇ ਵਿਚ ਇਕ, ਦੋ ਜਾਂ ਤਿੰਨ ਗੇੜੇ ਤਾਂ ਲੱਗ ਹੀ ਜਾਂਦੇ ਸਨ। ਏਥੋਂ ਦੇ ਰੈਸਟੋਰੈਂਟ ਵਿਚ ਰਾਤ ਦਾ ਖਾਣਾ ਖਾਂਦੇ ਤੇ ਵਾਪਸ ਪਰਤ ਆਉਂਦੇ। ਏਥੋਂ ਦੀਆਂ ਬਾਰ ਬਾਲਾਵਾਂ ਬੜੀਆਂ ਹੀ ਚੁਸਤ, ਸੁੰਦਰ ਅਤੇ ਮਿਲਾਪੜੀਆਂ ਸਨ। ਸੂਜ਼ਨ ਜਾਂ ਸੂਜ਼ੀ ਲਈ ਤਾਂ ਹਰ ਕੋਈ ਦਿਲ ਵਿਛਾਈ ਫਿਰਦਾ ਸੀ। ਜੀਨ ਵੀ ਉਨ੍ਹਾਂ ਵਿੱਚੋਂ ਇਕ ਸੀ। ਉਸ ਅੰਦਰ ਸੂਜ਼ੀ ਲਈ ਕਬਜ਼ੇ ਦੀ ਭਾਵਨਾ ਹਾਵੀ ਰਹਿੰਦੀ ਸੀ, ਪਰ ਸੂਜ਼ੀ ਸੀ ਕਿ ਇਸ ਮੇਜ਼ ਤੋਂ ਉਸ ਮੇਜ਼ ਤੱਕ ਅਤੇ ਇਸ ਗਾਹਕ ਤੋਂ ਉਸ ਗਾਹਕ ਕੋਲ, ਤਿਤਲੀ ਵਾਂਗ ਉੱਡਦੀ ਫਿਰਦੀ, ਖ਼ੁਸ਼ੀਆਂ ਬਿਖੇਰੀ ਜਾਂਦੀ। ਜੀਨ ਉਸ ਦੇ ਪਿੱਛੇ, ਪਿੱਛੇ ਜਾਂਦਾ ਪਰ ਉਹ ਉਸ ਨੂੰ ਫੜ ਕੇ ਉਸ ਦੇ ਮੇਜ਼ ਦੁਆਲੇ ਲੱਗੀ ਕੁਰਸੀ ਉੱਤੇ ਬਿਠਾ ਦਿੰਦੀ ਤੇ ਤਾੜਨਾ ਕਰਦੀ ਕਿ ਤੇਰਾ ਅਧਿਕਾਰ-ਖੇਤਰ ਕੇਵਲ ਇਸ ਮੇਜ਼ ਤਕ ਸੀਮਤ ਹੈ। ਸ਼ਨਿੱਚਰਵਾਰ ਦੀ ਸ਼ਾਮ ਸੀ ਸ਼ਾਇਦ, ਮੈਂ ਇਕੱਲ ਦੇ ਪ੍ਰਭਾਵ ਨੂੰ ਮਾਰਨ ਲਈ ਨੈਸ ਕੈਂਪ ਦੀ ਬਾਰ ਵਿਚ ਜਾ ਬੈਠਾ। ਸੂਜ਼ੀ ਨੇ ਬਿਨਾਂ ਪੁੱਛੇ ਹੀ ਮੇਰੇ ਪਸੰਦ ਦੀ ਠੰਡੀ ਬੀਅਰ ਮੇਰੇ ਸੌਂਹੇ ਲਿਆ ਰੱਖੀ ਤੇ ਮੇਰੇ ਨਾਲ ਹੀ ਬੈਠ ਕੇ ਬੀਤੇ ਸਮੇਂ ਦੀਆਂ ਸੁਖਾਵੀਆਂ ਯਾਦਾਂ, ਹੱਸ, ਹੱਸ ਕੇ ਸਾਂਝੀਆਂ ਕਰਨ ਲੱਗ ਪਈ। ਮੈਂ ਪੁੱਛਿਆ, "ਅੱਜ ਜੀਨ ਨਹੀਂ ਆਇਆ ?" "ਅਜੇ ਨਹੀਂ ! ਅੱਜ ਉਹ ਲੌਗਿੰਗ ਟਰੱਕ ਲੈ ਕੇ ਗਿਆ ਹੋਇਆ ਹੈ। ਦੇਰ ਨਾਲ ਪਰਤੇਗਾ ?" ਸੰਗੀਤ ਦੀ ਧੁਨ ਉੱਤੇ ਮੈਂ ਸੂਜ਼ੀ ਨਾਲ ਇਕ ਦੋ ਨ੍ਰਿਤ ਕੀਤੇ ਤੇ

## ਅੰਕ ਦੇ ਲੇਖਕ: ਰਵਿੰਦਰ ਰਵੀ

ਫਿਰ ਖ਼ੁਸ਼ੀ ਵਿਚ ਦੂਹਰੀ ਹੁੰਦੀ ਸੂਜ਼ੀ ਨੂੰ ਲੱਕ ਤੋਂ ਫੜੀ ਆਪਣੇ ਟੇਬਲ ’ਤੇ ਲੈ ਆਇਆ। ਇਸੇ ਸਮੇਂ ਜੀਨ ਵੀ ਸ਼ਾਇਦ ਦਰਵਾਜ਼ੇ ਵਿੱਚੋਂ ਬਾਰ ਦੇ ਅੰਦਰ ਦਾਖ਼ਲ ਹੋਇਆ ਸੀ। ਉਸ ਦੇ ਚਿਹਰੇ ਉੱਤੇ ਅਜੀਬ ਕਿਸਮ ਦੇ ਪ੍ਰਭਾਵ ਸਨ ਜਿਵੇਂ ਉਹ ਆਪਣੇ ਹਾਵਾਂ, ਭਾਵਾਂ ਤੇ ਆਪਣੇ ਸ਼ਬਦਾਂ ਨੂੰ ਕੰਟਰੋਲ ਕਰਨ ਦਾ ਯਤਨ ਕਰ ਰਿਹਾ ਹੋਵੇ। ਮੇਰੇ ਵਲਾਂ ਉਸ ਨੇ ਬੜੀ ਹੀ ਅਜੀਬ ਤੇ ਕ੍ਰੋਧਮਈ ਦ੍ਰਿਸ਼ਟੀ ਨਾਲ ਵੇਖਦੇ ਹੋਇਆਂ ਕੁਝ ਤਲਖ਼ ਸ਼ਬਦ ਬੋਲ, ਨਸਲਵਾਦੀ ਅੱਧ-ਗਾਲ ਜਿਹੀ ਕੱਢੀ, ਜਿਸ ਦਾ ਆਖਿਰੀ ਸ਼ਬਦ “ਹਿੰਦੂ” ਹੀ ਮੈਨੂੰ ਸੁਣਿਆ। ਏਸ ਤੋ ਪਹਿਲਾਂ ਕਿ ਸਥਿਤੀ ਵਿਗੜਦੀ, ਬਾਰ ਦਾ ਮਾਲਕ ਤੇ ਮੈਨੇਜਰ ਮੈਨੂੰ ਬੈਠਣ ਦੀ ਬੇਨਤੀ ਕਰਦਾ ਹੋਇਆ ਜੀਨ ਨੂੰ ਪਕੜ ਕੇ ਬਾਹਰ ਲੈ ਗਿਆ। ਸੂਜ਼ੀ ਮੇਰੇ ਕੋਲ ਆ ਬੈਠੀ ਤੇ ਬੋਲੀ, “ਜੀਨ ਦਿਲ ਦਾ ਬੜਾ ਚੰਗਾ ਹੈ।ਪਤਾ ਨਹੀ ਕਿਸ ਗੱਲੋਂ ਅਪਸੈਟ (upset) ਹੈ ਅੱਜ ?” ਜੀਨ ਮੁੜ ਕੇ ਨਾ ਆਇਆ ਤੇ ਗੱਲ ਆਈ ਗਈ ਹੋ ਗਈ। ਬਾਅਦ ਵਿਚ ਪਤਾ ਲੱਗਾ ਕਿ ਜੀਨ ਨੂੰ




ਪਤਾ ਲੱਗ ਚੁੱਕਾ ਸੀ ਕਿ ਸੂਜ਼ੀ ਦੋ, ਚਾਰ ਵਾਰ ਮੇਰੇ ਨਾਲ ਵੀ ਰਾਤਾਂ ਕੱਟ ਗਈ ਸੀ। ਏਥੇ ਮਨ ਮਿਲੇ ਦਾ ਮੇਲਾ ਵਾਲੀ ਗੱਲ ਸੀ। ਕਿਸੇ ’ਤੇ ਮਨ ਆਇਆ, ਤਾਂ ਉਸ ਦੇ ਤੁਰ ਪਏ। ਸਭ ਕੁਝ ਬੜੇ ਕੁਦਰਤੀ ਤੇ ਸੁਭਾਵਕ ਰੂਪ ਵਿਚ ਹੀ ਵਾਪਰ ਜਾਂਦਾ ਸੀ। ਅਪਰਾਧ ਦਾ ਅਹਿਸਾਸ ਤਕ ਨਹੀ ਸੀ ਹੁੰਦਾ। ਦੋ ਮਹੀਨੇ ਦੀਆਂ ਗਰਮੀਆਂ ਦੀਆਂ ਛੁੱਟੀਆਂ ਹੋਈਆਂ, ਤਾਂ ਮੈਂ ਯੂਰਪ ਦੀ ਸੈਰ ਕਰਨ ਤੁਰ ਪਿਆ। ਸਕੂਲ ਖੁੱਲ੍ਹੇ ਤਾਂ ਜੀਨ ਨੂੰ ਆਪਣੇ ਸਕੂਲ ਵਿਚ ਸਫ਼ਾਈ ਅਤੇ ਮੁਰੰਮਤ ਦਾ ਕੰਮ ਕਰਦਿਆਂ ਵੇਖ ਕੇ ਮੈਨੂੰ ਹੈਰਾਨੀ ਹੋਈ। ਉਹ ਮੇਰੇ ਤੋਂ ਨਜ਼ਰਾਂ ਚੁਰਾ ਰਿਹਾ ਸੀ। ਮੈਂ ਹੌਂਸਲਾ ਕਰਕੇ ਉਸ ਨੂੰ ਬੜੇ ਖਲੂਸ ਨਾਲ ਬੁਲਾਇਆ ਅਤੇ ਛੁੱਟੀ ਤੋਂ ਬਾਦ ਘਰ ਆਉਣ ਲਈ ਕਿਹਾ। ਸਕਾਚ ਵਿਸਕੀ ਦੇ ਦੋ-ਚਾਰ ਪੈੱਗ ਲੈਣ ਤੋਂ ਬਾਦ ਜੀਨ ਕੁਝ ਖੁੱਲ੍ਹਿਆ ਤੇ ਬੋਲਿਆ, “ਸਭ ਤੋਂ ਪਹਿਲਾਂ ਤਾਂ ਮੋ ਮੈਂ ਤੈਥੋਂ ਆਪਣੀ ਗੁਸਤਾਖ਼ੀ ਦੀ ਖਿਮਾ ਮੰਗਦਾ ਹਾਂ। ਤੇਰੇ ਵਰਗੇ ਵਧੀਆ ਇਨਸਾਨ ਨਾਲ ਇਹ ਵਿਹਾਰ ਠੀਕ ਨਹੀ ਸੀ।”

“ਰਾਤ ਗਈ, ਬਾਤ ਗਈ ਜੀਨ ! ਏਥੇ ਕਿਵੇਂ ਆ ਗਿਆ ਹੈਂ ?”

# ਅੰਕ ਦੇ ਲੇਖਕ: ਰਵਿੰਦਰ ਰਵੀ


"ਤੈਨੂੰ ਪਤਾ ਹੀ ਹੈ, ਮੋ, ਨੈਸ ਕੈਂਪ ਬੰਦ ਹੋ ਗਿਆ ਸੀ। ਅਮਰੀਕਾ ਨੇ ਆਪਣੇ ਦੇਸ ਦੀ ਇਮਾਰਤੀ ਲੱਕੜੀ ਵੇਚਣ ਲਈ ਕੈਨੇਡਾ ਦੀ ਆਯਾਤ ਉੱਤੇ ਸੁਰੱਖਿਆ ਕਰ (Tax) ਲਾ ਦਿੱਤਾ। ਸਾਡੀ ਨਿਰਯਾਤ ਬੰਦ ਹੋ ਗਈ ਤੇ ਨਾਲ ਹੀ ਸਾਡੀ ਮਿੱਲ ਤੇ ਕੈਂਪ ਦਾ ਕੰਮ ਵੀ ਠੱਪਿਆ ਗਿਆ।"

"ਨੈਸ ਕੈਂਪ ਦਾ ਕੀ ਬਣਿਆ ? ਉੱਥੇ ਅਜੇ ਵੀ ਕੋਈ ਰਹਿੰਦਾ ਹੈ ?"

"ਨਹੀ, ਉਹ ਹੁਣ 'ਭੂਤ ਕੈਂਪ' ਜਾਂ 'ਭੂਤ ਨਗਰ' ਬਣ ਚੁੱਕਾ ਹੈ।"

"ਤੇ ਸੂਜ਼ੀ ?"

"ਉਹ ਵੀ ਕਿਧਰੇ ਗੁੰਮ ਗੁਆਚ ਗਈ ਹੈ। ਸੋਚਿਆ ਸੀ ਕਿ ਉਸ ਨਾਲ ਕੋਈ ਪੱਕਾ ਰਿਸ਼ਤਾ ਜੁੜ ਜਾਏਗਾ ਪਰ ਸੂਜ਼ੀ ਅਜੇ ਵੱਖ, ਵੱਖ ਫੁੱਲਾਂ ਦੇ ਰੰਗ ਤੇ ਰਸ ਵਲਾਂ ਰੁਚਿਤ ਸੀ।" ਫੇਰ ਜਿਵੇਂ ਉਸ ਨੇ ਹੌਕਾ ਜਿਹਾ ਲਿਆ ਤੇ ਬੋਲਿਆ, "ਚੰਗਾ ਹੀ ਹੋਇਆ ਕਿ ਕੈਂਪ ਬੰਦ ਹੋਇਆ ਤੇ ਮੇਰੀਆਂ ਅੱਖਾਂ ਖੁੱਲ੍ਹੀਆਂ। ਕੈਂਪ ਤਾਂ ਆਰਜ਼ੀ ਟਿਕਾਣੇ ਹੁੰਦੇ ਹਨ। ਇਨ੍ਹਾਂ ਨਾਲ ਪੱਕੇ ਰਿਸ਼ਤੇ ਜੁੜ ਹੀ ਨਹੀ ਸਕਦੇ ... ਤੇ ਇਹ ਕੁੜੀਆਂ...ਬਾਰ ਬਾਲਾਵਾਂ...ਮੁਸਕਰਾਣਾ ਤਾਂ ਇਨ੍ਹਾਂ ਦਾ ਪੇਸ਼ਾ ਹੈ ...।" ਸਹਿਜ ਭਾ ਹੀ ਜੀਨ ਏਸ ਉਦਾਸੀ ਤੇ "ਭੂਤ ਨਗਰ ਜਾਂ ਕੈਂਪ" ਦੀ ਸਥਿਤੀ ਨੂੰ ਦਾਰਸ਼ਨਕ ਰੂਪ ਦੇ ਰਿਹਾ ਸੀ।




ਸਾਡੇ ਸਕੂਲ ਵਿਚ ਜੀਨ ਨੂੰ ਮਹੀਨੇ ਕੁ ਲਈ ਆਰਜ਼ੀ ਨੌਕਰੀ ਮਿਲ ਗਈ ਸੀ। ਹਾਸੇ ਮਖ਼ੌਲ ਵਿਚ ਮੈਂ ਉਸ ਨੂੰ "ਤੁਰਦਾ ਫਿਰਦਾ ਭੂਤ ਨਗਰ" ਹੀ ਕਹਿਣ ਲੱਗ ਪਿਆ ਸੀ। ਉਹ ਵੀ ਅੱਗੋਂ ਹੱਸ ਪੈਂਦਾ ਤੇ ਕਹਿੰਦਾ ਕਿ, "ਬੰਦਾ ਤਾਂ ਜਮਾਂਦਰੂ ਹੀ ਰਫ਼ਿਊਜ਼ੀ ਹੈ। ਅੱਜ ਏਥੇ, ਕੱਲ੍ਹ ਉੱਥੇ।"... ਤੇ ਫਿਰ ਜੀਨ ਜਿਵੇਂ ਅਚਾਨਕ ਮਿਲਿਆ ਸੀ, ਉਵੇਂ ਹੀ, ਆਪਣੀ ਨੌਕਰੀ ਦਾ ਸਮਾਂ ਪੂਰਾ ਕਰਕੇ ਗ਼ਾਇਬ ਹੋ ਗਿਆ। ਉਨ੍ਹਾਂ ਦਿਨਾਂ ਵਿਚ ਹੀ 50-60 ਕਿਲੋਮੀਟਰ ਦੀ ਦੂਰੀ ਉੱਤੇ ਇਕ ਹੋਰ ਕੰਪਨੀ ਨਗਰ ਵੱਸਿਆ। ਇਹਦਾ ਨਾਮ ਕਿਟਸਾਲਟ ਸੀ। ਸ਼ਾਂਤ ਮਹਾਂਸਾਗਰ ਦੇ ਕੰਢੇ ਉੱਤੇ ਸਥਿਤ ਇਹ ਨਿੱਕਾ ਜਿਹਾ ਖ਼ੂਬਸੂਰਤ ਨਗਰ ਤਿੰਨ ਪਾਸਿਆਂ ਤੋਂ ਪਹਾੜਾਂ ਨਾਲ ਘਿਰਿਆ ਹੋਇਆ ਸੀ ਤੇ ਚੌਥੇ ਪਾਸੇ ਇਹਨੂੰ ਸਮੁੰਦਰ ਲੱਗਦਾ ਸੀ। ਬੜਾ ਹੀ ਖ਼ੂਬਸੂਰਤ ਅਤੇ ਰਮਣੀਕ ਸਥਾਨ ਸੀ। ਏਥੇ ਮੋਲਿਬਡੇਨਮ (Molybdenum) ਦੀ ਖਾਣ ਵਿੱਚੋਂ ਲੋਹੇ ਜਾਂ ਸਟੀਲ ਨੂੰ ਸਖ਼ਤ ਕਰਨ ਵਾਲੀ ਚਾਂਦੀ ਵਰਗੀ ਇਕ ਧਾਤ ਦੀ

ਪ੍ਰਾਪਤੀ ਹੋਈ ਸੀ। ਏਸ ਖਾਣ ਦੀ ਪ੍ਰਬੰਧਕੀ ਕੰਪਨੀ ਨੇ ਆਪਣੇ ਮੁਲਾਜ਼ਮਾਂ ਦੇ ਰਹਿਣ ਲਈ ਕਿਟਸਾਲਟ ਖਾਣ ਦੇ ਨਾਲ ਹੀ ਇਸੇ ਨਾਮ ਦਾ ਨਗਰ ਵਸਾ ਦਿੱਤਾ। ਛੜਿਆਂ ਲਈ ਇਕ ਜਾਂ ਦੋ ਬੈੱਡ-ਰੂਮ ਦੀਆਂ ਅਪਾਰਟਮੈਂਟਾਂ ਅਤੇ ਟੱਬਰਦਾਰਾਂ ਲਈ ਦੋ ਜਾਂ ਤਿੰਨ ਬੈੱਡ-ਰੂਮ ਦੇ ਘਰ। ਨਿੱਕਾ ਜਿਹਾ ਜਨਰਲ ਸਟੋਰ ਸੀ ਏਥੇ। ਜ਼ਰੂਰਤ ਦੀ ਹਰ ਚੀਜ਼ ਮਿਲਦੀ ਸੀ। ਇਸ ਸਟੋਰ ਦੇ ਵਿਚ ਹੀ ਡਾਕਖ਼ਾਨਾ, ਬਾਰ ਤੇ ਰੈਸਟੋਰੈਂਟ ਆਦਿ ਹੋਰ ਸੁਵਿਧਾਵਾਂ ਸਨ। ਅਸੀਂ ਤਿੰਨ-ਚਾਰ ਅਧਿਆਪਕ ਆਰਥਕ ਤੌਰ ਉੱਤੇ ਨਿੱਤ ਉੱਨਤ ਹੋ ਰਹੇ ਇਸ ਨਗਰ ਤੇ ਖਾਣ ਨੂੰ ਵੇਖਣ ਲਈ ਤੁਰ ਪਏ। ਕੱਚੀ ਪਰ ਵਧੀਆ ਸੜਕ ਦੇ ਦੁਆਲੇ ਜੰਗਲਾਂ, ਕੁਦਰਤ ਤੇ ਪਹਾੜਾਂ ਦਾ ਦਿਲਕਸ਼ ਸਿਲਸਿਲਾ ਸੀ। ਝੀਲਾਂ ਸਨ। ਜੰਗਲੀ ਫੁੱਲ ਤੇ ਬੈਰੀਆਂ ਸਨ।

ਜੰਗਲ ਵਿਚ ਏਥੇ ਰਿੱਛ, ਮੂਸ (ਵੱਡੇ ਕੱਦ ਵਾਲਾ ਹਿਰਨ), ਜੰਗਲੀ ਖ਼ਰਗੋਸ਼, ਬਘਿਆੜ, ਲੂੰਮੜੀਆਂ ਅਤੇ ਹੋਰ ਨਿੱਕੇ ਵੱਡੇ ਜਾਨਵਰਾਂ ਦਾ ਵਸੇਬਾ ਸੀ। ਸ਼ਿਕਾਰੀ ਲੋਕ ਏਥੇ ਹਿਰਨ, ਖ਼ਰਗੋਸ਼, ਭਟਿੱਟਰ (Grouse) ਤੇ ਕੈਨੇਡੀਅਨ ਮਘ (Geese) ਆਦਿ ਦਾ ਸ਼ਿਕਾਰ ਕਰਨ ਆਉਦੇ ਸਨ। ਸਮੁੰਦਰ, ਦਰਿਆ ਤੇ ਝੀਲਾਂ ਵਿੱਚੋਂ ਮੱਛੀ, ਸਮੁੰਦਰੀ ਸ਼ੇਰ (Sea Lion), ਦਰਿਆਈ ਕੁੱਤੇ (Bever), ਕਰੈਬ (Crab) ਅਤੇ ਹੋਰ ਜਲ-ਜੰਤੂਆਂ ਨੂੰ ਮਨੁੱਖਾ ਖਪਤ ਲਈ ਪਕੜਿਆ ਜਾਂਦਾ ਸੀ। ਅਸੀਂ ਕਿਟਸਾਲਟ ਦੀ ਬਾਰ ਵਿਚ ਬੈਠੇ ਹੀ ਸਾਂ ਕਿ ਜੀਨ ਨੇ ਮੈਨੂੰ ਪਿੱਛੋਂ ਆ ਕੇ ਜੱਫੀ ਪਾ ਲਈ। ਉਹ ਬਹੁਤ ਖ਼ੁਸ਼ ਸੀ। ਉਸ ਨੂੰ ਏਥੇ ਨੌਕਰੀ ਮਿਲ ਗਈ ਸੀ। ਮੈਂ ਹਾਸੇ ਹਾਸੇ ਵਿਚ ਕਿਹਾ: "ਜੀਨ, ਵੇਖੀਂ ਕਿਤੇ ਕਿਟਸਾਲਟ ਨੂੰ ਵੀ ਭੂਤ ਨਗਰ ਨਾ ਬਣਾ ਦੇਈਂ।" ਉਹ ਹੱਸਿਆ ਤੇ ਕਹਿਣ ਲੱਗਾ, "ਨਹੀ ਮੋ ... ਹੁਣ ਮੈਨੂੰ ਵੀ ਸੂਜ਼ੀ ਵਾਂਗ ਤੁਰ, ਫਿਰ ਕੇ ਮੇਲਾ ਵੇਖਣ ਦੀ ਆਦਤ ਪੈ ਗਈ ਹੈ। ਅੱਜ ਏਥੇ, ਕੱਲ੍ਹ ਓਥੇ। ਅੱਜ ਇਸ ਨਾਲ, ਕੱਲ੍ਹ ਉਸ ਨਾਲ। ਇਹ ਹੀ ਜ਼ਿੰਦਗੀ ਹੈ। ਵਾਸ ਦੇ ਸੁਫਨੇ ਲੈਣੇ ਤੇ ਅਵਾਸੀ ਬਣੇ ਰਹਿਣਾ।"

ਜੀਨ ਨੇ ਮੈਨੂੰ ਦੱਸਿਆ ਕਿ "ਇਸ ਬਾਰ ਦਾ ਇਕ ਹਿੱਸਾ ਇਕੱਲੇ (Single) ਮਰਦਾਂ ਤੇ ਇਸਤਰੀਆਂ ਲਈ ਆਪਣੇ ਆਪ ਵਕਫ਼ ਹੋ ਗਿਆ ਹੈ। ਏਥੇ ਰੋਜ਼ ਨਵੀਆਂ ਜੋੜੀਆਂ ਬਣਦੀਆਂ, ਘਰਾਂ ਵਿਚ ਜਾ ਕੇ, "ਇਕ ਰਾਤ ਦੇ ਸੰਗ" ਵਿਚ ਬਿਸਤਰੇ ਨਿੱਘੇ ਕਰਦੀਆਂ ਤੇ ਸਵੇਰੇ ਆਪੋ ਆਪਣਾ ਰਸਤਾ ਫੜਦੀਆਂ ਹਨ। ਇਸ ਦੇਸ਼ ਦੀ ਇਹੋ ਜੀਵਨ-ਸ਼ੈਲੀ ਹੈ ਤੇ ਮੈਂ ਵੀ ਹੁਣ ਇਸ ਨੂੰ ਅਪਣਾ ਲਿਆ ਹੈ। ਬਹੁਤ ਖ਼ੁਸ਼ ਹਾਂ।" ਜੀਨ ਆਪਣੇ ਨਵੇਂ ਆਲੇ ਦੁਆਲੇ ਦੇ ਕੁਦਰਤੀ ਹੁਸਨ ਦਾ ਆਸ਼ਕ ਸੀ। ਆਨੰਦ ਮਾਣ ਰਿਹਾ ਸੀ। ਸਾਡਾ ਇਹ "ਤੁਰਦਾ ਫਿਰਦਾ ਭੂਤ ਨਗਰ", ਇਕ ਵਾਰੀ ਫਿਰ ਆਬਾਦ ਹੋ, ਟਿਕ ਗਿਆ ਸੀ। ਇਨ੍ਹਾਂ ਦਿਨਾਂ ਵਿਚ ਹੀ ਵਿਸ਼ਵ ਦੀ ਮੰਡੀ ਵਿਚ ਮੋਲਿਬਡੇਨਮ

ਧਾਤ ਦੇ ਭਾ ਡਿਗ ਪਏ ਅਤੇ ਕਿਟਸਾਲਟ, ਨੈਸ ਕੈਂਪ ਵਾਂਗ ਹੀ ਇਕ ਹੋਰ ਭੂਤ ਨਗਰ ਬਣ ਗਿਆ। ਖਾਣ ਤੇ ਸ਼ਹਿਰ ਬੰਦ ਸੀ। ਇਸ ਤਰ੍ਹਾਂ ਜੀਨ ਇਕ ਵਾਰੀ ਫਿਰ ਗੁੰਮ ਗੁਆਚ ਗਿਆ। ਪਤਾ ਲੱਗਦਾ ਰਿਹਾ ਕਿ ਉਹ ਏਥੋਂ 100 ਕੁ ਕਿਲੋਮੀਟਰ ਉੱਤੇ ਸਥਿਤ ਟੈਰਸ ਸ਼ਹਿਰ ਦੀ ਆਰਾ ਮਿੱਲ ਵਿਚ ਕੰਮ ਦੀ ਭਾਲ ਵਿਚ ਜਾਂਦਾ ਰਿਹਾ ਸੀ ਤੇ ਉੱਥੋਂ 50 ਕੁ ਕਿਲੋਮੀਟਰ ਦੂਰ ਕਿਟੀਮੈਟ ਅਤੇ 140-45 ਕਿਲੋਮੀਟਰ ਦੂਰ ਪ੍ਰਿੰਸ ਰੂਪਰਟ ਵਿਚ ਵੀ ਉਸ ਦੇ ਗੇੜੇ ਲੱਗਦੇ ਰਹੇ ਸਨ। ਟੈਰਸ ਮੇਰੀ ਇਕ ਕਿੱਤਾਕਾਰੀ ਮੀਟਿੰਗ ਸੀ। ਮੈਂ "ਕੋਸਟ ਹੋਟਲ" ਵਿਚ ਠਹਿਰਿਆ ਹੋਇਆ ਸਾਂ। ਦਿਨ ਦਾ ਕੰਮ ਮੁਕਾ ਕੇ, ਸ਼ਾਮ ਨੂੰ ਮੈਂ ਇਸੇ ਹੋਟਲ ਦੀ "ਹੈਕੀ ਪੈਕੀ ਬਾਰ ਤੇ ਨ੍ਰਿਤ-ਘਰ" ਵਿਚ ਜਾ ਬੈਠਾ। ਇਨ੍ਹਾਂ ਦੇਸ਼ਾਂ ਵਿਚ ਇਹ 'ਬਾਰਾਂ' ਹੀ ਵਿੱਛੜੇ ਲੋਕਾਂ ਦੀਆਂ ਮਿਲਣਗਾਹਾਂ ਨੇ। ਏਥੇ ਫਿਰ ਜੀਨ ਨਾਲ ਮੁਲਾਕਾਤ ਹੋ ਗਈ। ਹੁਣ, ਉਹ ਕਾਫ਼ੀ ਬਦਲ ਗਿਆ ਸੀ। ਉਸ ਦੀ ਸ਼ਖ਼ਸੀਅਤ ਵਿਚ ਕਾਫ਼ੀ ਸਹਿਜ ਤੇ ਤਵਾਜ਼ਨ (Balance) ਆ ਚੁੱਕਾ ਸੀ।

"ਮੋ ... ਵੇਖ ਲੈ ... ਸ਼ੱਕਰਖੋਰੇ ਨੂੰ ਸ਼ੱਕਰ ਮਿਲ ਹੀ ਜਾਂਦੀ ਹੈ ...।"

"ਪਰ 'ਭੂਤ ਨਗਰ' ਤੇ 'ਆਬਾਦ ਨਗਰ' ਵਿਚ ਸ਼ੰਟ (Shunt) ਹੋਣ ਦੀ ਤੇਰੀ ਆਦਤ ਬਦਸਤੂਰ ਕਾਇਮ ਹੈ।" "ਜੱਦੋ ਜਹਿਦ ਤੇ ਤੋਰ ਹੀ ਜ਼ਿੰਦਗੀ ਹੈ। ਮੈਂ ਹੁਣ ਏਥੇ ਆਪਣਾ ਘਰ ਲੈ ਲਿਆ ਹੈ। ਆਰਾ ਮਿੱਲ ਵਿਚ ਚੰਗੀ ਤੇ ਤਕਨੀਕੀ ਨੌਕਰੀ ਮਿਲ ਗਈ ਹੈ। ਪੈਸੇ ਵੀ ਚੰਗੇ ਮਿਲਦੇ ਹਨ। 5 ਦਿਨ ਕੰਮ ਤੇ 2 ਦਿਨ ਵਿਹਲੇ ! ਮੌਜਾਂ ਹੀ ਮੌਜਾਂ।"

"ਕੋਈ ਵਿਆਹ ਦਾ ਜੁਗਾੜ ਵੀ ਬੱਝਾ ? ਕੋਈ ਪੱਕਾ ਸਾਥ ਵੀ ਢੂੰਡਿਆ ?"

"ਅਜੇ ਨਹੀ ... ਤਲਾਸ਼ ਜਾਰੀ ਹੈ।" ਕਹਿਕੇ ਉਹ ਹੱਸਿਆ। ਉਸਦੀਆਂ ਅੱਖਾਂ ਵਿਚ ਤ੍ਰਿਸ਼ਨਾ ਤੇ ਤ੍ਰਿਪਤੀ ਦਾ ਅਜੀਬ ਜਿਹਾ ਸੁਮੇਲ ਸੀ। ਜਿਵੇਂ ਛਿਣ ਦੀ ਛਿਣ ਉਹ ਆਪਸੀ ਕਸ਼ਮਕਸ਼ ਤੇ ਤਣਾਓ ਛੱਡ ਕੇ ਇਕ ਟਿਕਾ ਜਿਹੇ ਦੀ ਅਵਸਥਾ ਵਿਚ ਪਹੁੰਚ ਗਈਆਂ ਹੋਣ। ਰੁਕ ਗਈਆਂ ਹੋਣ। ਲੰਮੇ ਸਫ਼ਰ ਤੇ ਤਣਾ ਤਣੀ ਤੋਂ ਬਾਅਦ ਜਿਵੇਂ ਆਰਾਮ ਕਰੀਦਾ ਹੈ। ਆਪਣੇ ਆਪ ਵਿਚ ਸਿਮਟ ਤੇ ਫੈਲ ਜਾਈਦਾ ਹੈ। ਜੀਨ ਆਪਣੇ ਜੀਵਨ ਦੇ ਇਨ੍ਹਾਂ ਨਵੇਂ ਰੰਗਾਂ ਵਿਚ ਪ੍ਰਸੰਨ ਸੀ। ਇਹ ਵੇਖ ਕੇ ਮੈਨੂੰ ਖ਼ੁਸ਼ੀ ਸੀ। ਕਹਿੰਦੇ ਨੇ ਕਿ ਬੁਰੇ ਦਿਨ ਪੁੱਛ ਕੇ ਨਹੀਂ ਆਉਂਦੇਂ। ਅਚਾਨਕ ਆ ਧਮਕਦੇ ਹਨ।

ਵਿਸ਼ਵ ਪੱਧਰ ਉੱਤੇ ਲਗਭਗ ਸਭ ਦੇਸ਼ਾਂ ਦੀ ਆਰਥਕਤਾ ਮੰਦੇ ਵਲ ਤੁਰ ਪਈ। ਸਟਾਕ ਮਾਰਕਿਟ ਕਰੈਸ਼ ਹੋ ਗਈ। 'ਸ਼ੇਅਰਾਂ' (Shares) ਤੇ ਕਰੰਸੀ ਦੇ ਭਾ ਡਿਗ ਪਏ। ਕੰਪਨੀਆਂ, ਕਾਰੋਬਾਰਾਂ, ਬੈਕਾਂ ਤੇ ਬਿਓਪਾਰਾਂ ਦੇ ਦੁਆਲੇ ਨਿਕਲਣ ਲੱਗ ਪਏ। ਘਰ ਤੇ ਕਾਰੋਬਾਰ ਨੀਲਾਮ ਹੋਣ ਲੱਗ ਪਏ, ਬੰਦ ਹੋ ਗਏ। ਬੇਕਾਰ ਲੋਕਾਂ ਦੀਆਂ

ਭੀੜਾਂ ਟੈਲੀਵਿਯਨਾਂ ਦੀਆਂ ਸਕਰੀਨਾਂ ਦਾ ਪੱਕਾ ਦ੍ਰਿਸ਼ ਬਣ ਗਈਆਂ। ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹੋਰ ਦੇਸ਼ਾਂ ਵਿਚ ਹਾਹਾਕਾਰ ਮਚ ਗਈ। ਘਰਾਂ ਤੇ ਜਾਇਦਾਦਾਂ ਦੇ ਭਾ ਡਿਗ ਪਏ।

ਜਿਸ ਮਿੱਲ ਵਿਚ ਜੀਨ ਕੰਮ ਕਰਦਾ ਸੀ, ਉਹ ਵੀ ਪਹਿਲਾਂ ਬੰਦ ਹੋਈ ਤੇ ਫਿਰ ਮਸ਼ੀਨ, ਮਸ਼ੀਨ ਤੇ ਪੁਰਜ਼ਾ, ਪੁਰਜ਼ਾ ਕਰਕੇ ਨੀਲਾਮ ਹੋ ਗਈ। ਪਰਵਾਰਾਂ ਦੇ ਪਰਵਾਰ ਕੰਮ ਦੀ ਤਲਾਸ਼ ਵਿਚ ਕੈਨੇਡਾ ਦੇ ਹੋਰ ਸ਼ਹਿਰਾਂ ਵਲ ਤੁਰ ਪਏ। ਇਕ ਭਾਜੜ, ਇਕ ਅਫ਼ਰਾ ਤਫ਼ਰੀ ਤੇ ਨਿਰਾਸ਼ਾ ਦਾ ਬੋਲ ਬਾਲਾ ਸੀ। ਟੈਰਸ ਕਿਉਕਿ 200 ਕਿਲੋਮੀਟਰ ਦੇ ਕਰੀਬ ਖੇਤਰਫਲ ਜਾਂ ਘੇਰੇ ਵਿਚ ਵੱਸਦੇ ਤਿੰਨ ਚਾਰ ਨਗਰਾਂ ਅਤੇ 25-30 ਨੇਟਿਵ ਇੰਡੀਅਨਜ਼ ਦੇ ਪਿੰਡਾਂ ਦਾ ਸਰਵਿਸ ਸੈਂਟਰ ਸੀ, ਕਮਰਸ਼ਲ ਤੇ ਬਿਓਪਾਰਕ ਕੇਂਦਰ ਸੀ ... ਇਸ ਲਈ ਇਹ ਭੂਤ ਨਗਰ ਨਾ ਬਣਿਆ। ਏਥੋਂ ਲੋਕ ਘਰੋਂ ਬੇਘਰ ਜ਼ਰੂਰ ਹੋਏ— ਪਰ ਬਹੁਤ ਸਾਰੇ ਵੱਸਦੇ ਵੀ ਰਹੇ।

ਮੈਂ ਵੀ ਸੇਵਾ-ਮੁਕਤ ਹੋ ਕੇ, ਸਸਤੇ ਭਾ, ਏਥੇ ਇਕ ਛੋਟਾ ਜਿਹਾ ਘਰ ਲੈ ਲਿਆ ਸੀ ਅਤੇ ਏਥੇ ਹੀ ਰਹਿਣ ਲੱਗ ਪਿਆ ਸਾਂ। ਜੀਨ ਬਾਰੇ ਮੈਂ ਹੋਟਲਾਂ, ਬਾਰਾਂ, ਰੈਸਟੋਰੈਂਟਾਂ ਤੇ ਹੋਰ ਵਾਕਫ਼ਾਂ ਕੋਲੋ ਪੁੱਛਦਾ ਰਿਹਾ, ਪਰ ਉਸ ਦਾ ਕੋਈ ਪਤਾ ਨਾ ਲੱਗਾ। ਉਸ ਦੇ ਘਰ ਵੱਲ ਗੇੜਾ ਮਾਰਿਆ, ਤਾਂ ਪਤਾ ਲੱਗਾ ਕਿ ਉਹ ਬੈਂਕ ਵਾਲਿਆਂ ਨੇ ਲੈ ਲਿਆ ਸੀ, ਕਿਉਂਕਿ ਜੀਨ ਉਸਦੀਆਂ ਕਿਸ਼ਤਾਂ ਨਹੀਂ ਸੀ ਦੇ ਸਕਿਆ। ਥਾਂ-ਪਰ-ਥਾਂ ਘਰ ਸੇਲ ਉੱਤੇ ਲੱਗੇ ਹੋਏ ਸਨ, ਪਰ ਕੋਈ ਖ਼ਰੀਦਾਰ ਨਹੀ ਸੀ !

ਸਾਡੇ ਪੰਜਾਬੀਆਂ ਦੇ ਏਥੇ 140 ਕੁ ਪਰਵਾਰ ਰਹਿੰਦੇ ਸਨ, ਭਲੇ ਵੇਲਿਆਂ ਵਿਚ—ਪਰ ਹੁਣ ਕੇਵਲ 40-50 ਹੀ ਬਾਕੀ ਰਹਿ ਗਏ ਸਨ। ਉਹ ਵੀ ਨੌਕਰੀ ਦੀ ਤਲਾਸ਼ ਵਿਚ ਹੋਰ ਸ਼ਹਿਰਾਂ ਵਿਚ ਜਾ ਵੱਸੇ ਸਨ। ਜਿੱਥੇ ਨੌਕਰੀ ਜਾਂ ਕੰਮ ਕਾਰ, ਉਹ ਹੀ ਦੇਸ਼ ਤੇ ਉਹ ਹੀ ਘਰ। ਇਹ ਹੀ ਦਸਤੂਰ ਹੈ ਅੱਜ ਦੀ ਇਸ ਦੁਨੀਆ ਦਾ। ਪੰਜਾਬੀਆਂ ਦੀ ਗਿਣਤੀ ਟੈਰਸ ਵਿਚ ਬਹੁਤ ਘੱਟ ਗਈ ਸੀ, ਪਰ ਦੋ ਗੁਰਦਵਾਰੇ ਅਜੇ ਵੀ ਚੱਲ ਰਹੇ ਸਨ। ਪਹਿਲਾਂ ਲੋਕੀਂ 5 ਜਾਂ 10 ਡਾਲਰ ਦੇ ਨੋਟ ਦਾ ਚੜ੍ਹਾਵਾ ਚੜ੍ਹਾਉਦੇ ਸਨ, ਪਰ ਫਿਰ ਇਹ ਦੋ ਡਾਲਰ ਦੇ ਸਿੱਕੇ ਤੋਂ ਹੁੰਦੇ ਹੋਏ ਇਕ ਡਾਲਰ ਤਕ ਪਹੁੰਚੇ, ਤੇ ਹੁਣ 25 ਸੈਂਟ ਹੀ ਪੱਕਾ ਤੇ ਪਰਵਾਨਤ ਚੜ੍ਹਾਵਾ ਬਣ ਗਿਆ ਸੀ। ਈਸਾਈਆਂ ਦੇ ਗਿਰਜਿਆਂ ਦਾ ਵੀ ਇਹ ਹੀ ਹਾਲ ਸੀ।

ਈਸਾਈ ਚੇਤੇ ਆਏ ਤਾਂ ਜੀਨ ਮੇਰੇ ਸਿਮਰਨ ਵਿਚ ਫੇਰ ਜਾਗ ਪਿਆ। ਕਿਟਸਾਲਟ ਦੀ ਕਿਸੇ ਮਿਲਣੀ ਦੌਰਾਨ ਹੀ ਉਸ ਨੇ ਦੱਸਿਆ ਸੀ ਕਿ ਏਥੇ ਉਹ ਲੋਕ ਵੀ ਹਨ। ਜੰਗਲੀ ਜਾਨਵਰਾਂ, ਪੰਛੀਆਂ ਤੇ ਜਲ-ਜੰਤੂਆਂ ਦਾ ਸ਼ਿਕਾਰ ਕਰਨ, ਉਨ੍ਹਾਂ ਨੂੰ ਮਾਰਨ

ਆਉਂਦੇ ਹਨ ਤੇ ਉਹ ਵੀ ਹਨ ਜੁ ਕੇਵਲ ਉਨ੍ਹਾਂ ਦੀ ਸੁੰਦਰਤਾ ਵੇਖਣ ਆਉਂਦੇ ਹਨ। ਜੀਨ ਬੋਲ ਰਿਹਾ ਸੀ: "ਮੋ ... ਏਥੇ ਪੰਛੀ ਦਰਸ਼ਕ (Bird Watchers) ਘੰਟਿਆਂ ਬੱਧੀ ਦੂਰਬੀਨਾਂ ਲਾ ਕੇ ਇਨ੍ਹਾਂ ਪੰਛੀਆਂ ਦੇ ਕਲੋਲਾਂ ਤੇ ਸੁੰਦਰਤਾ ਦਾ ਨਜ਼ਾਰਾ ਵੇਖਦੇ ਰਹਿੰਦੇ ਹਨ। ਜਲ ਤੇ ਧਰਤੀ ਦੇ ਜੰਤੂਆਂ ਦੀਆਂ ਤਸਵੀਰਾਂ ਖਿੱਚਦੇ, ਉਨ੍ਹਾਂ ਦੀਆਂ ਫ਼ਿਲਮਾਂ ਬਣਾਉਂਦੇ ਅਤੇ ਉਨ੍ਹਾਂ ਦੀਆਂ ਆਦਤਾਂ ਦਾ ਅੱਖੀਂ ਦੇਖਿਆ ਅਧਿਅਨ ਕਰਦੇ ਹਨ ... ਤੇ ਫਿਰ ਕੋਈ ਸ਼ਿਕਾਰੀ ਆਉਂਦਾ ਹੈ ... 'ਠਾਹ'... ਬੰਦੂਕ ਦੀ ਗੋਲੀ ਤੇ ਸਭ ਕੁਝ ਖ਼ਤਮ। ਅਜੀਬ ਤਮਾਸ਼ਾ ਹੈ ਇਹ ਦੁਨੀਆ ਮੋ ... ਇਕ ਦੁਨੀਆ ਵਿਚ, ਇੱਕੋ ਸਮੇਂ ਹੀ, ਹਰ ਕੋਈ ਆਪੋ, ਆਪਣੀ ਵੱਖਰੀ ਦੁਨੀਆ ਚੁੱਕੀ ਫਿਰ ਰਿਹਾ ਹੈ !"

ਇਹ ਆਖ ਕੇ, ਉਹ ਬਹੁਤ ਉਦਾਸ ਹੋ ਗਿਆ ਸੀ। ਟੈਰਸ ਉੱਤੇ ਘਟੇ ਇਸ ਉਦਾਸੀ ਦੇ ਮੌਸਮ ਵਿਚ ਜੀਨ ਕਿੱਥੇ ਹੋਵੇਗਾ ? ਸੋਚਦਿਆਂ ਮੈਂ ਸਥਾਨਕ ਅਖ਼ਬਾਰ "Terrace Standard" ਦੀ ਇਕ ਮੋਟੀ ਸਾਰੀ ਸੁਰਖ਼ੀ ਵੱਲ ਸਰਸਰੀ ਨਜ਼ਰ ਮਾਰੀ। ਇਹ ਤਾਂ ਜੀਨ ਦੇ ਭੂਤ ਨਗਰ ਕਿਟਸਾਲਟ ਬਾਰੇ ਖ਼ਬਰ ਸੀ।

ਕਿਟਸਾਲਟ ਦਾ ਭੂਤ ਨਗਰ ਤੇ ਉਸ ਦੇ ਨਾਲ ਲਗਦੀ ਪ੍ਰਾਪਰਟੀ ਕਿਸੇ 'ਵਿਕਾਸ ਕਰਤਾ' (Developer) ਨੇ ਕੌਡਾਂ ਦੇ ਭਾ ਖ਼ਰੀਦ ਲਈ ਸੀ। ਉਹ ਇਸ ਥਾਂ ਦਾ ਵਿਕਾਸ ਕਰਕੇ ਇਸ ਨੂੰ ਸੈਲਾਨੀਆਂ ਦੀ ਖਿੱਚ ਤੇ ਸੈਰ ਸਪਾਟੇ ਦਾ ਕੇਂਦਰ ਬਣਾ ਰਿਹਾ ਸੀ। ਸਾਰੇ ਦਾ ਸਾਰਾ ਨਗਰ ਰੀਜ਼ੌਰਟ ਵਿਚ ਬਦਲ ਦਿੱਤਾ ਗਿਆ ਸੀ। ਕੁਦਰਤੀ ਗਰਮ ਪਾਣੀ ਦੇ ਚਸ਼ਮੇ, ਫਿਸ਼ਿੰਗ, ਸ਼ਿਕਾਰ, ਬੋਟਿੰਗ, ਪੰਛੀ–ਦਰਸ਼ਨ, ਜਲ–ਜੰਤੂ–ਦਰਸ਼ਨ ਏਥੋਂ ਦੀਆਂ ਮੁੱਖ ਖਿੱਚਾਂ ਬਣ ਗਈਆਂ ਸਨ। ਪਹਾੜਾਂ 'ਤੇ ਚੜ੍ਹਨ, ਬਰਫ਼ ਵਿਚ ਤੁਰਨ, ਪਾਣੀ ਵਿਚ ਤਰਨ ਅਤੇ ਕੁਦਰਤ ਵਿਚ ਕੁਦਰਤ ਬਣ ਕੇ ਰਹਿਣ ਲਈ ਹਰ ਸੰਭਵ ਸਾਮਗਰੀ ਏਥੇ ਮੌਜੂਦ ਸੀ। ਪਾਣੀ ਵਿਚ ਉਤਰਨ ਵਾਲੇ ਵਿਮਾਨ (Flot Planes), ਫੈਰੀਆਂ ਤੇ ਹੈਲੀਕਾਪਟਰਾਂ ਦੇ ਟੂਰ ਏਥੋ ਦੀਆਂ ਹੋਰ ਖਿੱਚਾਂ ਸਨ। ਦੂਰ ਦੂਰ ਦੇ ਦੇਸ਼ਾਂ ਦੇ ਸੈਲਾਨੀ ਏਥੇ ਆ ਕੇ ਰਹਿਣਗੇ, ਸੈਰ ਕਰਨਗੇ ਤੇ ਕਿਟਸਾਲਟ ਨੂੰ ਇਕ ਮਿੰਨੀ ਗਲੋਬ ਜਾਂ ਗਲੋਬਲ ਪਿੰਡ ਵਿਚ ਬਦਲ ਦੇਣਗੇ। ਇਨ੍ਹਾਂ ਹੀ ਖ਼ਿਆਲਾਂ ਵਿਚ ਮੈਂ ਕਾਰ ਲੈ ਕੇ ਏਸ ਸੈਲਾਨੀ ਖਿੱਚ ਵਾਲੇ ਨਗਰ ਕਿਟਸਾਲਟ ਵਲਾਂ ਤੁਰ ਪਿਆ।

ਸੈਲਾਨੀਆਂ ਦੀ ਆਵਾਜਾਈ ਵਿੱਚੋਂ ਆਪਣਾ ਰਾਹ ਬਣਾ ਕੇ ਮੈਂ ਸੜਕ ਦੇ ਪਰਲੇ ਕੰਢੇ ਬਣੀ ਬਾਰ ਵਲਾਂ ਤੁਰਨ ਹੀ ਲੱਗਾ ਸਾਂ ਕਿ ਮੈਨੂੰ ਕਿਸੇ ਨੇ ਗਲਵਕੜੀ ਵਿਚ ਲੈ ਲਿਆ। ਇਹ ਜੀਨ ਹੀ ਸੀ।

"ਮੋ... ਤੇਰੇ ਇਸ ਤੁਰਦੇ ਫਿਰਦੇ "ਭੂਤ ਨਗਰ" ਨੇ ਕਿਟਸਾਲਟ ਦਾ ਇਹ "ਭੂਤ

ਨਗਰ" ਮੁੜ ਕੇ ਆਬਾਦ ਕਰ ਦਿੱਤਾ ਹੈ। ਅੱਗੇ ਇਹ ਇਕ ਕੰਪਨੀ ਦੀ ਇਕ ਖਾਣ ਦੇ ਕਾਮਿਆਂ ਤੇ ਪ੍ਰਬੰਧਕਾਂ ਦਾ ਨਗਰ ਸੀ, ਪਰ ਹੁਣ ਇਹ ਸਾਰੀ ਦੁਨੀਆ ਦੇ ਲੋਕਾਂ ਦਾ ਨਗਰ ਬਣ ਗਿਆ ਹੈ।"

ਮੈਂ ਕਿਹਾ, "ਕਿਟਸਾਲਟ ਤਾਂ ਮਿਲ ਗਿਆ, ਤੈਨੂੰ ਸੂਜ਼ੀ ਵੀ ਮਿਲੀ ਕਿ ਨਹੀ ?"

ਉਹ ਹੱਸਿਆ ਤੇ ਮੇਰਾ ਹੱਥ ਫੜ ਕੇ ਉਹ ਮੈਨੂੰ ਆਪਣੇ ਘਰ ਲੈ ਗਿਆ। ਦਸਤਕ ਦੇਣ 'ਤੇ ਬੂਹਾ ਖੁੱਲ੍ਹਾ ਤਾਂ ਮੂਹਰੇ ਤਿੰਨ ਕੁ ਮਹੀਨੇ ਦੇ ਬਾਲ ਨੂੰ ਚੁੱਕੀ ਸੂਜ਼ੀ ਖੜੋਤੀ ਸੀ। ਸੂਜ਼ੀ ਬੋਲੀ, "ਮੋ ... ਜ਼ੀਨ ਨੇ ਮੇਰਾ ਪਿੱਛਾ ਨਹੀ ਛੱਡਿਆ ... ਤੇ ਹੁਣ ...।"

ਜੀਨ ਵਿੱਚੋਂ ਹੀ ਬੋਲਿਆ, "ਤੇ ਹੁਣ ਇਸ ਜੀਨ ਜੂਨੀਅਰ ਨੇ ਸਾਨੂੰ ਦੋਹਾਂ ਨੂੰ ਇਕ ਨਵੇਂ ਹੀ ਰਿਸ਼ਤੇ ਵਿਚ ਬੰਨ੍ਹ ਦਿੱਤਾ ਹੈ।"

ਮੈਂ ਪੁੱਛਿਆ, "ਸ਼ਾਦੀ ਕਦੋ ਕੀਤੀ ?"

"ਉਸ ਦੀ ਲੋੜ ਹੀ ਨਹੀ ਸਮਝੀ। ਸ਼ਾਦੀਆਂ ਤੇ ਕਸਮਾਂ ਦਾ ਆਸਰਾ ਕਮਜ਼ੋਰ ਲੋਕ ਲੈਂਦੇ ਹਨ।

ਰਿਸ਼ਤਿਆਂ ਦੀ ਬੁਨਿਆਦ ਤਾਂ ਭਰੋਸਾ ਹੁੰਦਾ ਹੈ ਤੇ ਨਾਲੇ ...।"

ਉਹ ਰੁਕਿਆ ਤੇ ਫਿਰ ਆਪਣੇ ਪੁੱਤਰ ਜੀਨ ਜੂਨੀਅਰ ਵਲ ਵੇਖਦਾ ਹੋਇਆ ਬੋਲਿਆ, "ਇਹ ਇਸ ਨਵ-ਵੱਸੇ ਗਲੋਬਲ ਨਗਰ ਵਿਚ ਜੰਮਿਆਂ, ਇਸ ਦਾ ਪਹਿਲਾ ਸ਼ਹਿਰੀ ਹੈ।"

ਉਹ ਫੇਰ ਰੁਕਿਆ ਤੇ ਇੱਕੋ ਵੇਲੇ ਸਾਡੇ ਤਿੰਨਾਂ ਵਲ ਵੇਖਦਾ ਹੋਇਆ ਬੋਲਿਆ,

"ਜਿੰਨਾ ਚਿਰ ਮਨੁੱਖ ਦੇ ਅੰਦਰ ਆਬਾਦ ਹੋਣ ਦੀ ਇੱਛਾ ਕਾਇਮ ਹੈ, ਉਹ ਹਰ "ਭੂਤ ਨਗਰ" (Ghost Town) ਨੂੰ, "ਜੀਵਨ ਨਗਰ" ਵਿਚ ਬਦਲ ਸਕਦਾ ਹੈ। ਉਹ ਕਿਤੇ ਵੀ ਚਲਾ ਜਾਵੇ, ਆਬਾਦੀ, ਘਰ ਤੇ ਸੰਸਾਰ ਨਾਲ ਜੁੜੇ ਸਭ ਸੰਕਲਪ, ਉਸ ਦੇ ਨਾਲ, ਆਪ ਹੀ ਤੁਰ ਪੈਂਦੇ ਹਨ।"

ਜੀਨ, ਸੂਜ਼ੀ ਤੇ ਜੀਨ ਜੂਨੀਅਰ ਨੂੰ ਗਲਵਕੜੀ ਵਿਚ ਲੈ ਕੇ ਮੁਸਕਰਾ ਰਿਹਾ ਸੀ। ਇਸ ਦੀ ਮੁਸਕਰਾਹਟ ਵਿਚ ਅੱਜ ਇਕ ਵੱਖਰੀ ਤੇ ਜੀਵਨ ਦੀ ਸਦ-ਆਬਾਦੀ ਜੇਡੀ ਵੱਡੀ ਅਦਾ ਸੀ।

**ਰਵਿੰਦਰ ਰਵੀ**
**ਕੈਨੇਡਾ**
**250 635 4455**
**ravinderravi37@gmail.com**

# ਰਵਿੰਦਰ ਰਵੀ ਦੀਆਂ ਕਵਿਤਾਵਾਂ

## ਰੌਸ਼ਨੀਆਂ ਦਾ ਸ਼ਹਿਰ

ਰੌਸ਼ਨੀਆਂ ਦੇ ਸ਼ਹਿਰ 'ਚ ਬੈਠੇ,
ਕਾਗ਼ਜ਼ ਉੱਤੇ ਦੀਵੇ ਵਾਹੀਏ!
ਸਾਰੇ ਰਸਤੇ ਘੁੰਮ ਆਏ ਹਾਂ,
ਦੱਸੋ ਹੁਣ ਅਸੀਂ ਕਿੱਧਰ ਜਾਈਏ?

ਕੇਤਲੀ ਵਿੱਚੋਂ ਭਾਫ਼ ਨਿਕਲਦੀ,
ਕੱਪਾਂ ਅੰਦਰ ਬੱਦਲ਼ ਵੱਸਦਾ!
ਭਰਮ ਛੁਪਾਇਆਂ ਪ੍ਰਗਟ ਹੁੰਦਾ,
ਸੱਚ ਦੱਸਿਆ, ਸੱਚ ਦੱਸ ਨਾ ਹੁੰਦਾ

ਖਿੜਕੀ ਬਾਹਰ, ਸੂਰਜ ਮੱਚਦਾ,
ਖਿੜਕੀ ਬਾਹਰ, ਅੰਬਰ, ਤਾਰੇ!
ਕੋਈ ਛੁਪਦਾ, ਕੋਈ ਪ੍ਰਗਟ ਹੁੰਦਾ,
'ਨ੍ਹੇਰ ਸਰਾਪੇ, ਚਾਨਣ ਮਾਰੇ!

ਡੱਬ ਖੜੱਬੀਆਂ ਹੋਂਦਾਂ ਚੁੱਕੀ,
ਪਰਬਤ ਹੇਠਾਂ ਆ ਚੁੱਕੇ ਹਾਂ!
ਡਾਲੀ ਦੇ ਕੇਂਦਰ ਵਿੱਚ ਬੈਠੇ,
ਦੋਂਹ ਪਾਸਿਓਂ ਅੱਗ ਲਾ ਚੁੱਕੇ ਹਾਂ!

ਵੇਦ, ਕਿਤਾਬਾਂ, ਦਰਸ਼ਨ, ਸਾਇੰਸ,
ਸੁਲਝਣ, ਉਲਝਣ ਬਣ ਚੁੱਕੀ ਹੈ!
ਆਪੋ ਧਾਪ ਤੇ ਮਾਦਾ ਪ੍ਰਸਤੀ,
ਪੌਣੀ ਲੂਆਂ, ਠਣ ਚੁੱਕੀ ਹੈ!

ਰੌਸ਼ਨੀਆਂ ਦੇ ਸ਼ਹਿਰ 'ਚ ਬੈਠੇ,
ਕਾਗ਼ਜ਼ ਉੱਤੇ ਦੀਵੇ ਵਾਹੀਏ!
ਸਾਰੇ ਰਸਤੇ ਘੁੰਮ ਆਏ ਹਾਂ,
ਦੱਸੋ ਹੁਣ ਅਸੀਂ ਕਿੱਧਰ ਜਾਈਏ?

## ਚੱਕਰਵਿਊ ਤੱਕ ਦਾ ਸਫਰ

ਪਤਨੀ ਹੁਣ
ਘਰੋਗੀ ਲੋੜਾਂ ਦੀ
ਸੂਚੀ ਤੱਕ ਸੀਮਤ ਹੋ ਗਈ ਹੈ।

ਮਿੱਤਰ, ਰਿਸ਼ਤੇਦਾਰ,
ਵਿੱਥਾਂ ਸਿਰਜ ਬੈਠੇ ਹਨ,
ਆਪੋ ਆਪਣੀ ਸੀਮਾ ਵਿੱਚ!

ਪੁੱਤਰਾਂ ਦੀ ਲਿਸਟ 'ਤੇ ਵੀ ਹੁਣ,
ਬਾਪ ਦੀ ਥਾਂ,
ਆਪਣੇ ਬੱਚਿਆਂ ਦੇ ਨਾਮ 'ਖੁਣੇ ਗਏ
ਹਨ।

ਜ਼ਿੰਦਗੀ
ਫਿਰ ਵੀ ਤੁਰੀ ਜਾ ਰਹੀ ਹੈ,
ਨਦੀ ਵਾਂਗ!
ਬੱਸ ਮੈਂ ਹੀ ਰੁਕ ਗਿਆ ਹਾਂ,
ਇਕ ਨਿੱਕੇ ਨਖ਼ਲਿਸਤਾਨ ਵਿੱਚ!

ਏਥੇ ਲੋਕ ਆਉਂਦੇ ਹਨ,
ਪਰ ਵੱਸਣ ਲਈ ਨਹੀਂ!

ਆਪੋ ਆਪਣੇ ਸੁਫਨਿਆਂ ਵਿੱਚ,
ਆਪੋ ਆਪਣੇ ਸੰਸਾਰ ਸਮੇਟੀ,
ਕੁਝ ਚਿਰ ਰੁਕਦੇ,
ਫਿਰ ਚਲੇ ਜਾਂਦੇ ਨੇ!
ਫ਼ਾਸਲੇ ਘਟਦੇ ਘਟਦੇ,
ਹੋਰ ਵੀ ਵੱਧ ਜਾਂਦੇ ਨੇ!

# ਰਵਿੰਦਰ ਰਵੀ ਦੀਆਂ ਕਵਿਤਾਵਾਂ

ਘਟਦੇ ਵਧਦੇ ਫਾਸਲਿਆਂ
ਦੇ ਚੱਕਰਵਿਊ ਵਿੱਚ,
ਹੌਲੀ ਹੌਲੀ ਮੇਰਾ ਸਫ਼ਰ
ਖਤਮ ਹੋ ਰਿਹਾ ਹੈ

## ਮੌਸਮ ਤੇ ਉਡਾਣ

ਮੌਸਮ ਆਉਂਦੇ ਨੇ,
ਚਲੇ ਜਾਂਦੇ ਨੇ........
ਪੰਛੀ ਫੇਰ ਵੀ,
ਉਡਾਣ ਭਰਦੇ ਨੇ

ਅੰਤਿਮ ਪੜਾਅ ‘ਤੇ

ਤੂੰ ਵੀ,
ਛਿਣ, ਛਿਣ,
ਬੇਮੁੱਖ ਹੋ ਰਹੀ,
ਜ਼ਿੰਦਗੀ ‘ਚੋਂ,
ਜ਼ਿੰਦਗੀ ਨੂੰ ਦੇਖ

ਨਿੱਕੀ,
ਨੀਵੀਂ ਹੀ ਸਹੀ,
ਉਡਾਣ ਭਰ

## ਮਹਾਂ ਭਾਰਤ ਤੋਂ ਬਾਹਰਲੇ ਪਾਤਰ

ਭਰੀ ਮੀਟਿੰਗ ਵਿੱਚ,
ਇਕੱਲਾ ਬੈਠਾ, ਮੈਂ
ਕੋਰੇ ਕਾਗ਼ਜ਼ ‘ਤੇ
ਕਾਂ ਕੋਕੜੇ ਵਾਹ ਰਿਹਾ ਹਾਂ
ਕੁਝ ਚਿਹਰੇ ਬਣਾ,
ਕੁਝ ਢਾਹ ਰਿਹਾ ਹਾਂ

ਇੰਜ ਹੀ ਹੁੰਦਾ ਹੈ ਮੇਰੇ ਨਾਲ,
ਭੀੜ ਵਿੱਚ ਤੁਰੇ ਜਾਂਦਿਆਂ, ਮੈਂ
ਭੀੜ ਤੋਂ,
ਨਿੱਖੜ ਕੇ ਖੜੋ ਜਾਂਦਾ ਹਾਂ

ਸ਼ੋਰ ਵਿੱਚ,
ਸ਼ੋਰ ਤੋਂ ਉੱਚੀ,
ਨਿਵੇਕਲੀ ਇਕ ਸੁਰ ਹੋ ਜਾਂਦਾ ਹਾਂ

ਪਤਨੀ ਨਾਲ,
ਇੱਕੋ ਮੰਜੇ ‘ਤੇ ਸੁੱਤਿਆਂ,
ਇਕ ਵੱਖਰਾ ਜਹਾਨ ਬਣ ਜਾਂਦਾ ਹਾਂ

ਘਟਾ ਟੋਪ ਆਕਾਸ਼ ਵਾਂਗ,
ਬਰਸ ਪੈਂਦਾ ਹਾਂ ਆਪਣੇ ਆਪ ‘ਤੇ,
ਇੱਕੋ ਸਮੇਂ,
ਛਤਰੀ ਵਾਂਗ ਤਣ ਜਾਂਦਾ ਹਾਂ

’ਭੂਤ ਪੂਰਵ ਪ੍ਰੇਮਿਕਾਵਾਂ
ਦੀਆਂ ਯਾਦਾਂ ਦੇ ਚੱਕਰਵਿਊ ਵਿੱਚ
ਘਿਰਿਆ,
ਨਾ ਮੈਂ ਅਰਜੁਨ,
ਨਾ ਅਭਿਮਨਯੂ

ਰਵਿੰਦਰ ਰਵੀ
ਕੈਨੇਡਾ
250 635 4455

## ਨਜ਼ਮ

## ਰਾਜ ਲਾਲੀ ਬਟਾਲਾ



ਰਾਜ ਲਾਲੀ ਬਟਾਲਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋ ਐਮ. ਟੈੱਕ ਕਰਨ ਤੋਂ ਬਾਅਦ ਅਮਰੀਕਾ ਵਿੱਚ ਜਾ ਵੱਸਿਆ। ਸ਼ਬਦਾਂ ਨਾਲ ਉਸ ਦੀ ਸਾਂਝ ਸ਼ੁਰੂ ਤੋਂ ਹੀ ਸੀ। ਰੁੱਝੇ ਸਮਾਜ ਵਿੱਚ ਰਹਿੰਦਿਆਂ ਵੀ ਉਸ ਨੇ ਸ਼ਬਦਾਂ ਨਾਲ ਗੂੜ੍ਹੀ ਮੁਹੱਬਤ ਪਾ ਲਈ ਹੈ। ਦੋ ਪੁਸਤਕਾਂ 'ਲਾਲੀ' (ਗ਼ਜ਼ਲ-ਸੰਗ੍ਰਹਿ) ਤੇ 'ਸੂਰਜਾ ਵੇ ਸੂਰਜਾ' (ਕਾਵਿ ਸੰਗ੍ਰਹਿ) ਨਾਲ ਉਹ ਪੰਜਾਬੀ ਕਾਵਿ ਜਗਤ ਵਿੱਚ ਆਪਣੀ ਭਰਵੀਂ ਹਾਜ਼ਰੀ ਲਗਵਾ ਚੁੱਕਿਆ ਹੈ।

### ਗ਼ਜ਼ਲ

'ਖਾਲੀ ਖਾਲੀ'

ਦਿਲ ਦਾ ਕਾਸਾ ਖਾਲੀ ਖਾਲੀ,
ਮੁੱਖ ਤੇ ਹਾਸਾ ਖਾਲੀ ਖਾਲੀ।

ਹਉਮੈ ਤੇਰੀ ਪਰਬਤ ਜਿੱਡੀ,
ਪਰ ਜਿਗਿਆਸਾ ਖਾਲੀ ਖਾਲੀ।

ਜਾਤਾਂ ਵਾਲੀ ਹਰ ਮਹਿਫ਼ਿਲ ਵਿੱਚ,
ਮੈਂ ਤਾਂ ਖਾਸਾ ਖਾਲੀ ਖਾਲੀ।

ਤੇਰਾ ਦਿਲ 'ਤੇ ਭਾਰ ਰਿਹਾ ਏ,
ਤੋਲਾ ਮਾਸਾ ਖਾਲੀ ਖਾਲੀ।

ਅਪਣੇ ਦਮ 'ਤੇ ਉੱਡੋ ਚਿੜੀਓ।
ਹਰ ਭਰਵਾਸਾ ਖਾਲੀ ਖਾਲੀ।

'ਲਾਲੀ' ਦਾ ਮਨ ਭਰਿਆ ਭਰਿਆ,
ਮਾਂ ਦਾ ਪਾਸਾ ਖਾਲੀ ਖਾਲੀ।

### ਕੀ ਪਤਾ

ਹਾਂ ਅਧੂਰਾ ਜਾਂ ਮੁਕੰਮਲ, ਕੀ ਪਤਾ?
ਪੀੜ , ਬਾਰਿਸ਼ ਜਾਂ ਹਾਂ ਕੱਜਲ , ਕੀ ਪਤਾ?

ਲੱਭ ਰਿਹਾ ਹਾਂ ਰੋਜ਼ ਅਪਣੇ ਆਪ ਨੂੰ ,
ਹੋ ਰਿਹਾ ਸ਼ਾਇਦ ਮੈਂ ਖ਼ੱਜਲ, ਕੀ ਪਤਾ?

ਰਾਤ ਦਾ ਬਣਵਾਸ ਧੁੱਪ ਨੂੰ ਕਿਉਂ ਭਲਾ,
ਚੰਦ ਦੇ ਸੀਨੇ 'ਚ ਹਲਚਲ, ਕੀ ਪਤਾ

## ਨਜ਼ਮਾਂ/ਗ਼ਜ਼ਲਾਂ

ਓਸ ਦੀ ਅੱਖ ਵਿਚ ਕੰਵਲ
ਕੁਮਲਾ ਰਿਹਾ,
ਮੇਰਿਆਂ ਪੈਰਾਂ 'ਚ ਦਲਦਲ, ਕੀ
ਪਤਾ?

ਤੇਰੀਆਂ ਪੀੜਾਂ ਦਾ ਮੈਂ ਮੁਹਥਾਜ
ਜਾਂ,
ਤੇਰਿਆਂ ਸਾਹਾਂ ਨੂੰ ਖੇਚਲ, ਕੀ
ਪਤਾ?

ਸਾਦਗੀ ਤੇਰੀ ਤੋਂ ਸਭ ਕੁਰਬਾਨ
ਨੇ,
ਕਹਿ ਰਹੇ ਤੈਨੂੰ ਉਹ ਕਾਤਿਲ, ਕੀ
ਪਤਾ?

ਆ ਤੂੰ 'ਲਾਲੀ' ਸੰਗ ਹੁਣ
ਵਿਰਲਾਪ ਕਰ,
ਪੌਣ ਦੇ ਨੈਣਾਂ ਚ ਬੱਦਲ , ਕੀ
ਪਤਾ?

## ਹਉਂਮੈ

ਤੇਰੀ ਹਉਂਮੈ ਨੂੰ ਕਿੰਨਾ ਹੋ ਗਿਆ
ਹੈ ਪਰਖਣਾ ਮੁਸ਼ਕਿਲ,
ਤੇਰੀ ਹਰ ਪੈੜ ਜੇ ਨਾਪਾਂ, ਬੜਾ ਹੈ
ਨਾਪਣਾ ਮੁਸ਼ਕਿਲ।

ਤੂੰ ਸੂਰਜ ਨੂੰ ਜਦੋਂ ਦਾ ਕੈਦ ਕਰ ਕੇ
ਘਰ 'ਚ ਰੱਖਿਆ ਹੈ,
ਮੇਰੀ ਹਰ ਸ਼ੈਅ ਦਾ ਆਪਣੇ ਆਪ
ਹੋਇਆ ਚਮਕਣਾ ਮੁਸ਼ਕਿਲ।

ਮੈਂ ਪੈਰਾਂ ਵਿੱਚ ਪਾ ਕੇ ਝਾਂਜਰਾਂ ਵੀ
ਨੱਚ ਨਹੀਂ ਸਕਿਆ ,
ਤੁਹਾਡੀ ਹਾਜਰੀ ਬਿਨ ਹੋ ਗਿਆ
ਹੈ ਥਿਰਕਣਾ ਮੁਸ਼ਕਿਲ।

ਨਦੀ ਹੋ ਕੇ ਵੀ ਤੂੰ ਉਛਲੀ ਤੇ ਕਰ
ਗਈ ਪਾਰ ਸਭ ਹੱਦਾਂ,
ਸਮੁੰਦਰ ਹੋ ਕੇ ਵੀ ਮੇਰਾ ਹੈ ਕਿੰਨਾ
ਬਹਿਕਣਾ ਮੁਸ਼ਕਿਲ।

ਕਲਾਵੇ ਵਿਚ ਲੈ ਕੇ ਵੀ ਉਹ
ਲੱਗਿਆ ਓਪਰਾ ਮੈਨੂੰ,
ਸਮਰਪਿਤ ਹੋ ਕੇ ਵੀ ਉਸਨੂੰ ਹੈ
ਕਹਿਣਾ ਆਪਣਾ ਮੁਸ਼ਕਿਲ।

ਹਵਾ ਬਣ ਕੇ ਜੇ ਮੈਂ ਵਿਚਰਾਂ, ਤਾਂ
ਕਿਉ ਤਕਲੀਫ਼ ਕੰਧਾਂ ਨੂੰ,
ਕਿ ਪੱਥਰ ਬਣ ਕੇ ਮੇਰਾ ਵੀ ਹੈ
ਏਥੇ ਵਿਚਰਣਾ ਮੁਸ਼ਕਿਲ।

ਤੁਹਾਡੀ ਰੀਝ ਵਿਚ ਕੋਈ ਨਾ
ਕੋਈ ਗ਼ੈਰ ਵਾਕਿਫ਼ ਸੀ,
ਨਹੀਂ ਤਾਂ ਮੁੰਦਰਾ ਪਾ ਕੇ ਸੀ
'ਲਾਲੀ' ਭਟਕਣਾ ਮੁਸ਼ਕਿਲ।

**ਰਾਜ ਲਾਲੀ ਬਟਾਲਾ**
**ਸ਼ਿਕਾਗੋ, ਅਮਰੀਕਾ**
**+1(847) 361-4825**

## ਗ਼ਜ਼ਲ

### ਸੁਰਿੰਦਰ ਸੋਹਲ



ਸੁਰਿੰਦਰ ਸੋਹਲ ਅਮਰੀਕਾ ਵਿੱਚ ਵਸਦਾ ਪੰਜਾਬੀ ਜ਼ੁਬਾਨ ਦਾ ਬਹੁਪੱਖੀ ਲੇਖਕ ਹੈ। ਪੰਜਾਬੀ ਗ਼ਜ਼ਲ ਦੇ ਖੇਤਰ ਵਿੱਚ ਉਸ ਦਾ ਉੱਘਾ ਨਾਮ ਹੈ। ਇਸ ਤੋਂ ਇਲਾਵਾ ਉਸ ਨੇ ਨਾਵਲ ,ਬਾਲ ਸਾਹਿਤ ਅਤੇ ਰੇਖਾ ਚਿੱਤਰ ਵੀ ਲਿਖੇ ਹਨ। ਇੱਕ ਅਨੁਵਾਦਕ ਦੇ ਤੌਰ ’ਤੇ ਵੀ ਉਸ ਨੇ ਆਪਣੀ ਵੱਖਰੀ ਪਹਿਚਾਣ ਬਣਾਈ ਹੈ।

## ਗ਼ਜ਼ਲ

ਕੋਈ ਕਾਰਨ ਤਾਂ ਹੋਵੇਗਾ ਇਹ ਮੰਜ਼ਰ
ਬੇਵਜ੍ਹਾ ਨਾ ਸੀ।
ਹਵਾ ਠਹਿਰੀ, ਸਮੁੰਦਰ ਸ਼ਾਂਤ, ਪੰਛੀ
ਚਹਿਕਦਾ ਨਾ ਸੀ।

ਤੁਸੀਂ ਆਵਾਜ਼ ਤਾਂ ਦਿੰਦੇ, ਮੈਂ ਆ
ਜਾਣਾ ਸੀ ਖ਼ੁਦ ਚਲ ਕੇ,
ਬਦਲਿਆ ਸੀ ਪਤਾ ਮੇਰਾ, ਮਗਰ ਮੈਂ
ਲਾਪਤਾ ਨਾ ਸੀ।

ਹਨੇਰੀ ਮੋਮਬੱਤੀ ਕੋਲ ਆ ਕੇ ਰੁਕ
ਗਈ ਯਕਦਮ,
ਖ਼ੁਦਾ ਜਾਣੇ, ਕਦਮ ਦੁਸ਼ਮਣ ਦਾ ਕਿਉ
ਇੰਝ ਦੋਸਤਾਨਾ ਸੀ।

ਮੇਰੀ ਬੇਗਾਨਗੀ ਦੀ ਸਿਖਰ ਨੂੰ
ਮਹਿਸੂਸ ਕੇ ਦੇਖੋ,
ਬਿਗਾਨੇ ਸ਼ਹਿਰ ਵਿਚ ਮੈਂ ਰੁੱਖ ਵੀ
ਪਹਿਚਾਣਦਾ ਨਾ ਸੀ।

## ਗ਼ਜ਼ਲ

ਅਸੀਂ ਕਿਸ ਨਜ਼ਰ ਤੋਂ ਹਾਂ ਦੇਖਦੇ,
ਉਸੇ ਜ਼ਾਵੀਏ ਦਾ ਕਮਾਲ ਹੈ।
ਕਿਸੇ ਵਾਸਤੇ ਉਹ ਜਵਾਬ ਹੈ, ਕਿਸੇ
ਵਾਸਤੇ ਉਹ ਸਵਾਲ ਹੈ।

ਕਦੇ ਬਰਫ਼ ਹਾਂ, ਕਦੇ ਪੌਣ ਹਾਂ, ਕਦੇ
ਰੇਤ ਹਾਂ ਕਦੇ ਮੋਮ ਹਾਂ
ਮੇਰੇ ਵਾਸਤੇ ਇਹ ਸਰਾਪ ਹੈ, ਤੇਰੇ
ਵਾਸਤੇ ਇਹ ਕਮਾਲ ਹੈ।

ਬੁਝੇ ਦੀਵਿਆਂ ਨੂੰ ਸਿਤਾਰਿਆਂ ਦੇ
ਖ਼ਿਤਾਬ ਦੇ ਕੇ ਨਿਵਾਜਣਾ
ਤੇਰੇ ਰਾਜ ਵਿਚ ਨਵੇਂ ਦੌਰ ਦੀ ਇਹੋ
ਬੇਮਿਸਾਲ ਮਿਸਾਲ ਹੈ।

ਮੈਂ ਇਕਾਂਤ ਵਿਚ ਕਦੇ ਡਰ ਜਾਵਾਂ,
ਕਦੇ ਹੱਸ ਪਵਾਂ, ਕਦੇ ਰੋ ਪਵਾਂ
ਅਜੇ ਤੀਕ ਵੀ ਮੇਰੀ ਸੋਚ ਵਿਚ ਮੇਰਾ
ਬਾਲ-ਮਨ ਮੇਰੇ ਨਾਲ ਹੈ।

ਕਦੇ ਚੁਪ ਮੇਰੀ ’ਤੇ ਹੈ ਤਬਸਰਾ ਕਦੇ
ਜ਼ਿਕਰ ਹੈ ਮੇਰੇ ਬੋਲ ਦਾ
ਕਦੇ ਸ਼ੁਹਰਤਾਂ, ਕਦੇ ਤੁਹਮਤਾਂ ਨੂੰ
ਤਲਾਸ਼ ਹੈ ਮੇਰੀ ਭਾਲ ਹੈ।

**ਸੁਰਿੰਦਰ ਸੋਹਲ**
**ਨਿਊਯਾਰਕ, ਅਮਰੀਕਾ**
**0016462202586**

## ਨਜ਼ਮ

ਪ੍ਰਿੰ. ਕੁਲਦੀਪ ਸਿੰਘ




ਪ੍ਰਿੰਸੀਪਲ ਕੁਲਦੀਪ ਸਿੰਘ ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਤੋਂ 2001 ਵਿੱਚ ਬਤੌਰ ਪ੍ਰਿੰਸੀਪਲ ਰਿਟਾਇਰ ਹੋਏ ਹਨ। ਪਿਛਲੇ ਕੁੱਝ ਸਮੇਂ ਤੋਂ ਉਹ ਟੋਰੰਟੋ (ਕੈਨੇਡਾ) ਵਿੱਚ ਰਹਿ ਰਹੇ ਹਨ ਅਤੇ ਕਵਿਤਾ ਨਾਲ ਵੀ ਉਨ੍ਹਾਂ ਨੇ ਆਪਣਾ ਰਿਸ਼ਤਾ ਜੋੜਿਆ ਹੋਇਆ ਹੈ

### ਫ਼ੁਰਸਤ

ਕਾਹਦੀ ਹੈ ਇਹ ਜ਼ਿੰਦਗੀ ਜੇ ਚਿੰਤਾਂਵਾਂ
ਨਾਲ ਭਰੀ,
ਫ਼ੁਰਸਤ ਨਹੀਂ ਮਨੁੱਖ ਕੋਲ ਬੈਠਣ ਦੀ
ਦੋ ਘੜ੍ਹੀ।
ਫ਼ੁਰਸਤ ਨਹੀਂ ਚੰਨ, ਸੂਰਜ ਆਕਾਸ਼
ਨਿਹਾਰਨ ਲਈ,
ਫ਼ੁਰਸਤ ਨਹੀਂ ਤਾਰਿਆ ਭਰੇ ਅੰਬਰ
ਨੂੰ ਜਾਨਣ ਲਈ।
ਫ਼ੁਰਸਤ ਨਹੀਂ ਦਰਿਆਵਾਂ ਦੇ ਮਧੁਰ
ਸੰਗੀਤ ਲਈ,
ਫ਼ੁਰਸਤ ਨਹੀਂ ਫੁੱਲਾਂ ਦੀ ਰੌਣਕ,
ਪੰਛੀਆਂ ਦੇ ਗੀਤ ਲਈ।
ਮੁਕਾਬਲੇ ਦੇ ਇਸ ਯੁਗ ਵਿੱਚ, ਇਹ
ਕੈਸੀ ਦੌੜ ਲਗੀ,
ਇੱਕ ਦੂਜੇ ਨੂੰ ਮਾਤ ਦੇਣ ਲਈ,
ਨਿਰੰਤਰ ਹੋੜ ਲਗੀ।
ਨਾ ਪਹੁ-ਫੁਟਾਲਾ ਮਾਣਿਆ, ਨਾ
ਤਕੀਆਂ ਤ੍ਰਿਕਾਲਾਂ,
ਨਾ ਬਹਿ ਕਦੇ ਵਿਚਾਰਿਆ, ਜ਼ਿੰਦਗੀ
ਜਾਂਦੀ ਮਾਰਦੀ ਛਾਲਾਂ।
ਬਸ ਹੋਰ ਹੋਰ ਕਮਾਉਣ ਦੀ, ਚੇਟਕ
ਇਕ ਲਗੀ,
ਲੱਖ ਕਰੋੜਾਂ ਕਰ ਇਕੱਠੇ, ਨਾ ਤ੍ਰਿਸ਼ਨਾ
ਅਜੇ ਬੁਝੀ।
ਬੇਕਾਰ ਹੈ ਇਹ ਜ਼ਿੰਦਗੀ, ਜੇ
ਭੱਜ-ਨੱਠ ਨਾਲ ਭਰੀ,
ਫ਼ੁਰਸਤ ਨਹੀਂ ਮਨੁੱਖ ਕੋਲ ਬੈਠਣ ਦੀ
ਦੋ ਘੜੀ।

ਪ੍ਰਿੰ. ਕੁਲਦੀਪ ਸਿੰਘ
ਬਰੈਂਪਟਨ, ਕੈਨੇਡਾ
+1 (647) 702-3885



## ਗ਼ਜ਼ਲ

## ਪ੍ਰੀਤ ਮਨਪ੍ਰੀਤ



ਪ੍ਰੀਤ ਮਨਪ੍ਰੀਤ ਕੈਨੇਡਾ ਵਿੱਚ ਵੱਸਦਾ ਬਹੁਤ ਹੀ ਪਿਆਰਾ ਸ਼ਾਇਰ ਹੈ। ਕੈਨੇਡਾ ਜਾਣ ਤੋਂ ਪਹਿਲਾਂ ਉਹ ਪੰਜਾਬ ਵਿੱਚ ਸਕੂਲ ਅਧਿਆਪਕ ਸੀ। ਆਪਣੀ ਪਹਿਲੀ ਕਾਵਿ ਪੁਸਤਕ 'ਰੁੱਤਾਂ, ਦਿਲ ਤੇ ਸੁਫ਼ਨੇ' ਨਾਲ ਹੀ ਉਸ ਨੇ ਪੰਜਾਬੀ ਕਾਵਿ ਜਗਤ ਵਿੱਚ ਆਪਣੀ ਨਿਵੇਕਲੀ ਪਛਾਣ ਬਣਾ ਲਈ ਹੈ

### ਗ਼ਜ਼ਲ

ਤੰਗੀਆਂ ਵੀ ਚੰਗੀਆਂ ਸੀ, ਕੁਝ ਨਾ ਭਾਵੇਂ ਕੋਲ ਸੀ।
ਰਿਸ਼ਤਿਆਂ ਦੀ ਸੁੱਚਤਾ ਨੇ ਭਰ ਕੇ ਰੱਖੀ ਝੋਲ ਸੀ।

ਬੱਚਿਆਂ ਨੂੰ ਦੱਸਿਓ ਉਹ ਦੌਰ ਵੀ ਸੀ, ਜਦ ਕਦੇ
ਕੀਮਤੀ ਅਸ਼ਟਾਮ ਤੋਂ, ਮੂੰਹੋ ਕਿਹਾ ਇਕ ਬੋਲ ਸੀ।

ਤੁਰ ਪਿਆ ਮੈਂ ਫੇਰ ਵੀ,ਰਸਤੇ 'ਚ ਭਾਵੇਂ ਹਰ ਕਦਮ

ਮੌਤ ਜਿੱਡਾ ਖ਼ੌਫ਼ ਸੀ, ਜੀਵਨ ਤੋਂ ਵੱਡਾ ਘੋਲ ਸੀ।

ਮੁਫ਼ਲਿਸਾਂ ਲਈ ਚੰਨ ਦਾ ਕੀ ਰੂਪ ਤੇ ਆਕਾਰ ਕੀ
ਉਹ ਤਾਂ ਬਸ ਏਨਾ ਹੀ ਜਾਨਣ,
'ਸਿਰਫ਼ ਰੋਟੀ ਗੋਲ ਸੀ।'

### ਗ਼ਜ਼ਲ

ਮੁੱਖ 'ਤੇ ਸਵੇਰੇ ਓੜਕੇ, ਪਰ ਦਿਲ 'ਚ ਰਾਤਾਂ ਕਾਲ਼ੀਆਂ।
ਇਸ ਰੌਸ਼ਨੀ ਦੇ ਸ਼ਹਿਰ ਵਿਚ,
ਅਣਗਿਣਤ ਸ਼ਾਮਾਂ ਗਾਲ਼ੀਆਂ।

ਸੱਚ ਨੂੰ ਲੁਕੋਣਾ ਪੈ ਗਿਆ, ਹਰ ਕੁਫ਼ਰ ਏਨਾ ਲਿਸ਼ਕਦਾ
ਮੱਥਿਆਂ 'ਚ ਆਪਾਂ ਸਾਂਭੀਆਂ, ਸੋਚਾਂ ਅਜੇ ਜੰਗਾਲ਼ੀਆਂ।

ਜੱਦ ਜ਼ਿੰਦਗੀ ਦੇ ਬਿਰਖ ਤੋਂ, ਉਮਰਾਂ ਦੇ ਪੱਤੇ ਝੜ ਗਏ
ਮੁਰਝਾਉਣ ਲੱਗੀਆਂ ਖ਼ੁਦਬਖ਼ੁਦ ਆਸਾਂ ਦੀਆਂ ਸਭ ਡਾਲ਼ੀਆਂ

## ਨਜ਼ਮਾਂ/ਗ਼ਜ਼ਲਾਂ

ਆਇਆ ਤੇਰਾ ਨਾਂ ਵਹਿ ਤੁਰੇ,
ਅਰਸੇ ਤੋਂ ਜੰਮੇ ਅੱਥਰੂ,
ਮੈਂ ਜਿੰਦ ਦੇ ਕਲਬੂਤ 'ਚੋਂ, ਪੀੜਾਂ
ਜਦੋਂ ਖੰਗਾਲ਼ੀਆਂ।


ਦਿਲ ਵਿਚ ਪਹਾੜਾਂ ਵਰਗਿਆਂ, ਦੁੱਖਾਂ
ਨੂੰ ਤਾਂ ਹੋ ਸਾਂਭਦੇ
ਕੁੱਖਾਂ 'ਚ ਧੀਆਂ, ਮਾਪਿਓ, ਕਿਉਂ
ਜਾਣ ਨਾ ਸੰਭਾਲ਼ੀਆਂ।


ਤੂੰ ਜਿਸਮ ਦੀ ਤਹਿ ਤੀਕ ਹੀ,
ਮਹਿਦੂਦ ਹੋ ਕੇ ਰਹਿ ਗਿਓਂ
ਮੈਂ ਰੂਹ ਤੇਰੀ ਤਕ ਜਾਣ ਲਈ
ਬੜੀਆਂ ਹੀ ਘਾਲਾਂ ਘਾਲ਼ੀਆਂ।

ਲਾਸ਼ਾਂ ਦੇ ਬਦਲੇ ਵੋਟ ਦੀ ਕਰਦਾ
ਤਜਾਰਤ ਜੋ ਰਿਹਾ
ਹਮਦਰਦ ਬਣ ਜਦ ਬਹੁੜਿਆ,
ਵੱਜੀਆਂ ਬੜਾ ਚਿਰ ਤਾਲ਼ੀਆਂ।

ਰੀਝਾਂ ਦਾ ਬਾਗ਼ 'ਪ੍ਰੀਤ' ਇਉਂ
ਹਰਿਆ ਤੇ ਭਰਿਆ ਹੀ ਰਹੂ
ਫਸਲਾਂ ਤੇ ਨਸਲਾਂ ਚੰਗੀਆਂ, ਦੋਵੇਂ
ਅਸਾਂ ਜੋ ਪਾਲ਼ੀਆਂ।


**ਪ੍ਰੀਤ ਮਨਪ੍ਰੀਤ**
**ਸਰੀ, ਕੈਨੇਡਾ**
**+1(604) 715-5035**



## ਨਜ਼ਮ

## ਨਦੀਮ ਪਰਮਾਰ





ਕੈਨੇਡਾ ਨਿਵਾਸੀ ਨਦੀਮ ਪਰਮਾਰ ਮੂਲ ਤੌਰ 'ਤੇ ਉਰਦੂ ਦੇ ਲੇਖਕ ਹਨ। ਉਰਦੂ ਤੋਂ ਇਲਾਵਾ ਉਹਨਾਂ ਨੇ ਪੰਜਾਬੀ ਅਤੇ ਅੰਗਰੇਜੀ ਵਿੱਚ ਵੀ ਸਾਹਿਤ ਸਿਰਜਣਾ ਕੀਤੀ ਹੈ। 1996 ਵਿਚ ਗ਼ਜ਼ਲ ਪਰਚਾ ਵੀ ਪ੍ਰਕਾਸ਼ਿਤ ਕਰਦੇ ਰਹੇ ਹਨ। 2008 ਵਿਚ ਇਹਨਾਂ ਨੂੰ ਇਕਬਾਲ ਅਰਪਨ ਮੈਮੋਰੀਅਲ ਐਵਾਰਡ ਨਾਲ ਸਮਾਨਿਤ ਕੀਤਾ ਗਿਆ। ਉਹਨਾਂ ਦੀ ਹੱਥਲੀ ਨਜ਼ਮ ਉਰਦੂ ਦੀ ਹੈ ਜਿਸਨੂੰ ਉਹਨਾਂ ਨੇ ਗੁਰਮੁਖੀ ਅਖ਼ਰਾਂ ਵਿਚ ਛਾਪਣ ਦੀ ਦਿਲੀ ਇਛਾ ਪ੍ਰਗਟ ਕੀਤੀ ਸੀ। ਪਰਵਾਸ ਵਿਚ ਇਸ ਨੂੰ ਗੁਰਮੁਖੀ ਵਿਚ ਛਾਪਣ ਦੀ ਖ਼ੁਸ਼ੀ ਲੈ ਰਹੇ ਹਾਂ

### ਗ਼ਜ਼ਲ

ਚਾਂਦ ਦੇਖਾ ਤਿਰਾ ਖ਼ਿਆਲ ਆਇਆ
ਫਿਰ ਤਿਰੇ ਪਿਆਰ ਕਾ ਸਵਾਲ
ਆਇਆ
ਆਂਖ ਮੇਂ ਥੇ ਛੁਪੇ ਜੋ ਅਫਸਾਨੇ
ਉਨ ਕੋ ਨਗ਼ਮਾਤ ਮੇਂ ਮੈਂ ਢਾਲ
ਆਇਆ
ਲੇ ਕੇ ਦੰਗੇ ਫ਼ਸਾਦ ਔਰ ਵਬਾ
ਬੀਸ-ਸਦ-ਬੀਸ ਕਾ ਯਹ ਸਾਲ
ਆਇਆ

ਏਕ ਸ਼ਾਇਰ ਵਤਨ ਕੋ ਛੋੜਤੇ ਵਕਤ
ਅਸਤ ਅਪਨੇ ਨਦੀ ਮੇਂ ਡਾਲ
ਆਇਆ
ਨਾਮ-ਓ-ਅਜਦਾਦ ਕੀ ਵਰਾਸਤ ਕੋ
ਪੋਤੀਓ ਕੋ ਮੈਂ ਸੰਭਾਲ ਆਇਆ
ਦੇਖ ਕਰ ਟੂਟਤੇ ਸਿਤਾਰੋਂ ਕੋ
ਟਿਮਕਨੇ ਕਾ ਭਰਮ ਮੈਂ ਪਾਲ
ਆਇਆ
ਜਾਨੇ ਵੋਹ ਕਿਸ ਸਫ਼ਰ ਸੇ ਲੌਟਾ ਹੈ
ਇਸ ਕਦਰ ਵੋਹ ਜੋ ਨਿਢਾਲ
ਆਇਆ
ਰਾਤ ਭਰ ਸੁਨ ਕੇ ਗ਼ਮ ਕਾ ਹੰਗਾਮਾ
ਸੁਬਾਹ ਕੋ ਸ਼ਾਮ ਤਕ ਮੈਂ ਟਾਲ
ਆਇਆ
ਯੂੰ ਤੋਂ ਹਰ ਸ਼ਖ਼ਸ ਸ਼ਿਅਰ ਕਹਿਤਾ ਹੈ
ਮੁਝ ਕੋ ਕਹਿਨੇ ਕਾ ਪਰ ਕਮਾਲ
ਆਇਆ

ਨਦੀਮ ਪਰਮਾਰ
ਸਰੀ, ਕੈਨੇਡਾ
nadeemparmar@shaw.c






## ਨਜ਼ਮ

## ਮਹਿੰਦਰ ਸਿੰਘ ਪੰਜੂ



ਮਹਿੰਦਰ ਸਿੰਘ ਪੰਜੂ ਕੈਨੇਡਾ ਵੱਸਦੇ ਪਰਵਾਸੀ ਪੰਜਾਬੀ ਲੇਖਕ ਹਨ। ਪੰਜਾਬ ਰਹਿੰਦਿਆਂ ਉਹਨਾਂ ਨੇ ਤੀਹ ਸਾਲ ਬਤੌਰ ਅੰਗਰੇਜ਼ੀ ਦੇ ਲੈਕਚਰਾਰ ਆਪਣੀਆਂ ਸੇਵਾਵਾਂ ਦਿੱਤੀਆਂ। ਹੁਣ ਤੱਕ ਉਹਨਾਂ ਦੇ ਦੋ ਕਹਾਣੀ-ਸੰਗ੍ਰਹਿ, ਇਕ ਨਾਵਲ, ਇਕ ਗ਼ਜ਼ਲ ਸੰਗ੍ਰਹਿ, ਦੋ ਕਾਵਿ-ਸੰਗ੍ਰਹਿ ਛੱਪ ਚੁੱਕੇ ਹਨ

### ਗ਼ਜ਼ਲ

ਭਾਵਨਾਵਾਂ ਤੋਂ ਸੱਖਣੇ ਲੋਕ, ਮਸ਼ੀਨਾਂ ਹੋ ਬੈਠੇ।
ਰੁੱਖ ਬਿਨਾਂ, ਮਾਰੂਥਲ ਹਾਰ, ਜ਼ਮੀਨਾਂ ਹੋ ਬੈਠੇ।
ਲੈ ਸਤਿਕਾਰ ਕਿਸੇ ਤੋਂ, ਕੋਈ ਕਰਨਾ ਭੁੱਲ ਜਾਵੇ,
ਆਖੇ ਕੀ, ਜੇ ਕੋਈ, ਗ਼ੈਰ-ਯਕੀਨਾ ਹੋ ਬੈਠੇ।
ਸੋਚਿਆ ਸੀ, ਅੰਬਰ ਦੀ ਹਿੱਕ ਤੇ ਮਹਿਲ ਉਸਾਰਾਂਗੇ,।
ਕੰਧਾਂ ਲਿੱਪਣ, ਮਿੱਟੀ ਲੈ, ਘਰਕੀਨਾ ਹੋ ਬੈਠੇ।
ਕੀ ਫੁੱਲਾਂ ਦੀ ਮਹਿਕ ਮਰੀ ਜਾਂ ਖੋਈ ਸੁੰਘਣ ਸ਼ਕਤੀ,
ਜੀਵਨ ਚਾਹ ਮੁਰਝਾਈ, ਜ਼ਖ਼ਮੀ ਸੀਨਾ ਹੋ ਬੈਠੇ।
ਧਰਮ ਹੈ ਇੱਕੋ, ਭੁੱਲ ਵਖਰੇਵੇ, ਸਭ ਦੀ ਖ਼ੈਰ ਮੰਗੇ,
ਧਰਮ ਦੀ ਹਿੱਕ ਪਾੜਨ ਨੂੰ, ਕੌਣ ਸੰਗੀਨਾ ਹੋ ਬੈਠੇ।
ਮੱਧਮ ਹੋਵੇ, ਆਭਾ ਖੋਵੇ, ਮੁੱਲ ਤਾਂ ਚਮਕਣ ਦਾ
ਸੱਜਣ, ਮੁੰਦਰੀ ਉੱਪਰ, ਜੜਤ ਨਗੀਨਾ ਹੋ ਬੈਠੇ।
ਸ਼ਬਨਮ ਆਪ ਨਿਛਾਵਰ ਹੋਵੇ, ਹਰਦਮ ਫੁੱਲਾਂ ਤੋ,
ਉਸ ਅੰਦਰਲਾ ਸਹਿਜ, ਨਾ ਸਾੜਾ-ਕੀਨਾ ਹੋ ਬੈਠੇ।
ਜਾਗ 'ਪੰਜੂ' ਕਿ ਪਹੁ ਫੁੱਟਣ ਨੂੰ ਵੀ ਪਰਵਾਸ ਰਹੇ,
ਚਾਹਤ ਦਾ ਚਿਹਰਾ ਚਮਕੇ, ਨਾ ਮਨੋ ਕਮੀਨਾ ਹੋ ਬੈਠੇ।

**ਮਹਿੰਦਰ ਸਿੰਘ ਪੰਜੂ**
**ਕੈਨੇਡਾ**
**519590131612**
**mohinderpanjupoohli@gmail.com**

## ਨਜ਼ਮ

ਪ੍ਰੋ. ਪਰਬਿੰਦਰ ਸਿੰਘ



ਅਮਰੀਕਾ ਵੱਸਦੇ ਪ੍ਰੋ. ਪਰਬਿੰਦਰ ਸਿੰਘ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਉਪਰੰਤ ਗੋਰਮਿੰਟ ਕਾਲਜ ਹੁਸ਼ਿਆਪੁਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁੱਖੀ ਅਤੇ ਗੋਰਮਿੰਟ ਕਾਲਜ ਜੰਡਿਆਲਾ ਦੇ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ। ਪ੍ਰੋ. ਪਰਬਿੰਦਰ ਸਿੰਘ ਦੀ ਰੁਚੀ ਮੂਲ ਤੌਰ ਤੇ ਨਾਟਕ ਅਤੇ ਪੰਜਾਬੀ ਲੋਕ ਨਾਚਾਂ ਵਿਸ਼ੇਸ਼ ਕਰਕੇ ਭੰਗੜੇ ਵਿਚ ਰਹੀ ਹੈ। ਇਸ ਨਾਲ ਸੰਬੰਧਤ ਇਹਨਾਂ ਨੇ ਕਈ ਖੋਜ ਪੱਤਰ ਵੀ ਲਿਖੇ ਹਨ। 'ਪਰਵਾਸ' ਤੋਂ ਪ੍ਰੇਰਿਤ ਹੋ ਕੇ ਲਿਖੀ ਇਹ ਉਹਨਾਂ ਦੀ ਦੂਸਰੀ ਕਵਿਤਾ ਹੈ

### ਵਿਸ਼ਵਾਸ

ਇਹ ਕੈਸਾ ਸਮਾਂ ਆਇਆ ਹੈ
ਹਰ ਕੋਈ
ਡਰਿਆ ਹੋਇਆ ਹੈ।
ਆਪਣੇ ਹੀ ਘਰ ਅੰਦਰ
ਵੜਿਆ ਹੋਇਆ ਹੈ।
ਉਸਦੇ ਸਭ ਵਿਸ਼ਵਾਸ
ਥਿੜਕ ਗਏ ਨੇ,
ਉਸਦੇ ਸਭ ਰਿਸ਼ਤੇ
ਤਿੜਕ ਗਏ ਨੇ।

ਅੱਜ ਤੱਕ ਸੁਣਦੇ ਆਏ ਹਾਂ
ਉਹ ਸ਼ਕਤੀਆਂ ਵਾਲਾ ਹੈ,
ਉਹ ਮਿਹਰਾਂ ਵਾਲਾ ਹੈ।
ਪਰ ਅੱਜ ਜਦ
ਉਸਦੀ ਲੋੜ ਪਈ,
ਤਾਂ ਉਸਦੇ ਘਰ
ਬੰਦ ਪਏ ਨੇ।
ਇੰਜ ਲਗਦਾ ਹੈ ਸਾਡੇ ਵਾਂਗੂੰ
ਉਹ ਵੀ ਅੰਦਰ
ਵੜਿਆ ਹੋਇਆ ਹੈ।

ਇਹ ਵੀ ਤਾਂ ਸੁਣਦੇ ਆਏ ਹਾਂ
ਬੰਦਾ ਹੀ ਬੰਦੇ ਦਾ ਦਾਰੂ ਹੈ।
ਅੱਜ ਜਦ
ਸਹਿਮ ਦੀਆਂ ਘੜੀਆਂ ਵਿਚ
ਇਸਦਾ ਚੇਤਾ ਆਇਆ,
ਤਾਂ ਪ੍ਰਤੱਖ ਵੇਖ ਲਿਆ
ਉਹ ਜਾਨ ਦੀ ਬਾਜ਼ੀ ਲਾਉਂਦਾ ਹੈ।
ਤੇ ਖ਼ਲਕਤ ਤਾਂਈ
ਬਚਾਉਂਦਾ ਹੈ।

ਹੁਣ ਤਾਂ ਬੈਠਾ,
ਇਹੀ ਸੋਚਾਂ ਸੋਚੀ ਜਾਵਾਂ,
ਜੇ 'ਬੰਦਾ' ਵੀ ਉਸ ਵਾਂਗੂੰ
ਕਰ ਜਾਂਦਾ
ਤਾਂ ਫਿਰ ਲੋਕਾਂ ਦਾ ਕੀ ਹੁੰਦਾ।

ਪ੍ਰੋ. ਪਰਬਿੰਦਰ ਸਿੰਘ
ਸੈਨਫਰਾਂਸਿਸਕੋ, ਅਮਰੀਕਾ
+(209)328-3316

## ਨਜ਼ਮ

### ਡਾ. ਦਵਿੰਦਰ ਜੀਤਲਾ



ਡਾ. ਦਵਿੰਦਰ ਸਿੰਘ ਜੀਤਲਾ ਨੇ 1986 ਨੂੰ ਕੀਨੀਆ ਵਿੱਚ ਪਰਵਾਸ ਧਾਰਨ ਕੀਤਾ। ਅੱਜ ਕਲ੍ਹ ਉਹ ਆਸਟਰੇਲੀਆ ਵਿੱਚ ਰਹਿ ਰਹੇ ਹਨ ਅਤੇ ਨਿਰੰਤਰ ਸਾਹਿਤ ਸਿਰਜਣਾ ਨਾਲ ਜੁੜ੍ਹੇ ਹੋਏ ਹਨ। ਉਹਨਾਂ ਦੇ ਦੋ ਕਾਵਿ-ਸੰਗ੍ਰਹਿ 'ਸੋਚਾਂ ਦਾ ਸਿਲਸਿਲਾ' ਅਤੇ ਆਲ੍ਹਣੇ ਦਾ ਤਿਣਕਾ' ਪ੍ਰਕਾਸ਼ਿਤ ਹੋ ਚੁੱਕੇ ਹਨ।

### ਰਾਤ ਦਾ ਹਨੇਰਾ

ਰਾਤ ਦੇ ਹਨੇਰੇ ਵਿੱਚ ਵੀ ਬਹੁਤ ਕੁਝ
ਦਿਖਾਈ ਦਿੰਦਾ ਹੈ।
ਪਾਪਾਂ ਨੂੰ ਛੁਪਾ ਨਹੀ ਸਕਦਾ ਬੇਵੱਸ
ਹਨੇਰਾ ਕਹਿੰਦਾ ਹੈ।
ਜ਼ਰੂਰੀ ਨਹੀ ਬੇਵਫ਼ਾਈ ਦੀ ਉਸ ਦੀ
ਚਰਚਾ ਸ਼ਰੇਆਮ ਹੋਵੇ।
ਸ਼ਾਇਦ ਉਹ ਵੀ ਬੇਵੱਸ ਹੋਵੇ ਕਿਸੇ
ਹਾਲ ਤੋ ਪਰੇਸ਼ਾਨ ਹੋਵੇ।
ਅੱਜ ਕੱਲ੍ਹ ਹਾਲਾਤ ਵੀ ਤਾਂ ਇਵੇਂ
ਮਰੋੜੇ ਤਰੋੜੇ ਜਾਂਦੇ ਨੇ
ਝੂਠੇ ਮਹਿਲ ਉਸਾਰਨ ਲਈ ਕੂੜ ਦੇ
ਪੱਥਰ ਜੋੜੇ ਜਾਂਦੇ ਨੇ।
ਚਲਦੇ ਚਲਦੇ ਅਚਾਨਕ ਰੁਕਣਾ
ਅਚੰਭੇ ਵਾਲੀ ਗੱਲ ਨਹੀਂ।
ਮਜ਼ਲੂਮ ਨੂੰ ਅੱਖੋਂ ਉਹਲੇ ਕਰਨਾ ਇਹ
ਤਾਂ ਕੋਈ ਹੱਲ ਨਹੀਂ।
ਸੁੱਕੇ ਪੱਤਿਆਂ ਦੀ ਖੜ ਖੜ ਵੀ ਇਕ
ਨੂਰਾਨੀ ਆਵਾਜ਼ ਹੈ।
ਭਾਵੇਂ ਅੰਜਾਮ ਹੈ ਇਕ ਸਫ਼ਰ ਦਾ ਪਰ
ਦੂਜੇ ਦਾ ਆਗਾਜ਼ ਹੈ।
ਜੋ ਸਿਰਫ ਇਕ ਤਰਫਾ ਹੈ ਨਹੀਂ
ਮਤਲਬ ਉਸ ਚਾਹਤ ਦਾ।
ਜਿਸਦਾ ਸਿਲਾ ਬਸ ਮੌਤ ਹੈ ਨਹੀਂ
ਮਤਲਬ ਉਸ ਰਾਹਤ ਦਾ।

### ਆਲਣ੍ਹੇ ਦਾ ਤਿਣਕਾ

ਬਾਗ ਉਜੜ ਜਾਣਾ ਇਸ ਵਿਚ ਕੋਈ
ਸ਼ੱਕ ਨਹੀ,
ਬਸ ਦੋ ਦਿਨ ਸੁਪਨੇ ਬਹਾਰ ਦੇ ਤਾਂ ਲੈ
ਲੈਣ ਦਿਉ।

ਗਿਰਝਾਂ ਦੇ ਪਰਤਣ ਦੀ ਹਵਾ ਵੀ ਹੁਣ
ਚੱਲ ਪਈ,
ਪਿੰਜਰ ਨੂੰ ਛੁਪਣ ਦੀ ਕੋਸ਼ਿਸ਼ ਤਾਂ ਕਰ
ਲੈਣ ਦਿਉ।

ਸਦੀਆਂ ਦੇ ਸਭ ਇਤਰਾਜ਼ ਅੱਜ ਵੀ
ਤਰੋ ਤਾਜ਼ਾ ਨੇ,
ਜ਼ਾਲਿਮ ਨੂੰ ਇਕ ਵਾਰ ਰੰਗਤਾਂ ਦਿਖਾ
ਲੈਣ ਦਿਉ।

## ਨਜ਼ਮਾਂ/ਗ਼ਜ਼ਲਾਂ

ਭਾਵੇਂ ਮੰਜ਼ਿਲ ਦਾ ਫ਼ਾਸਲਾ ਅਜੇ ਵੀ ਬਰਕਰਾਰ ਹੈ,
ਰਹਿਨੁਮਾ ਨੂੰ ਇਕ ਹੋਰ ਇਸ਼ਾਰਾ ਤਾਂ ਕਰ ਲੈਣ ਦਿਉ।

ਸ਼ੋਰ ਸ਼ਰਾਬੇ ਵਿਚ ਸਭ ਅਣਸੁਣਿਆਂ ਰਹਿ ਜਾਏਗਾ,
ਚੌਕੀਦਾਰ ਨੂੰ ਫਿਰ ਇਕ ਹੋਕਾ ਤਾਂ ਦੇ ਦੇਣ ਦਿਉ।

ਭਾਵੇਂ ਝੱਖੜ ਵਿੱਚ ਸਭ ਉਥਲ ਪੁਥਲ ਹੋ ਜਾਵੇਗਾ,
ਪੰਛੀ ਨੂੰ ਆਲ੍ਹਣੇ ਦਾ ਤਿਣਕਾ ਤਾਂ ਲਾ ਲੈਣ ਦਿਉ।


### ਅਧੂਰੇ ਸੁਪਨੇ

ਸ਼ੋਰ ਸ਼ਰਾਬੇ ਦੀ ਜ਼ੁਬਾਨ ਮੈਨੂੰ ਸਮਝ ਨਹੀਂ ਆਉਂਦੀ,
ਮੇਰੇ ਕੰਨ ਨਾਸਮਝ ਖਾਮੋਸ਼ੀਆਂ ਸੁਣਦੇ ਰਹਿੰਦੇ ਨੇ।

ਸੰਗਮਰਮਰ ਦੇ ਸ਼ਹਿਰ ਵਿੱਚ ਚਰਚਾ ਹੈ ਸੰਗਤਰਾਸ਼ ਦੀ,
ਮੇਰੀ ਬਸਤੀ ਵਿੱਚ ਬੇਵੱਸ ਅਧੂਰੇ ਸੁਪਨੇ ਬੁਣਦੇ ਰਹਿੰਦੇ ਨ।

**ਡਾ. ਦਵਿੰਦਰ ਜੀਤਲਾ**
**ਆਸਟਰੇਲੀਆ**
**dsjitla@yahoo.com.u**



## ਨਜ਼ਮ
ਅਮਨਜੀਤ ਕੌਰ ਸ਼ਰਮਾ



ਅਮਨਜੀਤ ਕੌਰ ਸ਼ਰਮਾ ਅੱਜ ਕੱਲ੍ਹ ਅਮਰੀਕਾ ਵਿੱਚ ਵੱਸਦੀ ਹੈ। ਅਮਰੀਕਾ ਜਾਣ ਤੋਂ ਪਹਿਲਾਂ ਉਹ ਗੁਰੂ ਨਾਨਕ ਪਬਲਿਕ ਸਕੂਲ ਲੁਧਿਆਣਾ ਵਿੱਚ ਅਧਿਆਪਕਾ ਸੀ ਤੇ ਅੱਜ ਵੀ ਉਸ ਨੂੰ ਉਸ ਦੇ ਵਿਦਿਆਰਥੀ ਬੜੀ ਹੀ ਸ਼ਿੱਦਤ ਨਾਲ ਯਾਦ ਕਰਦੇ ਹਨ। ਭਾਵੇਂ ਅਜੇ ਤੱਕ ਉਸ ਦੀ ਕੋਈ ਕਿਤਾਬ ਨਹੀਂ ਛਪੀ ਪਰ ਫੇਸਬੁੱਕ 'ਤੇ ਉਸ ਦੀਆਂ ਖ਼ੂਬਸੂਰਤ ਕਵਿਤਾਵਾਂ ਨੇ ਪਾਠਕਾਂ ਨੂੰ ਆਪਣੇ ਨਾਲ ਜੋੜਿਆ ਹੋਇਆ ਹੈ

### ਨਜ਼ਮ

ਨਿਰਾਲੇ ਨੇ ਨਫ਼ਰਤਾਂ ਅਤੇ ਖ਼ਿਦਮਤਾਂ ਦੇ ਕਿੱਸੇ,
ਅੱਲਾਹ ਦੀ ਬੰਦਗੀ ਤੇ ਚਾਹਤਾਂ ਦੇ ਕਿੱਸੇ।
ਬੰਦਿਆ, ਤੂੰ ਛੱਡ, ਤੇਰੇ ਵੱਸ ਦੀ ਨਾ ਗੱਲ
ਹੁੰਦੇ ਨੇ ਅਜੀਬ ਇਹ ਮੁਹੱਬਤਾਂ ਦੇ ਕਿੱਸੇ।

ਬੰਦਗੀ ਕਰ ਨਾਲ ਸੁੱਚੜੇ ਅਹਿਸਾਸ ਤੂੰ
ਐਵੇ ਨੀ ਮਿਲਦੇ ਉਹਦੀਆਂ ਰਹਿਮਤਾਂ ਦੇ ਕਿੱਸੇ।

ਜਦੋ ਹੋਵੇ ਦਇਆਲ ਤੇ ਦਿੰਦਾ ਛੱਤਾਂ ਪਾੜ ਕੇ
ਬਿਆਨ ਨਾ ਹੁੰਦੇ, ਉਹਦੀਆਂ ਬਖ਼ਸ਼ਿਸ਼ਾਂ ਦੇ ਕਿੱਸੇ।

ਜਿਸ ਨੂੰ ਨਵਾਜ਼ੇ ਉਹ ਪਰਵਰਦਿਗ਼ਾਰ ਮੇਰਾ
ਫੇਰ ਰੂਹ ਨੂੰ ਰਜਾਉਂਦੇ ਨਵਾਜਿਸ਼ਾਂ ਦੇ ਕਿੱਸੇ।

ਜਦ ਰੋਹ 'ਚ ਆਉਂਦਾ, ਤਾਂ ਦੇਖੇ ਨਾ ਅੱਗਾ ਪਿੱਛਾ
ਰਾਜੇ ਵੀ ਭੁਗਤਣ ਫੇਰ ਗੁਰਬਤਾਂ ਦੇ ਕਿੱਸੇ।

ਅਜ਼ਲਾਂ ਤੋਂ ਬਖ਼ਸ਼ਦਾ ਆਇਆ ਗੁਨਾਹ ਤੇਰੇ
ਛੱਡ ਦੁਹਰਾਉਣੇ ਅਮਨ ਗੁਨਾਹਾਂ ਦੇ ਕਿੱਸੇ।

ਅਮਨਜੀਤ ਕੌਰ ਸ਼ਰਮਾ
ਲਾਸ ਏਂਜ਼ਲਸ, ਕੈਲੇਫੋਰਨੀਆ

## ਨਜ਼ਮ

## ਪਵਿੱਤਰ ਕੌਰ ਮਾਟੀ



ਪਵਿੱਤਰ ਕੌਰ ਮਾਟੀ ਕੈਲੇਫੋਰਨੀਆ ਵੱਸਦੀ ਲੇਖਿਕਾ ਹੈ ਹੁਣ ਤੱਕ ਉਸਦੇ 2 ਕਹਾਣੀ-ਸੰਗ੍ਰਹਿ 'ਮਾਰੂਥਲ ਤੋ ਪਾਰ' ਅਤੇ 'ਸ਼ਾਹ ਰਗ ਤੋ ਵੀ ਨੇੜੇ' ਛਪ ਚੁੱਕੇ ਹਨ। ਕਵਿਤਾ ਵਿੱਚ ਵੀ ਇਹ ਪੂਰੀ ਤਰ੍ਹਾਂ ਸਰਗਰਮ ਹਨ ਅਤੇ ਜਲਦ ਹੀ ਆਪਣਾ ਪਲੇਠਾ ਕਾਵਿ-ਸੰਗ੍ਰਹਿ ਪਾਠਕਾਂ ਸਨਮੁੱਖ ਕਰਨਗੇ।

### ਮਰੇ ਮਨ

ਮੈਨੂੰ ਵੀ ਰੰਗਾਂ ਨਾਲ, ਬਹੁਤ ਪਿਆਰ ਸੀ
ਉਸਦੀ ਸਤਰੰਗੀ ਪੱਗ ਵਰਗੀ
ਅੰਬਰੀ ਪੀਘ ਨਾਲ
ਜੁਗਨੂੰਆਂ ਨਾਲ, ਤਿੱਤਲੀਆਂ ਨਾਲ
ਮੇਰੇ ਵੱਡੇ ਸਾਰੇ ਮੱਥੇ 'ਤੇ
ਚੰਨ ਦਾ ਟਿੱਕਾ ਸੀ
ਉਦੋ ਮੈਂ ਦੁਨੀਆਂ ਤੋਂ ਸੋਹਣੀ ਸੀ ।
ਚੱਲ ਛੱਡ
ਇਹ ਤਾਂ ਜਿਉਂਦੇ ਜੀਅ ਦੀਆਂ ਗੱਲਾਂ ਨੇ।
ਹੁਣ ਤਾਂ ਜੁੱਗੜੇ ਹੋ ਗਏ,
ਮਨ ਮੋਏ ਨੂੰ
ਮਰੇ ਮਨ ਵੀ
ਉੱਜੜੇ ਘਰਾਂ ਵਰਗੇ ਹੁੰਦੇ ਨੇ
ਜਿੰਨ੍ਹਾਂ ਦੇ ਬਨੇਰਿਆਂ 'ਤੇ
ਕਾਂ ਨਹੀਂ,
ਕਬੂਤਰ ਈ ਬੋਲਦੇ, ਗੰਦ ਪਾਉਂਦੇ।

### ਅੱਖਰਾਂ ਦੇ ਗਹਿਣੇ


ਮੇਰੇ ਕੋਲ ਨਹੀਂ
ਸਜਣ ਸੰਵਰਨ ਦਾ ਅਜਿਹਾ ਸਮਾਨ
ਜਿਸ ਨੂੰ ਲਾ ਪਾ ਕੇ
ਸੋਹਣੀ ਹੋਣ ਦਾ ਭਰਮ ਪਾਲਾਂ
ਮੇਰੇ ਕੋਲ ਤਾਂ
ਕਿਤਾਬਾਂ ,ਡਾਇਰੀਆ ਤੇ ਕਲਮਾਂ ਨੇ।
ਮੇਰਾ ਸ਼ਿੰਗਾਰ ਤਾਂ
ਅੱਖਰਾਂ ਦੇ ਉਹ ਗਹਿਣੇ ਨੇ
ਜੋ ਨਾ ਲਾਹਿਆਂ ਲੱਥਣ
ਨਾ ਧੋਤਿਆਂ ਖਰਾਬ ਹੋਣ ।
ਮੈਂ ਅੱਖਾਂ 'ਚ ਸੁਰਮਾ ਨਹੀਂ,
ਸੁਪਨੇ ਸਜਾਉਦੀ ਆ।
ਮੇਰੇ ਚਿਹਰੇ 'ਤੇ ਮੇਕਅਪ ਨਹੀਂ
ਮੁਹੱਬਤ ਦਾ ਗੁਲਾਲ ਏ।
ਭਲਾ ਉਹ ਸੁਹੱਪਣ ਕਾਹਦਾ?
ਜੋ ਪਾਣੀ ਲੱਗਦੇ ਹੀ ਵਹਿ ਜਾਏ ਕਿਸੇ ਨਾਲੀ 'ਚ।


## ਫੋਲਾ ਫਾਲੀ

ਲੋਕ ਜੱਦ ਮੈਨੂੰ ਮਿਲਣਾ ਚਾਹੁੰਦੇ ਨੇ
ਤਾਂ ਮੈਂ ਰੁਝੇਵਿਆਂ ਚੋਂ
ਉਹਨਾਂ ਲਈ ਵਕਤ ਕੱਢਦੀ ਆਂ।
ਦੁੱਖ ਉਦੋਂ ਹੁੰਦਾ
ਜਦੋ ਉਹ ਮਿਲਦੇ ਨੇ
ਮੇਰੇ ਕੱਪੜਿਆਂ ਨੂੰ
ਮੇਰੇ ਚਿਹਰੇ ਨੂੰ
ਮੇਰੇ ਸਟੇਟਸ ਨੂੰ
ਮੇਰੇ ਘਰ ਦੇ ਕੋਨੇ ਕੋਨੇ ਨੂੰ।
ਬੈੱਡ ਰੂਮ ਤੋਂ ਬਾਥਰੂਮ ਤੱਕ
ਨਜ਼ਰੋਂ ਨਜ਼ਰੀ ਘੁੰਮਦੇ
ਨਿਹਾਰਦੇ ਨੇ ਬਾਰੀਕੀ ਨਾਲ
ਘਰ ਦੀ ਹਰ ਨਿੱਕੀ ਮੋਟੀ ਵਸਤ ਨੂੰ।
ਫਿਰ ਕਰਦੇ ਨੇ
ਰਿਸ਼ਤਿਆਂ ਦੀ ਫੋਲਾ ਫਾਲੀ
ਤੇ ਕਹਿ ਕੇ ਚਲੇ ਜਾਂਦੇ ਨੇ,
ਬਹੁਤ ਵਧੀਆ ਲੱਗਾ, ਤੁਹਾਨੂੰ ਮਿਲ ਕੇ।
ਮੈਂ ਸੋਚਦੀ ਹਾਂ

ਤੁਸੀਂ ਮੈਨੂੰ ਤਾਂ ਮਿਲੇ ਹੀ ਨਹੀਂ
ਜਨਾਬ।

**ਪਵਿੱਤਰ ਕੌਰ ਮਾਟੀ**
**ਫਰੈਜ਼ਨੋ, ਕੈਲੇਫੋਰਨੀਆ**




ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋਂ ਪ੍ਰਕਾਸ਼ਿਤ, ਪਰਵਾਸੀ ਪੰਜਾਬੀ ਸਾਹਿਤ ਤੇ ਆਧਾਰਿਤ ਅੰਗਰੇਜ਼ੀ ਤੇ ਹਿੰਦੀ ਦੀਆਂ ਆਲੋਚਨਾਤਮਕ ਪੁਸਤਕਾਂ

# ਲਾਕਡਾਊਨ: ਅਵਤਾਰ ਐਸ ਸੰਘਾ



ਅੱਜ ਕੱਲ੍ਹ ਸਿਡਨੀ ਵੱਸਦਾ ਅਵਤਾਰ ਸਿੰਘ ਸੰਘਾ ਖ਼ਾਲਸਾ ਕਾਲਜ ਗੜ੍ਹਸ਼ੰਕਰ (ਹੁਸ਼ਿਆਰਪੁਰ) ਵਿਖੇ ਲੱਗਪਗ ਪੱਚੀ ਸਾਲ ਅੰਗਰੇਜ਼ੀ ਦੇ ਲੈਕਚਰਾਰ ਵਜੋ ਕਾਰਜਸ਼ੀਲ ਰਹੇ ਹੈ। ਉਹ ਇੱਕ ਕਹਾਣੀਕਾਰ ਹੋਣ ਦੇ ਨਾਲ ਨਾਲ ਵਧੀਆ ਨਿਬੰਧਕਾਰ ਵੀ ਹੈ। ਪਿਛਲੇ ਤਕਰੀਬਨ ਛੇ ਸਾਲਾਂ ਤੋਂ ਸਿਡਨੀ ਮਾਸਿਕ ਪੱਤਰ 'News Magazine' ਵੀ ਪ੍ਰਕਾਸ਼ਿਤ ਕਰ ਰਿਹਾ ਹੈ। ਪੇਸ਼ ਹੈ ਅਜੋਕੇ ਮਾਹੌਲ ਨੂੰ ਦਰਸਾਉਦੀ ਉਸ ਦੀ ਇੱਕ ਸੱਜਰੀ ਕਹਾਣੀ

ਦੁਨੀਆ ਵਿਚ ਫੈਲੇ ਕਰੋਨਾਵਾਇਰਸ ਤੋਂ ਬਚਾਓ ਲਈ ਸਰਕਾਰਾਂ ਵਲੋਂ ਲਗਾਏ ਲਾਕਡਾਊਨ ਸਮੇਂ ਮਨੁੱਖ ਨੂੰ ਜ਼ਿਆਦਾ ਘਰਾਂ ਵਿਚ ਹੀ ਰਹਿਣਾ ਪੈਂਦਾ। ਅਜਿਹੇ ਹਾਲਾਤਾਂ ਵਿਚ ਸਮਾਂ ਬਿਤਾਉਣ ਲਈ ਲੋਕ ਟੈਲੀਫੋਨ ਦਾ ਬੜਾ ਪ੍ਰਯੋਗ ਕਰਦੇ ਹਨ। ਮੇਰੇ ਵੀ ਆਪਣੇ ਇਕ ਚੰਡੀਗੜ੍ਹ ਵਿਖੇ ਰਹਿੰਦੇ ਦੋਸਤ ਨਾਲ ਟੈਲੀਫੋਨ 'ਤੇ ਗੱਲ ਅਕਸਰ ਚਲਦੀ ਹੀ ਰਹਿੰਦੀ ਸੀ। ਜਿਸ ਦਿਨ ਅੰਮ੍ਰਿਤਸਰ ਵਿਖੇ ਹਜੂਰੀ ਰਾਗੀ ਦੀ ਕਰੋਨਾਵਾਇਰਸ ਨਾਲ ਮੌਤ ਹੋਈ ਤੇ ਉਸਦਾ ਸੰਸਕਾਰ ਰੋਕਣ ਲਈ ਸ਼ਮਸ਼ਾਨਘਾਟ ਨੂੰ ਤਾਲਾਬੰਦੀ ਕਰ ਦਿੱਤੀ ਗਈ, ਉਸ ਦਿਨ ਸਾਡੀਆਂ ਜਾਤੀ ਅਤੇ ਸਿਆਸੀ ਭੇਦਭਾਵ ਬਾਰੇ ਲੰਬੀਆਂ ਗੱਲਾਂ ਚੱਲ ਪਈਆਂ।

"ਰਾਗੀ ਨਾਲ ਬੜੀ ਮਾੜੀ ਹੋਈ। ਐਡੇ ਉੱਚੇ ਪੁਰਸਕਾਰ ਪ੍ਰਾਪਤ ਵਿਅਕਤੀ ਦੀ ਮੌਤ ਤੋਂ ਬਾਦ ਵੀ ਉਸ ਨਾਲ ਭੇਦ ਭਾਵ ਕੀਤਾ ਗਿਆ", ਮੈਂ ਪੂਰੀ ਤਰ੍ਹਾਂ ਗਰਮਾਇਆ ਹੋਇਆ ਚਲੰਤ ਵਿਸ਼ਾ ਛੂਹਿਆ।

"ਸੁਣਿਐ, ਜੇ ਪੰਜਾਬ ਵਿਚ ਅਕਾਲੀਆਂ ਦਾ ਰਾਜ ਹੁੰਦਾ ਤਾਂ ਇਵੇਂ ਨਹੀਂ ਹੋਣਾ ਸੀ। ਇੰਜ ਕਾਂਗਰਸੀਆਂ ਦੇ ਰਾਜ ਕਰਕੇ ਹੀ ਹੋਇਆ ਏ", ਮੇਰਾ ਦੋਸਤ ਕਹਿਣ ਲੱਗਾ।

"ਮੈਨੂੰ ਤਾਂ ਯਾਰ ਇਕ ਹੋਰ ਸ਼ੱਕ ਵੀ ਪੈ ਰਿਹਾ ਏ।"

"ਉਹ ਕੀ"

"ਰਾਗੀ ਮਜ੍ਹਬੀ ਸਿੱਖ ਸੀ। ਸਾਡੇ ਪਿੰਡਾਂ ਵਿਚ ਹਰੀਜਨਾਂ ਅਤੇ ਮਜ੍ਹਬੀਆਂ ਦੇ ਅੱਡ-ਅੱਡ ਸ਼ਮਸ਼ਾਨਘਾਟ ਹਨ। ਕਿਤੇ ਉਸਦੀ ਜਾਤੀ ਕਰਕੇ ਤਾਂ ਨਹੀ ਰੇੜਕਾ ਖੜ੍ਹਾ ਹੋਇਆ"

"ਮੈਨੂੰ ਇੰਜ ਨਹੀ ਲੱਗਦਾ।"

"ਤੈਨੂੰ ਕੀ ਲੱਗਦਾ ਏ"

"ਅਸਲ ਵਿਚ ਸਾਡੇ ਲੋਕ ਕਰੋਨਾਵਾਇਰਸ ਦੇ ਫੈਲਾਅ ਤੋ ਇੰਨੇ ਡਰ ਗਏ ਹਨ ਕਿ ਉਹਨਾਂ ਨੂੰ ਇੰਜ ਮਹਿਸੂਸ ਹੋਣ ਲੱਗ ਪਿਆ ਕਿ ਸ਼ਾਇਦ ਇਹ ਵਾਇਰਸ ਹਵਾ ਰਾਹੀਂ ਵੀ ਫੈਲਦਾ ਹੋਵੇ। ਪਿੰਡ ਦੇ ਨੇੜੇ ਸਿਵਾ ਜਲਣ ਕਰਕੇ ਇਸ ਰੋਗ ਦੇ ਜਿਵਾਣੂ ਪਿੰਡ ਵੱਲ ਵੀ ਆ ਸਕਦੇ ਹਨ। ਇਸ ਨਾਲ ਇਹ ਬਿਮਾਰੀ ਤੇਜੀ ਨਾਲ ਪਿੰਡ ਵਿਚ ਵੀ ਫੈਲ ਸਕਦੀ ਹੈ। ਇਸ ਲਈ ਉਹਨਾਂ ਸੋਚਿਆ ਕਿ ਦਾਗ ਪਿੰਡ ਤੋ ਦੂਰ ਦਿੱਤੇ ਜਾਣ।"

"ਕੀ ਤੂੰ ਸਾਡੇ ਲੋਕਾਂ ਦੀ ਜਾਤੀਵਾਦੀ ਸੋਚ ਨੂੰ ਉੱਕਾ ਰੱਦ ਕਰਦਾ ਏ" ਮੈਨੂੰ ਤਾਂ ਲਗਦਾ ਏ ਕਿ ਜਾਤੀਵਾਦ ਸਾਡੇ ਸਮਾਜ ਵਿਚ ਅਜੇ ਵੀ ਹੈ। ਪਹਿਲਾਂ ਤਾਂ ਇਹ ਬਹੁਤ ਸੀ। ਸਾਡੇ ਨੇਤਾ ਵੀ ਬੜੇ ਸ਼ਾਤਰ ਸਨ।"

"ਤੇਰਾ ਕੀ ਭਾਵ ਏ"

"ਜਦ ਡਾ. ਅੰਬੇਡਕਰ ਨੇ ਸਿੱਖ ਲੀਡਰਾਂ ਨੂੰ ਕਿਹਾ ਸੀ ਕਿ ਸਾਰੇ ਅਛੂਤ ਸਿੱਖ ਬਣਨ ਨੂੰ ਤਿਆਰ ਹਨ ਉਸ ਸਮੇਂ ਸਿੱਖ ਲੀਡਰਾਂ ਨੇ ਅਛੂਤਾਂ ਦੀ ਪੰਥ ਵਿਚ ਨੂੰ ਸ਼ਮੂਲੀਅਤ ਨੂੰ ਨਕਾਰ ਦਿੱਤਾ ਸੀ। ਉਹਨਾਂ ਨੂੰ ਡਰ ਸੀ ਕਿ ਡਾ. ਅੰਬੇਡਕਰ ਸਿੱਖਾਂ ਦਾ ਸੰਪੂਰਣ ਨੇਤਾ ਨਾ ਬਣ ਜਾਵੇ।"

"ਮੈਂ ਤੇਰੇ ਵਿਚਾਰ ਨਾਲ ਸਹਿਮਤ ਹਾਂ। ਚਲ ਰਾਗੀ ਦਾ ਕੇਸ ਛੱਡ ਕੇ ਇਸ ਵਿਸ਼ੇ ਬਾਰੇ ਹੋਰ ਗੱਲ ਕਰਦੇ ਹਾਂ। ਮੈਂ ਲੰਬਾਂ ਸਮਾਂ ਬੈਂਕ ਦੀ ਨੌਕਰੀ 'ਚ ਰਿਹਾ। ਮੇਰੀ ਪੋਸਟਿੰਗ ਕਾਫੀ ਸਮਾਂ ਬਿਹਾਰ ਵਿਚ ਰਹੀ। ਉੱਥੇ ਵੀ ਮੈਂ ਜਾਤੀਵਾਦ ਨੂੰ ਸਿਖਰ 'ਤੇ ਦੇਖਿਆ।"

"ਕੋਈ ਵਾਕਿਆ ਕੋਈ ਮਿਸਾਲ"

"ਅਸੀਂ ਬੈਂਕ ਅਫਸਰ ਪਿੰਡਾਂ ਵਿਚ ਰੀਕਵਰੀ ਕਰਨ ਲਈ ਜਾਇਆ ਕਰਦੇ ਸਾਂ। ਮੈਂ ਸ਼ਰਮਾ ਸਾਂ। ਮੇਰੇ ਨਾਲ ਇਕ ਅਫਸਰ ਏ. ਐਲ. ਯਾਦਵ ਹੋਇਆ ਕਰਦਾ ਸੀ। ਤੈਨੂੰ ਸ਼ਾਇਦ ਪਤਾ ਹੋਣਾ ਏ ਕਿ ਯਾਦਵ ਬਿਹਾਰ ਵਿਚ ਪੱਛੜੀ ਜਾਤੀ ਮੰਨੇ ਜਾਂਦੇ ਹਨ। ਇਹ ਗਵਾਲੇ ਲੋਕ ਹਨ। ਬਿਹਾਰ ਵਿਚ ਠਾਕਰ ਇਹਨਾਂ ਤੋਂ ਉੱਪਰ ਦੀ ਜਾਤ ਏ। ਉਹ ਰਾਜਪੂਤ ਹਨ। ਜਦ ਅਸੀਂ ਕਿਸੇ ਘਰ ਜਾ ਕੇ ਆਪਣੀ ਵਾਕਫੀਅਤ ਕਰਵਾਉਣੀ ਹੁੰਦੀ ਸੀ, ਏ. ਐਲ. ਯਾਦਵ ਨੇ ਮੈਨੂੰ ਕਹਿਣਾ ਕਿ ਮੈਂ ਉਹਦਾ ਤੁਆਰਫ਼ ਸਿਰਫ ਏ. ਐਲ. ਕਹਿ ਕੇ ਕਰਵਾਇਆ ਕਰਾਂ। ਉਸਦੇ ਨਾਮ ਨਾਲ ਯਾਦਵ ਨਾ ਬੋਲਿਆ ਕਰਾਂ। ਠਾਕੁਰ ਜਾਂ ਹੋਰ ਉੱਚੀਆਂ ਜਾਤਾਂ ਦੇ ਲੋਕ ਨਹੀ ਸਨ ਚਾਹੁੰਦੇ ਕਿ ਕੋਈ ਯਾਦਵ ਆ ਕੇ ਉਹਨਾਂ ਨੂੰ ਕਹੇ ਉਹ ਉਹਨਾਂ ਦੀ ਬੈਂਕ ਦੀ ਰਿਕਵਰੀ ਕਰਵਾਉਣ ਆਏ ਹਨ। ਉਹ ਤਾਂ ਇਹ ਵੀ ਚਾਹੁੰਦੇ ਹਨ ਕਿ ਕੋਈ ਯਾਦਵ ਉਹਨਾਂ ਦੇ ਘਰ ਢੁੱਕੇ ਹੀ ਨਾ। ਪਿੰਡ ਵਿਚ ਪਤਾ ਲੱਗਣ ਤੇ ਕਿ ਬੈਂਕ ਵਾਲੇ ਰੀਕਵਰੀ ਕਰਨ ਲਈ ਆ ਗਏ ਹਨ ਕਈ ਕਰਜੇ ਦੇ

ਦੇਣਦਾਰ ਤਾਂ ਘਰ ਦੀ ਤਾਲਾਬੰਦੀ ਕਰਕੇ ਕੁਝ ਸਮੇਂ ਲਈ ਉਰੇ ਪਰੇ ਵੀ ਹੋ ਜਇਆ ਕਰਦੇ ਸਨ। ਜਿਵੇਂ ਏ. ਐਲ. ਕਹਿੰਦਾ ਸੀ, ਮੈਂ ਉਹਦੇ ਬਾਰੇ ਜਾਣਕਾਰੀ ਉਵੇਂ ਹੀ ਦਿੰਦਾ ਸਾਂ।

ਘਰਾਂ ਵਿਚ ਜਾ ਕੇ ਆਪਣੇ ਆਪ ਨੂੰ ਸ਼ਰਮਾ ਕਹਿ ਕੇ ਉਸਦਾ ਨਾਮ ਸਿਰਫ ਏ. ਐਲ. ਬੋਲ ਦਿਆ ਕਰਦਾ ਸਾਂ।"

"ਗੱਲ ਤਾਂ ਤੇਰੀ ਠੀਕ ਏ। ਮੈਨੂੰ ਯਾਦ ਏ ਇਕ ਵਾਰ ਯੂ. ਪੀ. ਜਾਂ ਬਿਹਾਰ ਵਿੱਚ ਉਸ ਸਮੇਂ ਦੇ ਕੇਂਦਰੀ ਮੰਤਰੀ ਜਗਜੀਵਨ ਰਾਮ ਤੋਂ ਕਿਸੇ ਧਾਰਮਿਕ ਮੂਰਤੀ ਦਾ ਉਦਘਾਟਨ ਕਰਵਾਇਆ ਗਿਆ ਸੀ। ਉਦਘਾਟਨ ਦੀ ਰਸਮ ਹੋ ਗਈ। ਕੱਟੜ ਬ੍ਰਾਹਮਣਾਂ ਨੇ ਸ਼ਾਇਦ ਉਸ ਥਾਂ ਦੀ ਤਾਲਾਬੰਦੀ ਕਰ ਦਿੱਤੀ ਸੀ। ਗੰਗਾਜਲ ਲਿਆ ਕੇ ਤਾਲਾਬੰਦੀ ਖੋਲ੍ਹੀ। ਫਿਰ ਉਸ ਮੂਰਤੀ ਨੂੰ ਇਸ ਜਲ ਨਾਲ ਚੰਗੀ ਤਰ੍ਹਾਂ ਧੋਤਾ। ਤਾਂ ਕਿਤੇ ਬ੍ਰਾਹਮਣ ਉਸਦੇ ਨੇੜੇ ਜਾਣ ਲੱਗੇ ਸੀ। ਭਾਰਤ ਵਿਚ ਜਾਤੀਵਾਦ ਇਸ ਕਦਰ ਹਾਵੀ ਰਿਹਾ ਏ। ਅਸੀਂ ਲੋਕ ਇਸਾਈ ਦੇਸਾਂ ਵਿਚ ਜਾਤੀਵਾਦ ਦਾ ਰੌਲਾ ਪਾਉਂਦੇ ਰਹਿੰਦੇ ਹਾਂ। ਭਾਰਤ ਬਾਰੇ ਸੋਚਦੇ ਹੀ ਨਹੀ। ਭਾਰਤ ਵਿਚ ਵੀ ਜਾਤੀਵਾਦ ਦੀ ਕੋਈ ਘਾਟ ਨਹੀ। ਮੌਜੂਦਾ ਸਰਕਾਰ ਨੇ ਇਸਨੂੰ ਹੋਰ ਵਧਾਇਆ ਏ। ਮਤੱਸਵੀ ਹਿੰਦੂ ਸਰਕਾਰ ਸ਼ਹਿਰਾਂ ਦੇ ਨਾਮ ਬਦਲ ਰਹੀ ਏ। ਮੁਸਲਿਮ ਨਾਮਨੇਕਲੇਚਰ ਨੂੰ ਹਿੰਦੂ ਨਾਮਨੇਕਲੇਚਰ ਵਿਚ ਬਦਲਿਆ ਜਾ ਰਿਹਾ ਏ। ਤਾਜ ਮਹਿਲ ਨੂੰ ਰਾਮ ਮਹਿਲ ਕਹਿਣ ਤੇ ਜ਼ੋਰ ਪਾਇਆ ਜਾ ਰਿਹਾ ਏ। ਫੈਜ਼ਾਬਾਦ ਦਾ ਨਾਮ ਬਦਲ ਕੇ ਅਯੋਧਿਆ ਜਿਲ੍ਹਾ ਬਣਾ ਦਿਤਾ ਗਿਆ ਹੈ। ਗੁੜਗਾਓਂ ਨੂੰ ਗੁਰੂਗ੍ਰਾਮ ਕਹਿਣ ਲੱਗ ਪਏ ਹਨ। ਰਾਮ ਮੰਦਰ ਦੀ ਉਸਾਰੀ ਲਈ ਰਾਹ ਸਾਫ ਕਰ ਲਿਆ ਗਿਆ ਹੈ। ਧਾਰਾ ੩੭੦ ਖਤਮ ਕੀਤੀ ਗਈ ਏ। ਨਾਗਰਿਕਤਾ ਸੋਧ ਬਿੱਲ ਲਾਗੂ ਕੀਤਾ ਗਿਆ ਏ। ਗਊ ਮੂਤਰ ਨੂੰ ਸਭ ਬਿਮਾਰੀਆਂ ਦਾ ਇਲਾਜ ਸਮਝਿਆ ਜਾਣ ਲੱਗ ਪਿਆ ਏ। ਮੈਂ ਤੈਨੂੰ ਇਕ ਹੋਰ ਦੇਖੀ ਹੋਈ ਪ੍ਰਵਿਰਤੀ ਦੱਸਦਾ ਹਾਂ। ਸਾਡੇ ਇੱਥੇ ਅਦਾਲਤ ਵਿਚ ਇਕ ਜੱਜ ਬਾਲਮੀਕੀ ਏ। ਉਸਦਾ ਅਰਦਲੀ ਬ੍ਰਾਹਮਣ ਏ। ਅਰਦਲੀ ਨੇ ਜੱਜ ਨੂੰ ਪਾਣੀ ਪਿਲਾਉਣ ਵਾਲਾ ਗਲਾਸ ਅਲੱਗ ਹੀ ਰੱਖਿਆ ਹੋਇਆ ਏ। ਪਾਣੀ ਪਿਆ ਕੇ ਉਹ ਇਸ ਗਲਾਸ ਨੂੰ ਬਾਕੀ ਬਰਤਨਾਂ ਤੋਂ ਅਲੱਗ ਹੀ ਰੱਖਦਾ ਏ। ਇਹ ਗੱਲ ਮੈਨੂੰ ਉਸ ਅਰਦਲੀ ਨੇ ਦੱਸੀ ਹੈ ਕਿਉਂਕਿ ਉਹ ਸਾਡੇ ਮਹੱਲੇ ਵਿਚ ਰਹਿੰਦਾ ਏ।"

"ਕੀ ਤੇਰੇ ਦੇਸ਼ ਆਸਟਰੇਲੀਆ ਵਿਚ ਵੀ ਜਾਤੀਵਾਦ ਹੈ? ਤੈਨੂੰ ਤਾਂ ਆਸਟਰੇਲੀਆ ਵਿਚ ਰਹਿੰਦੇ ਨੂੰ ੨੦ ਸਾਲ ਹੋ ਗਏ ਹਨ। ਕੋਈ ਜਾਤੀਵਾਦ ਦੀ ਘਟਨਾ।"

"ਆਸਟਰੇਲੀਆ ਬਾਰੇ ਕੁਝ ਦੱਸਣਯੋਗ ਤੋਂ ਪਹਿਲਾਂ ਮੈਂ ਤੁਹਾਨੂੰ ਇਕ ਇਤਿਹਾਸਕ ਤੱਥ ਬਾਰੇ ਦੱਸਣਾ ਚਾਹੁੰਦਾ ਹਾਂ। ਸਿੱਖ ਮੱਤ ਦੇ ਜਾਤਪਾਤ ਦੇ ਸਖ਼ਤ ਖਿਲਾਫ਼ ਹੋਣ ਦੇ ਬਾਵਜੂਦ ਵੀ ਇਹ ਸਿੱਖ ਸਮਾਜ ਦਾ ਹਿੱਸਾ ਬਣੀ ਰਹੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਕਈ ਸਾਲ ਚੱਲੀ ਡੋਗਰਿਆਂ ਦੀ ਬੁਰਸ਼ਾਗਰਦੀ ਸਮੇਂ ਅਨੇਕਾਂ ਕਤਲ ਹੋਏ। ਆਖਰਕਾਰ ਸਟੇਜ ਐਸੀ ਆ ਗਈ ਸੀ ਕਿ ਰਾਜ ਭਾਗ ਦੇ ਹਿੱਸੇਦਾਰ ਬਣਾਉਣ ਲਈ ਯੋਗ ਸਰਦਾਰ ਲੱਭਣੇ ਮੁਸ਼ਕਿਲ ਹੋ ਗਏ ਸਨ। ਜਦ ਖ਼ਾਲਸਾ ਫੌਜ ਚੋਂ ਅਤਰ ਸਿੰਘ ਕਲਿਆਂਵਾਲੀ ਨੂੰ ਰਾਜ ਭਾਗ ਵਿਚ ਲਿਆਉਣ ਲਈ ਗੱਲ ਚੱਲੀ ਤਾਂ ਕੁਝ ਸਰਦਾਰਾਂ ਨੇ ਇਹ ਕਹਿ ਕੇ ਉਸਨੂੰ ਅਸਵੀਕਾਰ ਕਰ ਦਿੱਤਾ ਸੀ ਕਿ ਉਹ ਨਹੇਰਨਾ (ਨਾਈ) ਸੀ। ਭਾਰਤ ਵਿਚ ਤਾਂ ਜਾਤੀਵਾਦ ਇੰਨਾ ਹਾਵੀ ਰਿਹਾ ਹੈ ਕਿ ਇੰਦਰਾ ਗਾਂਧੀ ਦੇ ਨੇਪਾਲ ਦੇ ਦੌਰੇ ਸਮੇਂ ਉਸਨੂੰ ਪਸ਼ੂਪਤੀਨਾਥ ਮੰਦਰ ਵਿਚ ਇਸ ਕਰਕੇ ਦਾਖ਼ਲ ਹੋਣ ਤੋਂ ਰੋਕ ਦਿੱਤਾ ਗਿਆ ਸੀ ਕਿਉਂਕਿ ਉਹ ਪਾਰਸੀ ਨਾਲ ਵਿਆਹੀ ਹੋਈ ਸੀ। ਇਹ ਮੰਦਰ ਬ੍ਰਾਹਮਣਾਂ ਦਾ ਏ। ਬਾਕੀ ਰਹੀ ਗੱਲ ਆਸਟਰੇਲੀਆ ਦੀ। ਛੋਟੀਆਂ ਮੋਟੀਆਂ ਘਟਨਾਵਾਂ ਏਥੇ ਵੀ ਵਾਪਰ ਜਾਂਦੀਆਂ ਹਨ। ਮੇਰੇ ਲੜਕੀ ਜਵਾਈ ਦੇ ਘਰ ਦੇ ਨਾਲ ਦੇ ਘਰ ਵਿਚ ਇਕ ਗੋਰੀ ਬੁੱਢੀ ਰਹਿੰਦੀ ਹੁੰਦੀ ਸੀ। ਉਹ ਇਕੱਲੀ ਹੀ ਸੀ। ਮੇਰੀ ਲੜਕੀ ਦੇ ਘਰ ਅਕਸਰ ਵੀਕਐਂਡ 'ਤੇ ਮਹਿਮਾਨ ਆ ਜਾਇਆ ਕਰਦੇ ਸਨ। ਘਰ ਅੰਦਰ ਥੋੜ੍ਹੀ ਚਹਿਲ ਪਹਿਲ ਰਹਿੰਦੀ ਸੀ। ਆਉਣ ਤੇ ਜਾਣ ਲੱਗਿਆਂ ਘਰ ਦੇ ਮੂਹਰੇ ਅਕਸਰ ਕੁਝ ਦੇਰ ਰਾਤ ਤੱਕ ਕਾਰਾਂ ਦੀ ਗੂੰਜ ਵੀ ਪੈਂਦੀ ਹੁੰਦੀ ਸੀ। ਇਕ ਦਿਨ ਸਵੇਰ ਨੂੰ ਕੰਮ ਤੇ ਜਾਣ ਲਈ ਮੇਰਾ ਜਵਾਈ ਕਾਰ ਪਿੱਛੇ ਨੂੰ ਕਰ ਰਿਹਾ ਸੀ। ਉਸ ਬੁੱਢੀ ਤੇ ਮੇਰੇ ਜਵਾਈ ਵਿਚਕਾਰ ਝੜਪ ਹੋ ਗਈ"

"ਤੁਸੀਂ ਹਰ ਵੇਲੇ ਖੱਪ ਪਾਉਂਦੇ ਰਹਿੰਦੇ ਹੋ। ਉੱਚੀ ਉੱਚੀ ਬੋਲਦੇ ਹੋ। ਕਾਰਾਂ ਦੀ ਗੂੰਜ ਪਾਉਦੇ ਹੋ। ਜੇ ਤੁਸੀਂ ਇਹ ਸਭ ਬੰਦ ਨਾ ਕੀਤਾ ਤਾਂ ਮੈਂ ਤੁਹਾਡੀ ਪੁਲਿਸ ਪਾਸ ਸ਼ਿਕਾਇਤ ਕਰਾਂਗੀ।"

"ਕੁਆਟਰਾਂ ਮੂਹਰੇ ਥਾਂ ਭੀੜਾ ਏ। ਕੁਝ ਗੂੰਜ ਪੈਣੀ ਸੁਭਾਵਕ ਏ। ਅਸੀਂ ਇਹ ਕਿੰਜ ਰੋਕ ਸਕਦੇ ਹਾਂ"

"ਜੇ ਤੁਸੀਂ ਨਹੀਂ ਰੋਕਦੇ ਤਾਂ ਮੈਂ ਕਾਰਵਾਈ ਕਰਾਂਗੀ।"

"ਅਸੀਂ ਨਹੀ ਰੋਕ ਸਕਦੇ। ਤੂੰ ਜਿਹੜੀ ਕਾਰਵਾਈ ਕਰਨੀ ਏ, ਕਰ ਲੈ।"

"ਤੂੰ ਮੈਨੂੰ ਧਮਕੀ ਦੇ ਰਿਹਾ ਏ। ਤੈਨੂੰ ਬੋਲਣਾ ਨਹੀਂ ਆਉਂਦਾ। ਯੂ ਆਰ ਮਾਈਗ੍ਰੇਟਸ। ਗੋ ਬੈਕ ਟੂ ਯੂਅਰ ਕੰਟਰੀ। (You are migrnts. Go back to your country.)"

"ਲਿਸਨ, ਕਾਰਲਾ, ਯੂ ਆਰ ਆਲਸੋ ਮਾਈਗ੍ਰੇਟਸ। ਦਾ ਰੀਅਲ ਪੀਪਲ ਆਫ ਦਿਸ ਕੰਟਰੀ ਆਰ ਐਬੋਰਿਜ਼ਨਲਜ਼। ਹਾਓ ਕੈਨ ਯੂ ਸੇ ਦੈਟ ਓਨਲੀ ਵੀ ਆਰ ਮਾਈਗ੍ਰੇਟਸ ਲਿਸਨ ਕੇਅਰਫੁਲੀ ਵੀ ਕੇਮ ਵਿਦ ਵੇਲਿਡ ਵੀਜ਼ਾ, ਯੂ ਕੇਮ ਐਜ਼ ਕਾਨਵਿਕਟਸ। ਮਾਂਈਡ ਯੂਅਰ ਲੈਂਗੁਏਜ਼। ਮਾਈਡ ਯੂਅਰ ਬੀਹੇਵੀਅਰ " (Listen, Karl you are also migrnts. "The real people of this country are boriginls. how can you say that we only are migrants? Listen carfeully, We came with valid visa, you came as convicts. Mind you languge! Mind your behaviour!"

"ਇਹ ਕੁਪੱਤ ਕਰਵਾ ਕੇ ਬੁੱਢੀ ਆਪਣੇ ਅੰਦਰ ਵੜ ਗਈ ਤੇ ਘਰ ਨੂੰ ਅੰਦਰੋ ਕੁੰਡਾ ਲਗਾ ਲਿਆ। ਦੁਬਾਰਾ ਉਹ ਕੁਸਕੀ ਨਹੀ। ਇਹਨਾਂ ਹਰਾਮਜ਼ਾਦਿਆਂ ਨਾਲ ਇਵੇ ਹੀ ਪੇਸ਼ ਆਉਣਾ ਚਾਹੀਦਾ ਏ।"

"ਯਾਰ, ਤੇਰੇ ਜਵਾਈ ਨੇ ਤਾਂ ਕਮਾਲ ਈ ਕਰਤੀ। ਮੈਂ ਤਾਂ ਖੈਰ ਏਧਰ ਚੰਡੀਗੜ੍ਹ ਬੈਠਾ ਹਾਂ। ਮੈਂ ਗੋਰਿਆਂ ਦੇ ਦੇਸ ਦੇਖੇ ਹੀ ਨਹੀ। ਮੈਨੂੰ ਹੈਰਾਨੀ ਹੋਈ ਕਿ ਸਾਡੇ ਬੰਦੇ ਇੰਜ ਗੋਰਿਆਂ ਦੀ ਝੰਡ ਵੀ ਲਾਹ ਦਿੰਦੇ ਹਨ।"

"ਸ਼ਰਮਾ ਜੀ, ਅਸੀਂ ਆਜ਼ਾਦ ਦੇਸ਼ ਵਿਚ ਰਹਿੰਦੇ ਹਾਂ। ਜੇ ਦੇਸ਼ ਨੂੰ ਜਰੂਰਤ ਸੀ ਤਾਂ ਇਸਨੇ ਸਾਨੂੰ ਇੱਧਰ ਨੂੰ ਆਉਣ ਦੀ ਇਜਾਜ਼ਤ ਦਿੱਤੀ। ਜਿਹੜਾ ਵਧੀਕੀ ਕਰੇ ਉਸ ਨਾਲ ਇਵੇਂ ਹੀ ਪੇਸ਼ ਆ ਕੇ ਸਰਦਾ ਏ। ਇਕ ਵਾਰ ਹੀ ਹੱਲਾ ਬੋਲ ਦਿਓ। ਕਾਠ ਦੀ ਹਾਂਡੀ ਵਾਰ ਵਾਰ ਨਹੀ ਚੜ੍ਹਦੀ ਹੁੰਦੀ।"

"ਕਮਾਲ ਕਰਤੀ, ਯਾਰ! ਉਸ ਬੁੱਢੀ ਨੇ ਫਿਰ ਕੁਝ ਨਹੀ ਕੀਤਾ।"

"ਬਸ ਮੂਤ ਦੀ ਝੱਗ ਵਾਂਗ ਬੈਠ ਗਈ। ਐਵੇਂ ਡਰਦਿਆਂ ਨੂੰ ਡਰਾ ਰਹੀ ਸੀ। ਇਸ ਤੋਂ ਬਾਦ ਵੀ ਮੇਰਾ ਜਵਾਈ ਉੱਥੇ ਡੇਢ ਸਾਲ ਰਿਹਾ। ਫਿਰ ਉਸਨੇ ਉਹ ਘਰ ਵੇਚ ਕੇ ਕਿਸੇ ਹੋਰ ਥਾਂ ਵੱਡਾ ਘਰ ਲੈ ਲਿਆ ਸੀ।"

"ਗੱਲਾਂ ਗੱਲਾਂ ਵਿਚ ਸਮਾਂ ਸੋਹਣਾ ਨਿਕਲ ਗਿਆ। ਜਦ ਤੱਕ ਲਾਕਡਾਊਨ ਹੈ ਕਦੀ ਕਦੀ ਫੋਨ ਕਰ ਲਿਆ ਕਰ, ਯਾਰ। ਤੇਰਾ ਬਹੁਤ ਬਹੁਤ ਧੰਨਵਾਦ।"

"ਤੇਰਾ ਵੀ ਬਹੁਤ ਬਹੁਤ ਧੰਨਵਾਦ ਹਾਲਾਤ ਖਰਾਬ ਚੱਲ ਰਹੇ ਹਨ ਆਪਣਾ ਤੇ ਆਪਣੇ ਪਰਿਵਾਰ ਦਾ ਖਿਆਲ ਰੱਖ"

**ਡਾ. ਅਵਤਾਰ ਐਸ ਸੰਘਾ**
**ਆਸਟਰੇਲੀਆ**
**61-437641033**

ਕਹਾਣੀ

# ਵਜੂਦ ਦੀ ਤਲਾਸ਼: ਗੁਰਚਰਨ ਕੌਰ ਥਿੰਦ



ਕੈਲਗਰੀ ਵੱਸਦੀ ਗੁਰਚਰਨ ਕੌਰ ਥਿੰਦ ਨੇ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਆਪਣੀ ਖਾਸ ਪਛਾਣ ਬਣਾਈ ਹੈ ਉਸ ਦੇ ਤਿੰਨ ਕਹਾਣੀ ਸੰਗ੍ਰਹਿ ਤਿੰਨ ਨਾਵਲ ਇੱਕ ਲੇਖ ਸੰਗ੍ਰਹਿ ਅਤੇ ਇੱਕ ਅੰਗਰੇਜ਼ੀ ਵਿੱਚ ਅਨੁਵਾਦਿਤ ਨਾਵਲ ਛਪ ਚੁੱਕੇ ਹਨ ਉਸ ਦੀਆਂ ਰਚਨਾਵਾਂ ਔਰਤ ਮਨ ਦੀਆਂ ਅੰਦਰੂਨੀ ਵੇਦਨਾਵਾਂ ਨੂੰ ਬਿਆਨ ਕਰਦੀਆਂ ਹਨ ਨਾਲ ਹੀ ਨਾਲ ਔਰਤ ਦੁਆਰਾ ਕੀਤੇ ਜਾ ਰਹੇ ਸੰਘਰਸ਼ ਨੂੰ ਵੀ ਸਾਡੇ ਸਨਮੁੱਖ ਰੱਖਦੀਆਂ ਹਨ

"ਭਲਾ ਮਿਲਣਾ ਵਿਛੜਨਾ ਕੁਦਰਤ ਦੀ ਖੇਡ ਹੈ" ਭਰੇ ਮੇਲੇ ਵਿੱਚ ਇੱਕ ਬੱਚੇ ਦੇ ਨੰਨ੍ਹੇ ਹੱਥੋ ਮਾਂ ਦੀ ਉਂਗਲ ਛੁੱਟ ਜਾਂਦੀ ਹੈ। ਉਹ ਡੌਰ ਭੌਰ ਵੇਖਦਾ ਕਦੇ ਇਧਰ ਭੱਜਦਾ ਕਦੇ ਉਧਰ ਦੌੜਦਾ। ਸਾਰੇ ਅਣਜਾਣ ਚਿਹਰੇ। ਉਹ ਉੱਚੀ ਉੱਚੀ ਰੋਂਦਾ ਹਾਲੋ ਬੇਹਾਲ ਹੋਈ ਜਾਂਦਾ। ਕੋਈ ਹਮਦਰਦ ਉਹਨੂੰ ਵਰਾਉਂਦਾ ਉਹਦੀ ਮਾਂ ਤੱਕ ਪੁਜਦਾ ਕਰਦਾ। ਬੱਚੇ ਦਾ ਆਪਣੀ ਮਾਂ ਨਾਲ ਮੁੜ ਮਿਲਾਪ......ਉਹਦੀਆਂ ਅੱਖਾਂ ਦੇ ਕੋਇਆਂ 'ਤੇ ਯਕਦਮ ਰੁਕ ਗਏ ਝਿਲਮਿਲਾਉਂਦੇ ਹੰਝੂ। ਮੂੰਹ ਤੇ ਅੱਥਰੂਆਂ ਦੀਆਂ ਵਗੀਆਂ ਘਰਾਲਾਂ ਦੀਆਂ ਲਕੀਰਾਂ। ਉਹਦੇ ਅੰਦਰਲੀ ਹਲਚਲ, ਉਥਲ-ਪੁਥਲ ਅਤੇ ਆਖਰ ਮਿਲਾਪ ਦਾ ਸਕੂਨ। ਇਹ ਅਨੁਭਵ ਉਹ ਗੁਆਚਿਆ ਬੱਚਾ ਹੀ ਜਾਣਦਾ ਮਹਿਸੂਸਦਾ, ਕੋਈ ਹੋਰ ਬਿਆਨ ਨਹੀਂ ਕਰ ਸਕਦਾ।......" ਕਮਰੇ ਦੀ ਵੱਡੇ ਸ਼ੀਸ਼ੇ ਵਾਲੀ ਖਿੜਕੀ ਕੋਲ ਖੜ੍ਹੀ ਉਹ ਸ਼ੀਸ਼ੇ ਦੇ ਪਾਰ ਬਾਹਰਲੀ ਤੇਜ ਤੇਜ ਦੌੜੀ ਜਾਂਦੀ ਦੁਨੀਆਂ ਵੱਲ ਵੇਖਦੀ ਸੋਚਾਂ ਵਿੱਚ ਡੁੱਬੀ ਹੋਈ ਸੀ।

"ਭਲਾ ਮੈਂ ਵੀ ਭਰੇ ਮੇਲੇ ਵਿੱਚ ਗੁਆਚ ਗਈ ਸਾਂ? ਮੇਰੀ ਮਾਂ ਦੀ ਉਂਗਲ ਮੇਰੇ ਹੱਥੋ ਛੁੱਟ ਗਈ ਸੀ ਜਾਂ ਛੁਡਾ ਦਿੱਤੀ ਗਈ ਸੀ?....ਮੈਂ ਕੌਣ ਹਾਂ? ਮੇਰਾ ਵਜੂਦ ਕੀ ਹੈ? ਮੇਰੀ ਅਸਲੀ ਪਛਾਣ ਕੀ ਹੈ? ਮੇਰੇ ਆਪਣੇ ਕੌਣ ਹਨ?.....ਕਿੰਨ੍ਹੇ ਸਾਰੇ ਸੁਆਲ ਹਨ ਜੋ ਮੇਰੇ ਜ਼ਿਹਨ 'ਚ ਖ਼ਲਬਲੀ ਮਚਾਈ ਰਖਦੇ ਹਨ।" ਸੋਚ ਉਹਦੀਆਂ ਅੱਖਾਂ ਭਰ ਆਈਆਂ। "ਮੇਰੇ ਕੋਲ ਸਭ ਕੁੱਝ ਹੈ। ਰਹਿਣ ਲਈ ਸੁਹਣਾ ਘਰ। ਪਿਆਰ ਕਰਨ ਵਾਲਾ ਪਤੀ। ਪਿਆਰੀ ਜਿਹੀ ਬੇਟੀ। ਪ੍ਰੰਤੂ ਫਿਰ ਵੀ ਕਦੇ ਕਦੇ ਮਨ ਭਰ ਭਰ ਡੁੱਲਣ ਨੂੰ ਕਰਦਾ ਹੈ। ਦੂਰ ਦਿਸਹਦੇ ਤੋਂ ਪਾਰ ਜਾ ਆਪਣੇ ਆਪ ਨੂੰ ਤਲਾਸ਼ਣ ਦੀ ਹਿਰਸ ਹਾਵੀ ਹੋ ਜਾਂਦੀ ਹੈ। ਮੇਰੇ ਚੇਤਿਆਂ ਵਿੱਚ ਉਹ ਪਲ ਅਜੇ ਵੀ ਜਿਉਂ ਦੇ ਤਿਉਂ ਜੀਵੰਤ ਹਨ।......

ਮੈਂ ਤਿੰਨ ਕੁ ਸਾਲ ਦੀ ਹਾਂ। ਮੈਂ ਨਵੇਂ ਕਪੜੇ ਪਾਏ ਹੋਏ ਹਨ ਜਿਹੜੇ ਮੈਂ ਕਦੇ ਕਦਾਈ ਪਾਉਂਦੀ ਹਾਂ। ਮੇਰੀ ਫ਼ੁੱਲਾਂ ਵਾਲੀ ਫ਼ਰਾਕ ਮੈਨੂੰ ਥੋੜ੍ਹੀ ਛੋਟੀ ਹੋ ਗਈ ਹੈ। ਮੈਂ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਉਸ ਨੂੰ ਹੇਠਾਂ ਵੱਲ ਖਿੱਚ ਰਹੀ ਹਾਂ। ਸਾਡੇ ਕਮਰੇ ਵਿੱਚ ਇੱਕ ਪੁਲਸ ਵਾਲਾ ਆਇਆ ਹੈ। ਉਹਦੇ ਨਾਲ ਇੱਕ ਔਰਤ ਵੀ ਹੈ। ਉਹ ਮੈਨੂੰ ਬੜਾ ਪਿਆਰ ਕਰ ਰਹੇ ਹਨ। ਮੇਰੀ ਮਾਂ ਨੇ ਮੈਨੂੰ ਕਲ਼ਾਵੇ ਵਿੱਚ ਲੈ ਆਪਣੇ ਨਾਲ ਘੁੱਟ ਲਿਆ ਹੈ। ਉਹ ਰੋਈ ਜਾ ਰਹੀ ਹੈ। ਮੈਂ ਕਦੇ ਮਾਂ ਵੱਲ ਕਦੇ ਕੋਲ ਖੜੋਤੇ ਅਜਨਬੀਆਂ ਵੱਲ ਡਿੰਬਰੀ ਡਿੰਬਰੀ ਝਾਕ ਰਹੀ ਹਾਂ। ਆਖਰ ਉਸ ਨੇਕ ਦਿਸਦੀ ਔਰਤ ਨੇ ਮੈਨੂੰ ਮੇਰੀ ਮਾਂ ਦੀਆਂ ਬਾਹਵਾਂ ਤੋਂ ਵੱਖ ਕਰ ਆਪਣੀ ਗੋਦ ਵਿੱਚ ਲੈ ਲਿਆ ਹੈ।......

......ਮੈਂ ਹੁਣ ਪੁਲਿਸ ਕਾਰ ਵਿੱਚ ਬੈਠੀ ਆਪਣੀ ਮਾਂ ਤੋਂ ਦੂਰ ਜਾ ਰਹੀ ਹਾਂ। ਮੈਨੂੰ ਸਮਝ ਨਹੀਂ ਲਗਦੀ ਉਹ ਮੈਨੂੰ ਮੇਰੀ ਮਾਂ ਤੋਂ ਦੂਰ ਕਿਉ ਲਿਜਾ ਰਹੇ ਹਨ। ਗਰਮੀ ਦਾ ਦਿਨ ਹੈ। ਕਾਰ ਦੀ ਸੀਟ ਦੇ ਗਰਮ ਲੋਹੇ ਨਾਲ ਮੇਰੀਆਂ ਲੱਤਾਂ ਸੜ ਰਹੀਆਂ ਹਨ। ਪਰ ਮੈਂ ਅਬੋਲ ਹਾਂ। ਉਸ ਔਰਤ ਨੇ ਮੈਨੂੰ ਚੁੱਕ ਕੇ ਆਪਣੀ ਗੋਦੀ ਵਿੱਚ ਬਠਾ ਲਿਆ। ਮੈਨੂੰ ਥੋੜ੍ਹਾ ਸਕੂਨ ਮਿਲਿਆ। ਫਿਰ ਅਸੀਂ ਜਹਾਜ਼ ਵਿੱਚ ਸੁਆਰ ਹੋ ਗਏ। ਹੇਠਾਂ ਧਰਤੀ ’ਤੇ ਦੌੜੀਆਂ ਜਾਂਦੀਆਂ ਕਾਰਾਂ ਤੇ ਗੱਡੀਆਂ ਛੋਟੇ ਛੋਟੇ ਖਿਡੌਣੇ ਲੱਗਦੇ ਹਨ।......

......ਹੁਣ ਮੈਂ ਇੱਕ ਵੱਡੇ ਸਾਰੇ ਘਰ ਪਹੁੰਚ ਗਈ ਹਾਂ। ਜੀਹਦੇ ਚੁਫ਼ੇਰੇ ਦੂਰ ਦੂਰ ਤੱਕ ਖੇਤ ਹੀ ਖੇਤ ਹਨ। ਮੇਰੇ ਅਣਭੋਲ ਮਨ ਨੂੰ ਸਮਝ ਨਹੀ ਲਗਦੀ ਕਿ ਮੈਂ ਇੱਥੇ ਕਿਉਂ ਲਿਆਂਦੀ ਗਈ ਹਾਂ? ਮੇਰੀ ਲਈ ਇਹ ਨਵੀ ਜ਼ਿੰਦਗੀ ਕਿਹਨੇ ਚੁਣੀ ਤੇ ਕਿਉਂ ਚੁਣੀ ਹੈ ਹੁਣ ਮੈਂ ਉੱਥੇ ਰਹਿਣ ਲੱਗ ਪਈ। ਆਪਣੀ ਮਾਂ ਤੋਂ ਦੂਰ। ਇੱਕ ਹੋਰ ਮੰਮੀ ਕੋਲ, ਜਿੱਥੇ ਮੇਰਾ ਇੱਕ ਪਾਪਾ ਵੀ ਹੈ। ਮੇਰੇ ਵਰਗੇ ਦੋ ਹੋਰ ਬੱਚੇ ਹਨ। ਜਦੋ ਮੈਂ ਆਪਣੀ ਮਾਂ ਕੋਲ ਰਹਿੰਦੀ ਸੀ ਤਾਂ ਮੇਰਾ ਕੋਈ ਬਾਪ ਨਹੀਂ ਸੀ। ਮੈਂ ਕਦੇ ਕਿਸੇ ਨੂੰ ਘਰ ਵਿੱਚ ਆਉਦੇ ਜਾਂਦੇ ਨਹੀ ਵੇਖਿਆ ਸੀ। ਮੇਰੀ ਮਾਂ ’ਕੱਲ੍ਹੀ ਰਹਿੰਦੀ ਸੀ।......” ਉਸ ਆਪਣਾ ਸਿਰ ਝਟਕਿਆ। ਭਰ ਆਈਆਂ ਅੱਖਾਂ ਪੂੰਝੀਆਂ। ਆਪਣੇ ਭਰੇਪੂਰੇ ਘਰ ਵੱਲ ਵੇਖਿਆ। ਦੀਵਾਰ ਤੇ ਲਟਕਦੀ ਆਪਣੀ ਫੋਟੋ ਵੱਲ ਵੇਖਿਆ। ਉਹ ਕਲਾ ਗਾਊਨ ਤੇ ਸਿਰ ’ਤੇ ਟੋਪੀ ਪਾਈ ਖੜੀ ਹੈ। ਇਹ ਉਹਦੀ ਜਰਨਲਿਜ਼ਮ ਦੀ ਗ੍ਰੈਜੂਏਸ਼ਨ ਵੇਲੇ ਦੀ ਤਸਵੀਰ ਹੈ। ਐਸ ਵੇਲੇ ਉਹ ਇੱਕ ਜਾਣੀਮਾਣੀ ਰਿਪੋਰਟਰ ਹੈ। ਉਸ ਦੀਆਂ ਨਿਗਾਹਾਂ ਇਸ ਫੋਟੋ ’ਤੇ ਟਿਕ ਗਈਆਂ। “......ਪਰ ਇਥੋ ਤੱਕ ਦਾ ਮੇਰਾ ਸਫ਼ਰ ਸੁਖ਼ਾਲ਼ਾ ਨਹੀ ਸੀ। ਮੇਰੇ ਮਤਰੇਏ ਮਾਪੇ, ਜਿਨ੍ਹਾਂ ਮੈਨੂੰ ਅਡਾਪਟ ਕੀਤਾ ਸੀ ਜਾਂ ਖ਼ਵਰੇ ਸਰਕਾਰ ਨੇ ਮੈਨੂੰ ਜ਼ਬਰੀ ਅਡਾਪਟ ਕਰਵਾਇਆ ਸੀ, ਉਹ ਫਾਰਮ ਹਾਊਸ ਛੱਡ ਇੱਕ ਕਸਬੇ ਵਿੱਚ

ਰਹਿਣ ਲੱਗ ਪਏ। ਇੱਥੇ ਹੋਰ ਗੋਰੇ ਪਰਿਵਾਰ ਸਨ। ਅਸੀਂ ਤਿੰਨੇ ਆਦਿਵਾਸੀ ਬੱਚੇ ਉਹਨਾਂ ਦੇ ਗੋਰੇ ਬੱਚਿਆਂ ਨਾਲੋ ਵੱਖਰੇ ਦਿਸਦੇ ਸਾਂ। ਸਾਡਾ ਕੱਦਕਾਠ, ਭਰਵੀ ਡੀਲਡੌਲ ਤੇ ਕਾਲੇ ਵਾਲ ਉਹਨਾਂ ਦੇ ਰੰਗਰੂਪ ਤੇ ਹਲਕੇ ਭੂਰੇ ਵਾਲਾਂ ਨਾਲ ਮੇਲ ਨਹੀ ਖਾਂਦੇ ਸਨ। ਉਹਨਾਂ ਲਈ ਅਸੀਂ ਅਸੱਭਿਅਕ ਤੇ ਫੂਹੜ ਸਾਂ। ਵੀਹਵੀ ਸਦੀ ਦੇ ਸੱਠਵਿਆਂ ਦੇ ਦਹਾਕੇ ਵਿੱਚ ਇਹ ਗੋਰੇ ਲੋਕ ਸਾਡੇ ਵੱਲ ਹਿਕਾਰਤ ਨਾਲ ਵੇਖਣ ਤੋਂ ਗੁਰੇਜ਼ ਨਾ ਕਰਦੇ ਅਤੇ ਨਾ ਹੀ ਮੂਹੋ ਬੋਲ ਕੁਬੋਲ ਕੱਢਣ ਤੋਂ ਝਿਜਕਦੇ। ਅਕਸਰ ਇਹ ਜਤਾਉਣ ਵਿੱਚ ਕਿ ‘ਅਸੀਂ ਤੁਹਾਨੂੰ ਆਦਿਵਾਸੀ ਹੋਣ ਦੇ ਬਾਵਜੂਦ ਕਬੂਲਿਆ ਹੈ’ ਉਹ ਮਾਣ ਮਹਿਸੂਸਦੇ, ਭਾਵੇ ਮੂਹੋਂ ਬੋਲ ਕੇ ਜਾਂ ਨਫ਼ਰਤ ਭਰਪੂਰ ਨਿਗਾਹਾਂ ਨਾਲ ਝਾਕ ਕੇ। ਮੇਰਾ ਨਿੱਕਾ ਜਿਹਾ ਦਿਮਾਗ ਇਸ ਸਭ ਨੂੰ ਸਮਝ ਲੈਂਦਾ ਪਰ ਕੋਈ ਪ੍ਰਤੀਕ੍ਰਿਆ ਨਾ ਕਰਦਾ।

ਤੇ ਮੈਂ......ਮੈਨੂੰ ਚੇਤੇ ਆਉਂਦਾ ਹੈ ਕਿੰਵੇ ਆਪਣਾ ਪੂਰਾ ਜ਼ੋਰ ਲਾਉਦੀ ਰਹਿੰਦੀ ਸੀ ਇਨ੍ਹਾਂ ਲੋਕਾਂ ਵਰਗੀ ਬਣਨ ਦਾ। ਕੁੱਝ ਵੀ ਅਜਿਹਾ ਨਾ ਕਰਨ ਦਾ ਜਿਸ ਕਾਰਨ ਮੈਂ ਓਪਰੀ ਲਗਾਂ। ਉਂਜ ਮੈਨੂੰ ਹਰ ਵੇਲੇ ਅਹਿਸਾਸ ਰਹਿੰਦਾ ਸੀ......ਮੈਂ ਉਹਨਾਂ ਵਰਗੀ ਨਹੀਂ ਹਾਂ। ਇਨ੍ਹਾਂ ਤੋਂ ਵਖਰੀ ਤਰ੍ਹਾਂ ਦੀ ਹਾਂ। ਪਰ ਮੈਂ ਹਾਂ ਕੌਣ? ਮੇਰਾ ਅੰਦਰਲਾ ਮੈਨੂੰ ਕਚੋਟਦਾ ਸੀ।

ਮੈਂ (1968 ਵਿੱਚ) ਛੇਵੀਂ ਜਮਾਤ ਵਿੱਚ ਪੜ੍ਹਦੀ ਸੀ। ਸਾਡੀ ਇਤਿਹਾਸ ਦੀ ਕਿਤਾਬ ਵਿੱਚ ਆਦਿਵਾਸੀਆਂ ਬਾਰੇ ਇਕ ਚੈਪਟਰ ਸੀ। ਉਹ ਪੜ੍ਹਨ ਤੋਂ ਬਾਦ ਮੈਨੂੰ ਪਤਾ ਲੱਗਾ ਕਿ ਮੈਂ ‘ਚਿਪੇਵਾਇਨ’ ਕਬੀਲੇ ਨਾਲ ਸਬੰਧਤ ਹਾਂ। ਮੇਰੇ ਕੋਲੋ ਇਹ ਸ਼ਬਦ ਸਹੀ ਨਹੀ ਬੋਲਿਆ ਗਿਆ ਸੀ ਤਾਂ ਇਕ ਗੋਰੇ ਜਮਾਤੀ ਨੇ ਜਦੋ ਕਿਹਾ, “ਵੇਖੋ, ਬੈਟੀ ਕੋਲੋ ਆਪਣੇ ਲੋਕਾਂ ਦਾ ਨਾਂ ਵੀ ਸਹੀ ਨਹੀ ਬੋਲਿਆ ਜਾਂਦਾ” ਤਾਂ ਮੈਂ ਘਬਰਾਹਟ ਅਤੇ ਸ਼ਰਮ ਨਾਲ ਪਾਣੀ ਪਾਣੀ ਹੋ ਗਈ ਸਾਂ। “ਮੇਰੇ ਕੋਲੋ ਆਪਣੇ ਹੀ ਵਜੂਦ ਦਾ ਨਾਂ ਨਹੀਂ ਬੋਲਿਆ ਜਾਂਦਾ? ਕਿਉਂ? ਕਿਉਂ? ਜਦੋ ਕਿ ਬੇਗਾਨੇ...... ਮੈਂ ਆਪਣੀ ਬੇਵਸੀ ਅਤੇ ਮਜਬੂਰੀ ’ਤੇ ਗੁੱਸੇ ਨਾਲ ਕੰਬ ਰਹੀ ਸਾਂ।” ਉਸ ਆਪਣੇ ਕੰਬਦੇ ਹੱਥਾਂ ਨਾਲ ਆਪਣੇ ਮੱਥੇ ਨੂੰ ਟਟੋਲਿਆ ਜਿਵੇਂ ਉਸ ਸ਼ਰਮ ਦੇ ਅਹਿਸਾਸ ਨੂੰ ਪੂੰਝ ਰਹੀ ਹੋਵੇ। ਉਹ ਖਿੜਕੀ ਤੋਂ ਪਾਸੇ ਹਟ ਕੋਲ ਪਈ ਕੁਰਸੀ ’ਤੇ ਬੈਠ ਕਿਤਾਬ ਚੁੱਕ ਉਸਦੇ ਪੰਨੇ ਪਲਟਣ ਲੱਗ ਪਈ। ਇੱਕ ਅਚਵੀ ਜਿਹੀ ਉਹਨੂੰ ਚੈਨ ਨਹੀਂ ਲੈਣ ਦੇ ਰਹੀ ਸੀ।

“......ਚਾਹੇ ਜੋ ਵੀ ਸੀ, ਮੇਰੇ ਅੰਦਰ ਆਪਣੇ ਲੋਕਾਂ ਬਾਰੇ ਜਾਣਨ ਦੀ ਖੁਤਖੁਤੀ ਹਮੇਸ਼ਾ ਰਹਿੰਦੀ। ਦੋ ਕੁ ਸਾਲ ਬਾਦ ਮੈਨੂੰ ਲਾਇਬ੍ਰੇਰੀ ਵਿਚੋਂ ਇਕ ਛੋਟਾ ਜਿਹਾ ਪੈਫਲੈੱਟ ਲੱਭਾ ਜਿਹਦੇ ਵਿੱਚ ‘ਚਿਪੇਵਾਇਨ’ ਕਬੀਲੇ ਬਾਰੇ ਅੱਧੇ ਕੁ ਪੰਨੇ ਦੀ ਜਾਣਕਾਰੀ ਦਾ ਮੂਲਸਾਰ

ਨਿਕਲਦਾ ਸੀ ਕਿ 'ਇਹ ਲੋਕ ਬੜੇ ਖੂੰਖ਼ਾਰ ਤੇ ਲੜਾਕੇ ਹਨ। ਇਹ ਘਮੁੱਕੜ ਹਨ, ਇਕ ਥਾਂ ਟਿਕ ਕੇ ਨਹੀ ਰਹਿੰਦੇ। ਆਪਣੇ ਕਮਜ਼ੋਰ ਤੇ ਬਿਮਾਰ ਲੋਕਾਂ ਨੂੰ, ਜਿਹੜੇ ਤੁਰਨ ਫਿਰਨ ਤੋਂ ਆਰੀ ਹੋ ਜਾਂਦੇ ਹਨ, ਆਪਣੇ ਕਬੀਲੇ 'ਚੋਂ ਬਾਹਰ ਕੱਢ ਦਿੰਦੇ ਹਨ' ਇਹ ਪੜ੍ਹ ਮੇਰਾ ਮਨ ਖੱਟਾ ਹੋ ਗਿਆ। ਮੇਰੇ ਅੰਦਰ ਪਹਿਲੀ ਵਾਰ ਉਹਨਾਂ ਪ੍ਰਤੀ ਨਫ਼ਰਤ ਦਾ ਅਹਿਸਾਸ ਪਨਪਣ ਲੱਗਾ। ਮੈਂ ਹਤਾਸ਼ ਹੋ ਆਪਣੇ ਆਪ ਨੂੰ ਇਨ੍ਹਾਂ ਨਾਲੋ ਵੱਖ ਕਰੀ ਰੱਖਣ ਦਾ ਜਿਵੇਂ ਨਿਸ਼ਚਾ ਕਰ ਲਿਆ ਹੋਵੇ। ਜਿਨ੍ਹਾਂ ਲੋਕਾਂ ਵਿੱਚ ਰਹਿੰਦੀ ਸੀ, ਮੈਂ ਹੋਰ ਜ਼ਿਆਦਾ ਉਨ੍ਹਾਂ ਵਰਗਾ ਬਣਨ ਦਾ ਯਤਨ ਕਰਨ ਲੱਗ ਪਈ।" ਉਹ ਆਪਣੇ ਅਤੀਤ ਦੇ ਪੰਨਿਆਂ ਤੇ ਪਿੱਛਲਝਾਤ ਮਾਰਦੀ ਆਪਣੇ ਚੇਤਿਆਂ ਦੀਆਂ ਉਚਾਣਾਂ ਨਿਵਾਣਾਂ ਵਿੱਚ ਉਲਝੀ ਹੋਈ ਸੀ।

"......ਹਾਂਅ! ਪਰ ਪਹਿਲੀ ਵਾਰ ਮੇਰਾ ਮਨ ਬੱਲੀਆਂ ਉੱਛਲਿਆ ਸੀ ਜਦੋ ਮੈਨੂੰ ਪਤਾ ਲੱਗਾ ਕਿ ਮੇਰੀ ਇੱਕ ਭੈਣ ਹੈ। ਉਦੋਂ ਮੈਂ ਆਪਣੀ ਸਕੂਲੀ ਪੜ੍ਹਾਈ ਖਤਮ ਕਰ ਲਈ ਸੀ। ਇਕ ਦਿਨ ਸੋਸ਼ਲ ਵਰਕਰ ਨੇ ਮੇਰੇ ਮੰਮੀ ਨੂੰ ਫੋਨ ਕਰਕੇ ਮੇਰੀ ਇੱਕ ਭੈਣ ਰੋਜ਼ੇਲ ਬਾਰੇ ਜਾਣਕਾਰੀ ਦਿੱਤੀ। ਉਹਨੂੰ ਜਨਮ ਵੇਲੇ ਹੀ ਮੇਰੀ ਮਾਂ ਤੋਂ ਵੱਖ ਕਰ ਕਿਸੇ ਗੋਰੇ ਪ੍ਰਵਾਰ ਨੂੰ ਦੇ ਦਿੱਤਾ ਗਿਆ ਸੀ। ਉਹ ਹੁਣ ਮਸਾਂ ਸਾਡੇ ਤੋਂ ਡੇਢ ਸੌ ਕਿਲੋਮੀਟਰ ਦੀ ਦੂਰੀ 'ਤੇ ਰਹਿੰਦੇ ਸਨ। ਪਹਿਲੀ ਵਾਰ ਮੈਨੂੰ ਕਿਸੇ ਆਪਣੇ ਦੇ ਹੋਣ ਦਾ ਅਹਿਸਾਸ ਹੋਇਆ ਸੀ। ਮੈਂ ਉਹਨੂੰ ਮਿਲਣਾ ਚਾਹੁੰਦੀ ਸੀ। ਉਹਨੂੰ ਵੇਖਣ ਲਈ ਤੜਪ ਰਹੀ ਸੀ। ਪਰ ਅਫਸੋਸ! ਮੈਂ ਉਸ ਨੂੰ ਉਸੇ ਵੇਲੇ ਮਿਲ ਨਹੀਂ ਸਕਦੀ ਸੀ। ਅਜੇ ਸੌ ਪ੍ਰਕਾਰ ਦੀਆਂ ਸਰਕਾਰੀ ਕਾਰਵਾਈਆਂ ਦੀਆਂ ਵਲਗਣਾਂ ਪਾਰ ਕਰਨੀਆਂ ਪੈਣੀਆਂ ਸਨ।

ਇਕ ਸ਼ਾਦੀ ਦੇ ਮੌਕੇ ਸਾਡੇ ਪ੍ਰਵਾਰ ਦੇ ਇੱਕ ਜਾਣਕਾਰ ਨੇ ਮੈਨੂੰ ਦੱਸਿਆ, "ਬੈਟੀ, ਤੇਰੀ ਭੈਣ ਮੇਰੀ ਕਜ਼ਨ ਹੈ। ਉਹ ਮੇਰੀ ਆਂਟੀ ਕੋਲ ਰਹਿੰਦੀ ਹੈ। ਉਹ ਗੋਲ ਮਟੋਲ ਜਿਹੀ ਬੜੀ ਪਿਆਰੀ ਹੈ।" ਤਾਂ ਮੇਰਾ ਮਨ ਮਸੋਸ ਕੇ ਰਹਿ ਗਿਆ ਸੀ। ਮੈਂ ਧੁਰ ਅੰਦਰ ਤੱਕ ਵਲੂੰਧਰੀ ਗਈ ਸੀ।......'ਮੇਰੀ ਭੈਣ ਬਾਰੇ ਮੈਨੂੰ ਪਤਾ ਨਹੀਂ ਪਰ ਕੋਈ ਹੋਰ ਉਸ ਨੂੰ ਜਾਣਦਾ ਹੈ ਮੈਨੂੰ ਉਸ ਬਾਰੇ ਕਿਉਂ ਨਹੀਂ ਪਤਾ?.......ਉਹਦੇ ਬਾਰੇ ਕਿਸੇ ਹੋਰ ਨੂੰ ਮੇਰੇ ਨਾਲੋਂ ਵੱਧ ਪਤਾ ਹੈ ਅਤੇ ਉਹ ਉਹਦਾ ਰਿਸ਼ਤੇਦਾਰ ਹੈ। ਮੈਂ ਜੋ ਉਹਦੀ ਆਪਣੀ ਹਾਂ ਮੇਰਾ ਕੋਈ ਰਿਸ਼ਤਾ ਈ ਨਹੀ ਉਹਦੇ ਨਾਲ ਇਹ ਲੋਕ ਮੇਰੇ ਨਾਲੋ ਪਹਿਲਾਂ ਮੇਰੀ ਭੈਣ ਬਾਰੇ ਜਾਣਦੇ ਹਨ। ਕਿਉਂ ਕਿਉਂ ਤੇ ਮੈਂ ਰੋਂਦੀ ਹੋਈ ਕਮਰੇ ਤੋਂ ਬਾਹਰ ਆ ਗਈ ਸੀ।

ਆਖ਼ਰ ਕੋਈ ਦੋ ਕੁ ਮਹੀਨੇ ਬਾਦ ਮੈਂ ਆਪਣੀ ਭੈਣ ਨੂੰ ਮਿਲੀ। ਗਿਆਰਾਂ ਕੁ ਸਾਲ ਦੀ ਗੁਗਲੂ ਜਿਹੀ ਰੋਜ਼ੇਲ ਨੂੰ ਜੱਫੀ 'ਚ ਲੈ ਮੈਨੂੰ ਸਕੂਨ ਮਿਲਿਆ।'ਇਹ ਮੇਰੀ ਆਪਣੀ ਹੈ। ਸਾਡੀਆਂ ਰਗਾਂ ਵਿੱਚ ਇਕੋ ਖ਼ੂਨ ਦੌੜਦਾ ਹੈ। ਸਾਡੇ ਹੱਥ ਪੈਰ, ਸਾਡੀ ਮੁਸਕਰਾਹਟ

ਕਿੰਨੀ ਰਲਦੀ ਹੈ ਅਸੀਂ ਇਕੋ ਪਰਿਵਾਰ ਦੀਆਂ ਹਾਂ। ਸਾਡੀਆਂ ਜੜ੍ਹਾਂ ਸਾਂਝੀਆਂ ਹਨ। ਆਖਰ ਮੈਂ ਕਿਸੇ ਨੂੰ ਨਿਰੋਲ ਆਪਣਾ ਆਖ ਸਕਦੀ ਹਾਂ। ਮੇਰੇ ਵਜੂਦ ਦੀ ਪਛਾਣ ਦਾ ਇੱਕ ਅੰਸ਼ ਮੇਰੇ ਸਾਹਮਣੇ ਹੈ, ਮੇਰੇ ਆਗੋਸ਼ ਵਿੱਚ ਹੈ। 'ਮੈਂ ਦੱਸ ਨਹੀਂ ਸਕਦੀ ਮੈਂ ਉਸ ਵੇਲੇ ਕੀ ਮਹਿਸੂਸਿਆ ਸੀ। ਮੇਰੀ ਪਿਆਸ ਨੂੰ ਉਸ ਘੜੀ ਜਿਵੇਂ ਸਵਾਂਤ ਬੂੰਦ ਮਿਲ ਗਈ ਹੋਵੇ।'

ਹੁਣ ਅਸੀਂ ਦੋਵੇ ਭੈਣਾਂ ਚਿੱਠੀਆਂ ਦਾ ਅਦਾਨ ਪ੍ਰਦਾਨ ਕਰਦੀਆਂ। ਕਦੇ ਕਦਾਈ ਮਿਲਦੀਆਂ ਵੀ। ਪਰ ਮੇਰੇ ਅੰਦਰਲੀ ਖੋਹ ਨੂੰ ਅਜੇ ਚੈਨ ਨਹੀਂ ਸੀ। ਰੋਜ਼ੇਲ ਵੀ ਮੇਰੇ ਵਾਂਗ ਆਪਣੀਆਂ ਜੜ੍ਹਾਂ ਤੋਂ ਉਖੜੀ ਹੋਈ ਸੀ।......'ਸਾਡਾ ਸਾਂਝਾ ਮੂਲ ਕੀ ਹੈ ਕਿੱਥੇ ਹੈ' ਇਹ ਸੁਆਲ ਹਰ ਪਲ ਮੈਨੂੰ ਕਚੋਟਦਾ ਰਹਿੰਦਾ। 'ਅਸੀਂ ਭੈਣਾਂ ਜ਼ਰੂਰ ਹਾਂ ਪਰ ਸਾਡੀ ਕੋਈ ਵੀ ਯਾਦ ਸਾਂਝੀ ਨਹੀਂ ਹੈ। ਸਾਡਾ ਬਚਪਨ, ਸਾਡੀਆਂ ਖੇਡਾਂ, ਨਿੱਕੇ ਹੁੰਦਿਆਂ ਇੱਕ ਦੂਜੇ ਨਾਲ ਝਾਟਮਝੂਟੇ ਹੋਣਾ ਕੁਝ ਵੀ ਚੇਤਿਆਂ 'ਚ ਸਾਂਭਣ ਜੋਗਾ ਨਹੀਂ ਹੈ।'......ਤੇ ਹੁਣ ਮੇਰੀ ਆਪਣੇ ਵਜੂਦ ਦੇ ਤਲਾਸ਼ ਦੀ ਪਿਆਸ ਹੋਰ ਤਖੇਰੀ ਹੁੰਦੀ ਗਈ। ਮੇਰਾ ਦਿਲ ਕਰਦਾ ਕਿ ਕਾਸ਼ ਕੋਈ ਕ੍ਰਿਸ਼ਮਾ ਵਾਪਰ ਜਾਵੇ।

......ਤੇ ਮੈਂ ਉਨੀ ਵਰ੍ਹਿਆਂ ਦੀ ਸੀ। ਉਦੋ ਮੈਂ ਡੈਂਟਲ ਅਸਿਸਟੈਂਟ ਦੀ ਪੜ੍ਹਾਈ ਕਰ ਰਹੀ ਸੀ। ਮੇਰੀ ਟਰੇਨਿੰਗ ਯੂਰੇਨੀਅਮ ਨਾਂ ਦੇ ਕਸਬੇ ਵਿੱਚ ਲੱਗਣੀ ਨਿਸ਼ਚਤ ਹੋਈ ਜੋ ਕਿ ਸੰਯੋਗ ਨਾਲ ਮੇਰੀ ਜੰਮਣਭੋ ਸੀ। ਮੈਂ ਕੁੱਝ ਭਾਲ ਲੈਣ ਦੀ ਖੁਸ਼ੀ ਨਾਲ ਉੱਛਲ ਪਈ। ਉੱਥੇ ਮੈਂ ਆਪਣੇ ਸੁਪਵਾਈਜ਼ਰ ਨਾਲ ਉਹਦੇ ਘਰ ਹੀ ਰਹਿਣ ਲੱਗੀ। ਇੱਕ ਦਿਨ ਮੈਂ ਝਕਦੇ ਝਕਦੇ ਆਪਣੀ ਸਾਰੀ ਕਹਾਣੀ ਸੁਪਰਵਾਈਜ਼ਰ ਨੂੰ ਕਹਿ ਸੁਣਾਈ। ਅਗਲੇ ਹੀ ਦਿਨ ਉਸ ਮੈਨੂੰ ਕਾਲੇ ਰੰਗ ਦੀ ਜਿਲਦ ਵਾਲਾ ਇੱਕ ਮੋਟਾ ਰਜਿਸਟਰ ਲਿਆ ਥਮਾਇਆ। ਇਹ ਆਲੇ ਦੁਆਲੇ ਦੇ ਵਸਨੀਕਾਂ ਦੇ ਜਨਮ ਮੌਤ ਦੇ ਅੰਦਰਾਜਾਂ ਦਾ ਰਿਕਾਰਡ ਸੀ। ਮੈਂ ਤੇ ਮੇਰੀ ਸੁਪਰਵਾਈਜ਼ਰ ਨੇ ਮਿਲ ਕੇ ਉਸ ਰਜਿਸਟਰ ਨੂੰ ਫਰੋਲਿਆ। ਮੈਂ ਖੁਸ਼ੀ ਨਾਲ ਲਗਪਗ ਚੀਕ ਹੀ ਪਈ ਜਦੋ ਮੈਂ ਇੱਕ ਕਾਲਮ ਵਿੱਚ ਆਪਣੀ ਮਾਂ ਦਾ ਨਾਂ ਵੇਖਿਆ......ਮੈਰੀ ਜੇਨ ਐਡਮ। ਉਸ ਦੇ ਹੇਠਾਂ ਮੇਰਾ ਨਾਂ ਤੇ ਮੇਰੀ ਜਨਮ ਮਿਤੀ ਸੀ ਅਤੇ ਨਾਲ ਮੇਰੇ ਤਿੰਨ ਭੈਣ ਭਰਾਵਾਂ......ਐਸਥਰ, ਰੋਜ਼ੇਲ ਅਤੇ ਬੈੱਨ ਦੇ ਵੇਰਵੇ ਲਿਖੇ ਹੋਏ ਸਨ। ਪਹਿਲੀ ਵਾਰ ਮੈਂ ਆਪਣਾ ਨਾਂ ਇੱਕ ਪਰਿਵਾਰ ਵਿੱਚ ਮੇਰੀ ਮਾਂ ਤੋਂ ਜੁਦਾ ਕਰ ਦਿੱਤਾ ਗਿਆ ਸੀ। ਫਿਰ ਭਲਾ ਮੈਨੂੰ ਕਿੰਵੇ ਕੁੱਝ ਯਾਦ ਰਹਿਣਾ ਸੀ ਸੰਮਲਿਤ ਵੇਖਿਆ। ਮੈਂ ਠੱਗੀ ਜਿਹੀ ਬੈਠੀ ਸਾਂ। 'ਮੇਰਾ ਇੱਕ ਭਰਾ ਵੀ ਹੈ ਤੇ ਮੇਰੇ ਤੋਂ ਛੋਟੀ ਇੱਕ ਹੋਰ ਭੈਣ ਵੀ ਹੈ।' ਮੈਨੂੰ ਆਪਣੀ ਭੈਣ ਐਸਥਰ ਦੇ ਜਨਮ ਦਾ ਤਾਂ ਚੇਤਾ ਵੀ ਨਹੀ। ਇਨ੍ਹਾਂ ਵੇਰਵਿਆਂ ਦੇ ਹਿਸਾਬ ਨਾਲ ਮੈਂ ਉਦੋ ਦੋ ਕੁ ਸਾਲ ਦੀ ਹੋਵਾਂਗੀ ਜਦੋ

ਐਸਥਰ ਦਾ ਜਨਮ ਹੋਇਆ। ਉਹ ਮਸਾਂ ਤਿੰਨ ਕੁ ਮਹੀਨਿਆਂ ਦੀ ਸੀ ਜਦੋ ਉਹਨੂੰ ਮੇਰੀ ਮਾਂ ਤੋਂ ਜੁਦਾ ਕਰ ਦਿੱਤਾ ਗਿਆ ਸੀ। ਫਿਰ ਭਲਾ ਮੈਨੂੰ ਕਿਵੇਂ ਕੁੱਝ ਯਾਦ ਰਹਿਣਾ ਸੀ

.....ਖ਼ੈਰ ਜੋ ਵੀ ਸੀ, ਉਸ ਵੇਲੇ ਇਨ੍ਹਾਂ ਆਪਣਿਆਂ ਦੇ ਹੋਣ ਦਾ ਅਹਿਸਾਸ ਮੈਨੂੰ ਧੁਰ ਅੰਦਰ ਤੱਕ ਭਰ ਗਿਆ। ਬੇਸ਼ੱਕ ਉਹਨਾਂ ਅੰਦਰਾਜਾਂ ਤੋਂ ਉਹਨਾਂ ਦੇ ਥਾਂ ਟਿਕਾਣੇ ਦਾ ਕੋਈ ਪਤਾ ਨਹੀ ਚੱਲਦਾ ਸੀ ਪਰ ਉਹ ਕਿਤੇ ਨਾ ਕਿਤੇ ਤਾਂ ਹੋਣਗੇ ਹੀ ਉਸ ਪਲ ਇਹ ਸੋਚ ਹੀ ਮੇਰੇ ਸਕੂਨ ਲਈ ਕਾਫ਼ੀ ਸੀ। ਉਂਝ ਮੈਂ ਸਾਰਿਆਂ ਦੇ ਨਾਂ ਤੇ ਜਨਮ ਤਰੀਕਾਂ ਨੋਟ ਕਰ ਲਈਆਂ। ਹੁਣ ਮੇਰੇ ਕੋਲ ਕੁੱਝ ਸੀ ਜੋ ਨਿਰੋਲ ਮੇਰਾ ਆਪਣਾ ਸੀ। ਮੈਂ ਹਮੇਸ਼ਾਂ ਤੋਂ ਜਾਣਨਾ ਚਾਹੰਦੀ ਸੀ 'ਮੈਂ ਕੌਣ ਹਾਂ?' ਮੈਂ ਹੁਣ ਤੱਕ 'ਇੰਡੀਅਨਜ਼' 'ਮੂਲਵਾਸੀ' 'ਆਦਿਵਾਸੀ' ਨਾਵਾਂ ਤੋਂ ਤ੍ਰਹਿੰਦੀ ਰਹੀ ਸੀ। ਮੈਂ ਆਪਣੇ ਆਪ ਨੂੰ ਗੋਰਿਆਂ ਦੀ ਦੁਨੀਆਂ ਵਿੱਚ ਸਮਾ ਲਿਆ ਸੀ। ਉਨ੍ਹਾਂ ਵਰਗਾ ਬਣਾ ਲਿਆ ਸੀ। ਉਨ੍ਹਾਂ ਦੀ ਬੋਲੀ, ਉਨ੍ਹਾਂ ਦਾ ਰਹਿਣਸਹਿਣ ਅਪਣਾ ਲਿਆ ਸੀ। ਮੈਨੂੰ ਆਪਣੇ ਮੂਲ ਨਾਲ ਜੁੜਨ ਲਈ, ਆਦਿਵਾਸੀ ਕਹਾਉਣ ਤੇ ਮਹਿਸੂਸਣ ਲਈ ਲੰਮੀ ਜਦੋਜਹਿਦ ਕਰਨੀ ਪੈਣੀ ਸੀ। ਅਜੇ ਮੇਰੇ ਪੈਰਾਂ ਨੇ ਆਪਣੀ ਅਸਲੀ ਪਛਾਣ ਤੱਕ ਪਹੁੰਚਣ ਲਈ ਲੰਮਾ ਪੈਂਡਾ ਤਹਿ ਕਰਨਾ ਸੀ।" ਬੈਟੀ ਨੇ ਆਪਣਾ ਝੁਕਿਆ ਸਿਰ ਉੱਪਰ ਚੁੱਕਿਆ, ਮੱਥੇ ਨੂੰ ਦੋਵਾਂ ਹੱਥਾਂ ਨਾਲ ਪੋਲਾ ਪੋਲਾ ਘੁੱਟਿਆ ਅਤੇ ਧੌਣ ਦੇ ਅਕੜਾਅ ਨੂੰ ਢਿੱਲਾ ਕਰਨ ਖਾਤਰ ਇੱਧਰ ਉੱਧਰ ਘੁੰਮਾਇਆ। ਉਸ ਦੀ ਨਜ਼ਰ ਉਹਦੇ ਆਪਣੇ ਪਰਿਵਾਰ ਦੀ ਫੋਟੋ 'ਤੇ ਟਿਕ ਗਈ। 'ਉਹ, ਉਹਦਾ ਪਤੀ ਤੇ ਹੰਸੂ ਹੰਸੂ ਕਰਦੀ ਛੇ ਕੁ ਸਾਲ ਦੀ ਉਹਨਾਂ ਦੀ ਧੀ ਦੀ ਫੋਟੋ'। ਉਹਨੂੰ ਆਪਣੇ ਇਸ ਪਰਿਵਾਰ ਨਾਲ, ਆਪਣੀ ਮਾਨਸਿਕ ਦੁਬਿਧਾ ਕਾਰਨ ਕੀਤੀ ਅਣਗਹਿਲੀ ਤੇ ਰੰਜ ਹੋਇਆ। ਉਸ ਡੂੰਘਾ ਸਾਹ ਲਿਆ। ਇੱਕ ਹਾਉਕਾ ਉਹਦੇ ਗਲ਼ ਵਿੱਚ ਅਟਕ ਕੇ ਰਹਿ ਗਿਆ।

"ਮੈ, ਮੇਰੀ ਮਾਂ, ਮੇਰੇ ਭੈਣ ਭਰਾ......ਅਸੀਂ ਇੱਕ ਪਰਿਵਾਰ ਵਾਂਗ ਰਹਿਣ ਤੋਂ ਵਾਂਞੇ ਰਹਿ ਗਏ। ਸਾਡਾ ਬਚਪਨ ਰੁਲ਼ ਗਿਆ। ਪਰ ਮੇਰੀ ਮਾਂ ਦਾ ਦਰਦ, ਮੇਰੀ ਮਾਂ ਦਾ ਆਪਣੇ ਬੱਚਿਆਂ ਤੋਂ ਜੁਦਾਈ ਦੀ ਪੀੜ ਦਾ ਅਹਿਸਾਸ ਮੈਨੂੰ ਧੁਰ ਅੰਦਰ ਤੱਕ ਚੀਰਦਾ ਰਹਿੰਦਾ ਸੀ।......

ਸਭਿਅਕ ਬਣਾਉਣ ਦੇ ਨਾਂ 'ਤੇ ਆਦਿਵਾਸੀਆਂ ਦੇ ਬੱਚਿਆਂ ਨੂੰ ਜ਼ਬਰੀ ਉਨ੍ਹਾਂ ਦੇ ਮਾਪਿਆਂ ਤੋਂ ਵੱਖ ਕਰ 'ਰੈਜ਼ੀਡੈਂਸ਼ਲ ਸਕੂਲਾਂ' ਵਿੱਚ ਰਹਿਣ ਲਈ ਮਜਬੂਰ ਕਰਨਾ। ਉਹਨਾਂ ਦੀ ਬੋਲੀ, ਉਹਨਾਂ ਦੇ ਸਭਿਆਚਾਰ ਤੋਂ ਵੱਖ ਕਰ ਉਹਨਾਂ ਦੇ ਵਜੂਦ ਨੂੰ

ਮਿਟਾਉਣ ਦੇ ਕੋਹਝੇ ਯਤਨ ਕਰਨਾ। ਉਹਨਾਂ ਨੂੰ ਗੋਰਿਆਂ ਦੁਆਰਾ ਗੋਰਿਆਂ ਦੀ ਪੜ੍ਹਾਈ ਕਰਵਾ ਉਹਨਾਂ ਦੇ ਮੂਲ ਨੂੰ ਛੁਟਿਆਉਣ ਦੇ ਉਪਰਾਲੇ ਕਰਨਾ। ਇੱਕ ਡੂੰਘੀ ਸਾਜਿਸ਼......ਸੌ ਸਾਲ ਤੋਂ ਵੀ ਵੱਧ ਸਮੇਂ ਤੱਕ, ਕਈ ਪੀੜ੍ਹੀਆਂ ਇਨ੍ਹਾਂ ਸਕੂਲਾਂ ਵਿੱਚ ਰਹਿ ਆਪਣੇ ਮਾਪਿਆਂ, ਆਪਣੀ ਬੋਲੀ, ਆਪਣਾ ਸਭਿਆਚਾਰ ਭੁੱਲ ਨਵੇਂ ਸਿਖਾਏ ਗਏ ਸਭਿਅਕ ਸਮਾਜ ਦੇ ਵਾਸੀਆਂ ਦੇ ਨਾਂ ਤੇ ਇੱਕ ਸਮਾਜਿਕ ਟੁੱਟ ਭੱਜ ਦਾ ਸ਼ਿਕਾਰ ਹੁੰਦੇ ਗਏ। ਨਤੀਜਾ......ਨਸ਼ੇੜੀਆਂ, ਨਿਕੰਮਿਆਂ ਤੇ ਨਿਆਸਰਿਆਂ ਦੀ ਇੱਕ ਨਵੀ ਨਸਲ ਦਾ ਹੋਂਦ ਵਿੱਚ ਆਉਣਾ। ਅਤੇ ਇੰਨਡੀਜੀਨਸ ਕਹੇ ਜਾਣ ਵਾਲਿਆਂ ਦੀਆਂ ਕਈ ਕਮਿਊਨੀਟੀਜ਼ ਦਾ ਮੂਲੋ ਹੀ ਖਾਤਮਾ।......

ਮੇਰੀ ਮਾਂ ਇਸ ਸਭ ਕੁੱਝ ਦਾ ਸ਼ਿਕਾਰ ਹੋਈ। ਉਹ ਬਹੁਤ ਛੋਟੀ ਸੀ ਜਦੋ ਉਸ ਨੂੰ ਰੈਜ਼ੀਡੈਂਸ਼ਲ ਸਕੂਲ ਭੇਜ ਦਿੱਤਾ ਗਿਆ। ਉਹ ਟੀਨਏਜ ਸੀ ਜਦ ਉਹ ਸਕੂਲ ਛੱਡ ਬਾਹਰ ਦੀ ਦੁਨੀਆਂ ਵਿੱਚ ਆ ਸ਼ਾਮਲ ਹੋਈ। ਪੜ੍ਹੀ-ਲਿਖੀ ਕਹੀ ਜਾਣ ਕਰਕੇ ਉਹ ਮੁੜ ਕਦੇ ਆਪਣੇ ਫੂਹੜ ਕਹੇ ਜਾਣ ਵਾਲੇ ਮਾਪਿਆਂ ਕੋਲ ਨਹੀਂ ਗਈ। ਕਹਿੰਦੇ ਨੇ ਨਾ ਕਿ ਕਾਂ ਹੰਸਾਂ 'ਚ ਗਿਆ, ਨਾ ਉਹ ਹੰਸ ਬਣ ਸਕਿਆ ਨਾ ਕਾਵਾਂ ਜੋਗਾ ਰਿਹਾ। ਮੇਰੀ ਮਾਂ ਨਾਲ ਵੀ ਇਹੋ ਹੀ ਵਾਪਰਿਆ ਹੋਣਾ। ਉਹ ਸਭਿਅਕ ਕਹੇ ਜਾਣ ਵਾਲੇ ਸਮਾਜ ਵਿੱਚ ਸਭਿਅਕ ਜ਼ਿੰਦਗੀ ਜਿਉਂਦੀ 'ਸਿੰਗਲ ਮਦਰ' ਵਜੋ ਵਿਚਰਦੀ ਆਪਣੇ ਕਿਸੇ ਵੀ ਬੱਚੇ ਨੂੰ ਲਾਡ ਨਾ ਲਡਾ ਸਕੀ। ਆਪਣੀ ਛਾਤੀ ਨਾਲ ਲਾ ਸਕੂਨ ਨਾਲ ਸੌਂ ਨਾ ਸਕੀ। ਉਹ ਦਰ ਦਰ ਭਟਕਦੀ ਕਦੇ ਕਿਸੇ ਮਰਦ ਨਾਲ ਸਾਂਝ ਪਾਉਦੀ ਅਤੇ ਕਿਸੇ ਹੋਰ ਨਾਲ ਜੀਉਣ ਦੇ ਸੁਪਨੇ ਬਟੋਰਦੀ ਰਹੀ।" ਬੈਟੀ ਨੇ ਭਰ ਆਈਆਂ ਅੱਖਾਂ ਪੂੰਝੀਆਂ। ਅਤੀਤ ਦੇ ਪੰਨੇ ਪਲਟਦਿਆਂ ਉਹਦਾ ਅੰਦਰਲਾ ਵਲੂੰਧਰਿਆ ਪਿਆ ਸੀ। ਉਹਨੂੰ ਆਪਣੀ ਮਾਂ ਬਾਰੇ ਕੁੱਝ ਵੀ ਪਤਾ ਨਹੀ ਸੀ। ਉਹ ਕਿਹੋ ਜਿਹੀ ਦਿਸਦੀ ਹੋਵੇਗੀ.......ਉਹਦਾ ਕੱਦ-ਕਾਠ, ਉਹਦੀ ਸ਼ਕਲ, ਉਹਦਾ ਰੰਗ-ਰੂਪ......ਕੁੱਝ ਵੀ ਪਤਾ ਨਹੀ ਸੀ ਬੈਟੀ ਨੂੰ। ਪਰ ਉਹ ਆਪਣੀ ਮਾਂ ਦੇ ਦਰਦ ਨੂੰ ਪਛਾਣ ਸਕਦੀ ਸੀ, ਮਹਿਸੂਸ ਕਰ ਸਕਦੀ ਸੀ ਕਿਉਂਜੁ ਉਹ ਖ਼ੁਦ ਇੱਕ ਮਾਂ ਸੀ। ਇੱਕ ਮਾਂ ਦੀ ਪੀੜ ਨੂੰ ਜਾਣਦੀ ਵੀ ਸੀ ਤੇ ਪਛਾਣਦੀ ਵੀ ਸੀ। ਚੇਤਿਆਂ ਦੀ ਇੱਕ ਚੀਸ ਉਹਦੇ ਮੱਥੇ ਵਿੱਚ ਉੱਭਰ ਖਲੋਤੀ।

"ਉਦੋ ਮੇਰੀ ਮਾਂ ਵੈਨਕੂਵਰ ਦੇ ਪੂਰਬੀ ਪਾਸੇ ਰਹਿੰਦੀ ਸੀ ਜਦੋ ਪਹਿਲੀ ਵਾਰ ਮੈਨੂੰ ਉਹਦੀ ਹੋਂਦ ਬਾਰੇ ਪਤਾ ਲੱਗਾ। ਇਹ ਵੀ ਇੱਕ ਮੌਕਾਮੇਲ ਹੀ ਸੀ। ਇਕ ਵਾਰ ਬੱਸ ਵਿੱਚ ਸਫ਼ਰ ਕਰਦੇ ਸਮੇਂ ਮੇਰੀ ਮੁਲਾਕਾਤ ਮੇਰੀ ਮਾਂ ਦੀ ਜੰਮਣਭੋ ਦੇ ਇੱਕ ਵਿਅਕਤੀ ਨਾਲ ਹੋ ਗਈ। ਉਸ ਦੱਸਿਆ ਕਿ ਉਹਦੇ ਨਾਨਾ ਤੇ ਮੇਰੀ ਮਾਂ ਰਿਸ਼ਤੇਦਾਰ ਹਨ ਇਸ

ਨਾਤੇ ਉਹ ਮੇਰਾ ਕਜ਼ਨ ਹੈ। ਉਸ ਦੱਸਿਆ ਕਿ ਮੇਰਾ ਨਾਨਾ ਮੇਰੀ ਮਾਂ ਤੇ ਉਹਦੇ ਬੱਚਿਆਂ ਨੂੰ ਬਹੁਤ ਯਾਦ ਕਰਦਾ ਰਹਿੰਦਾ ਹੈ। ਉਹ ਬਹੁਤ ਬੁੱਢਾ ਤੇ ਕਮਜ਼ੋਰ ਹੋ ਗਿਆ ਸੀ ਅਤੇ ਮਰਨ ਤੋਂ ਪਹਿਲਾਂ ਇਹਨਾਂ ਆਪਣਿਆਂ ਨੂੰ ਮਿਲਣ ਦੀ ਸਿੱਕ ਸੀਨੇ ਸੰਭਾਂਲੀ ਬੈਠਾ ਹੈ।

ਪਰ ਮੈ......ਮੈਂ ਹੁਣ ਉਸ ਦੁਨੀਆ ’ਚ ਪੈਰ ਧਰਨ ਤੋਂ ਡਰਦੀ ਸੀ। ਮੇਰੀ ਇੱਕ ਆਪਣੀ ਦੁਨੀਆ ਸੀ। ਉਸ ਤੋਂ ਬਿਲਕੁਲ ਵਖਰੀ ਤਰ੍ਹਾਂ ਦੀ ਦੁਨੀਆਂ ਮੈਂ ਕਦੇ ਵੀ ਉੱਥੇ ਜਾ ਮਿਲਣ ਦਾ ਹੌਸਲਾ ਨਾ ਬਟੋਰ ਸਕੀ। ਉੰਝ ਮੇਰੇ ਕਈ ਕਜ਼ਨ ਜਦ ਕਦੇ ਸ਼ਹਿਰ ਆਉਦੇ ਸਨ ਤਾਂ ਮੇਰਾ ਉਹਨਾਂ ਨਾਲ ਮੇਲ ਹੋ ਜਾਂਦਾ ਸੀ। ਉਹਨਾਂ ਵਿਚੋਂ ਹੀ ਇਕ ਨੇ 1985 ਵਿੱਚ ਮੈਨੂੰ ਸੂਚਿਤ ਕੀਤਾ ਕਿ ਸੈਲਵੇਸ਼ਨ ਆਰਮੀ ਦੀ ਮਦਦ ਨਾਲ ਉਸ ਮੇਰੀ ਮਾਂ ਦਾ ਟਿਕਾਣਾ ਲੱਭ ਲਿਆ ਹੈ। ਉਸ ਮੈਨੂੰ ਮੇਰੀ ਮਾਂ ਦਾ ਪਤਾ ਦਿਤਾ। ਮੈਂ ਆਪਣੀ ਮਾਂ ਨੂੰ ਚਿੱਠੀ ਲਿਖੀ ਅਤੇ ਉਸ ਜੁਆਬ ਵੀ ਦਿੱਤਾ। ਪ੍ਰੰਤੂ ਮੈਂ ਆਪਣੀ ਮਾਂ ਨੂੰ ਮਿਲਣ ਜਾਣ ਦੀ ਦੁਚਿੱਤੀ ਵਿੱਚ ਉਲਝਦੀ ਗਈ। ਕਿਉਂ ਮੈਨੂੰ ਖ਼ੁਦ ਨੂੰ ਸਮਝ ਨਹੀਂ ਸੀ ਲੱਗਦੀ। ਮੇਰੇ ਕੋਲ ਇਸ ‘ਕਿਉ’ ਦਾ ਕੋਈ ਜੁਆਬ ਨਹੀਂ ਸੀ।

ਮੈਂ ਇਕ ਪਰਿਵਾਰ ਵਿੱਚ ਪਲ਼ ਜੁਆਨ ਹੋਈ ਸੀ। ਮੇਰੇ ਮਾਂ-ਬਾਪ ਸਨ। ਜਿਵੇਂ ਦਾ ਵੀ ਸੀ ਉਹਨਾਂ ਨਾਲ ਮੇਰਾ ਇਕ ਰਿਸ਼ਤਾ ਇਕ ਸਬੰਧ ਬਣਿਆ ਹੋਇਆ ਸੀ। ਚਾਹੇ ਮੈਂ ਤਾਉਮਰ ਆਪਣੀਆਂ ਜੜ੍ਹਾਂ ਤਲਾਸ਼ਦੀ ਔਝੜ ਰਾਹਾਂ ਦੀ ਪਾਂਧੀ ਬਣੀ ਰਹੀ, ਪਰ 30 ਕੁ ਵਰ੍ਹਿਆਂ ਦੀ ਆਪਣੀ ਉਮਰ ਦੇ ਇਸ ਪੜਾਅ ’ਤੇ ਇਹ ਸਬੰਧ ਬਣਾਉਣਾ ਮੈਨੂੰ ਸੁਖ਼ਾਲ਼ਾ ਨਹੀ ਸੀ ਲੱਗਦਾ। ਮੇਰੀ ਅੰਦਰਲੀ ਇਸ ਭਾਵਨਾ ਦਾ ਸ੍ਰੋਤ ਈ ਖਵਰੇ ਸੁੱਕ ਗਿਆ ਸੀ ਜਾਂ ਆਪਣੇ ਅਜੋਕੇ ਦਾਇਰੇ ਵਿਚੋਂ ਬਾਹਰ ਨਹੀ ਨਿਕਲਣਾ ਚਾਹੁੰਦੀ ਸੀ ਜਾਂ ਫਿਰ ਬਾਹਰ ਆ ਹੀ ਨਹੀਂ ਪਾ ਰਹੀ ਸੀ। ਇਕ ਝਿਜਕ......ਇਕ ਖਾਸ ਤਰ੍ਹਾਂ ਦੀ ਹਿਕਾਰਤ ਮੇਰਾ ਰਾਹ ਮੱਲੀ ਖਲੋਤੀ ਸੀ। ਸ਼ਾਇਦ ਧੁਰ ਅੰਦਰ ਕਿਤੇ ਆਪਣੀ ਮਾਂ ਦੇ ਚਿਹਰੇ ’ਤੇ ਪਸਰੀ ਪੀੜ ਵੇਖਣ ਦਾ ਜੇਰਾ ਨਹੀ ਕਰ ਪਾ ਰਹੀ ਸੀ। ਜੋ ਵੀ ਕੁਝ ਸੀ ਉਸ ‘ਕੁਝ’ ਨੇ ਮੇਰੀ ਮਾਂ ਨਾਲ ਮੇਰੇ ਰਿਸ਼ਤੇ ਨੂੰ ਮੁੜ ਪਨਪਣ ਲਈ ਕਈ ਵਰ੍ਹੇ ਲਾ ਦਿੱਤੇ। ਆਖਰ ਪੰਜ ਛੇ ਵਰ੍ਹਿਆਂ ਦੇ ਅਰਸੇ ਬਾਦ ਜਦ ਮੇਰੀ ਮਾਂ ਦੇ ਕਦਮ ਉਹਦੀ ਜਮੰਣਭੋ (ਸਸਕੈਚਵਨ) ਵੱਲ ਪਰਤੇ ਤਾਂ ਉਹ ਮੈਨੂੰ ਮਿਲਣ ਆਈ।” ਬੈਟੀ ਨੇ ਅੱਖਾਂ ਝਮੱਕੀਆਂ ਜਿਵੇਂ ਕੋਈ ਚਲਚਿੱਤਰ ਉਹਦੀਆਂ ਅੱਖਾਂ ਮੂਹਰੇ ਤੈਰਨ ਲਗ ਪਿਆ ਹੋਵੇ।

“ਅਸੀਂ ਮਾਂਧੀ ਮਿਲੀਆਂ ਜ਼ਰੂਰ। ਪਰ ਸਾਡੇ ਦਰਮਿਆਨ ਅਣਚਾਹੀ ਦੂਰੀ ਬਣੀ ਰਹੀ ਅਤੇ ਅਸੀਂ ਇੱਕ ਵਿੱਥ ਤੇ ਖੜੋ ਗੱਲਾਂ ਕਰਦੀਆਂ ਰਹੀਆਂ। ਵਰ੍ਹਿਆਂ ਦੀ ਦੂਰੀ ਨੂੰ ਨਾ ਉਹ ਅਤੇ ਨਾ ਮੈਂ ਹੀ ਸਹਿਜ-ਭਾਵ ਨਾਲ ਪਾਰ ਕਰਨ ਦਾ ਹੌਂਸਲਾ ਕਰ ਰਹੀ ਸੀ।

ਸ਼ਾਇਦ ਮੈਂ ਆਪਣੇ ਬਚਕਾਨੇ ਸੁਆਲਾਂ ਨਾਲ ਉਹਨੂੰ ਪ੍ਰੇਸ਼ਾਨ ਨਹੀਂ ਕਰਨਾ ਚਾਹੁੰਦੀ ਸੀ ਤੇ ਉਹ ਦੋਸ਼ੀ ਭਾਵ ਹੇਠ ਦੱਬੀ ਬੋਚ ਬੋਚ ਗੱਲ ਕਰ ਰਹੀ ਸੀ। ਆਪਣੇ ਅਤੀਤ ਨੂੰ ਫਰੋਲ ਲਫ਼ਜ਼ਾਂ ਰਾਹੀ ਬਿਆਨਣ ਤੋਂ ਗੁਰੇਜ਼ ਕਰਦੀ ਉਹ ਆਪਣੇ ਅੰਦਰਲੀ ਪੀੜ ਨੂੰ ਦਬਾਉਂਦੀ ਲੱਗਦੀ ਸੀ। ਗੱਲ ਕਰਦੀ ਉਹ ਕਿਨਾ ਕੁੱਝ ਅਣਕਿਹਾ ਰਹਿਣ ਦਿੰਦੀ ਤੇ ਮੈਂ ਕੁੱਝ ਪੁੱਛਣ ਪੁੱਛਣ ਕਰਦੀ ਬੁੱਲ੍ਹਾਂ ਵਿੱਚ ਘੁੱਟ ਲੈਂਦੀ। 'ਮੇਰੇ ਸਾਹਮਣੇ ਮੇਰੀ ਮਾਂ ਬੈਠੀ ਹੈ। ਹੂਬਹੂ ਮੇਰੀ ਵਰਗੀ ਮੇਰੇ ਵਰਗੇ ਹੱਥ ਪੈਰ, ਉਹੋ ਜਿਹਾ ਚਿਹਰਾ ਅਤੇ ਉਸ ਕਮਜ਼ੋਰ ਝੁਰੜਾਏ ਪੀਲੇ ਚਿਹਰੇ ਦੇ ਹਾਵਭਾਵ ਅਤੇ ਉਸ 'ਤੇ ਮੇਰੇ ਨਾਲ ਰਲਦੀ ਮਿਲਦੀ ਮੁਸਕਰਾਹਟ ਵੀ ਮੈਨੂੰ ਸਾਹਮਣੇ ਬੈਠੀ ਆਪਣੀ ਮਾਂ ਵਿੱਚ ਕੁੱਝ ਦਹਾਕਿਆਂ ਬਾਅਦ ਦਾ ਆਪਣਾ ਆਪ ਵਿਖਾਈ ਦੇ ਰਿਹਾ ਹੈ। ਮੈਂ ਇਹਦੇ ਵਜੂਦ ਦਾ ਹਿੱਸਾ ਹਾਂ। ਇਹ ਮੇਰੀ ਤਲਾਸ਼ ਦਾ ਸੱਚ ਹੈ।' ਇਸ ਸਮੇਂ ਇਹ ਸੋਚ ਤੇ ਸੱਚ ਮੈਨੂੰ ਸਕੂਨ ਦੇ ਰਿਹਾ ਸੀ। ਮੇਰੇ ਆਪਣੇ ਬਾਪ ਬਾਰੇ ਮੇਰੀ ਪੁੱਛ ਮੇਰੇ ਅੰਦਰ ਹੀ ਦੱਬ ਕੇ ਰਹਿ ਗਈ। ਮੈਨੂੰ ਉਹਦੇ ਵਰ੍ਹਿਆਂ ਦੇ ਆਠਰੇ ਜ਼ਖ਼ਮਾਂ ਨੂੰ ਖਰੀਢਣ ਦਾ ਕੋਈ ਹੱਕ ਨਹੀ ਸੀ।" ਬੈਟੀ ਨੇ ਕਸੀਸ ਵੱਟੀ। ਆਪਣੇ ਬੁੱਲ੍ਹ ਟੁੱਕੇ ਤੇ ਉੱਠ ਕੇ ਟਹਿਲਣ ਲੱਗ ਪਈ। ਤਲਾਸ਼ ਦੇ ਥੱਕੇ ਪੈਰਾਂ ਨੂੰ ਅਜੇ ਵੀ ਚੈਨ ਨਹੀਂ ਸੀ। ਉਹ ਮੁੜ ਦੂਰੀਆਂ ਨਾਪਦੇ ਪ੍ਰਤੀਤ ਹੁੰਦੇ ਸਨ। ਬੈਟੀ ਦਾ ਬੇਚੈਨ ਜ਼ਿਹਨ ਅਜੇ ਵੀ ਰਹਿੰਦਾ ਸਫ਼ਰ ਸਰ ਕਰਨ ਲਈ ਖੌਰੂ ਪਾ ਰਿਹਾ ਸੀ।

"ਹਾਂ, ਮੇਰੀ ਮਾਂ ਨਾਲ ਮੇਰਾ ਰਾਬਤਾ ਬਣਿਆ ਰਿਹਾ ਪਰ ਮੈਂ ਉਸ ਨੂੰ ਹੋਰ ਮਿਲਣ ਤੋਂ ਕਤਰਾਉਂਦੀ ਰਹੀ। ਆਪਣੀ ਮਾਂ ਨੂੰ ਮਿਲਣ ਤੋਂ ਪਹਿਲਾਂ ਮੈਂ ਹੌਸਲਾ ਕਰ ਆਪਣੇ ਨਾਨੇ ਨੂੰ ਮਿਲਣ ਚਲੀ ਗਈ ਸਾਂ। 'ਬੈੱਨ ਐਡਮ' ਚੁਰਾਸੀ ਸਾਲਾਂ ਦਾ, ਦੁੱਧ ਚਿੱਟੇ ਵਾਲਾਂ ਵਾਲਾ, ਥੋੜ੍ਹਾ ਜਿਹਾ ਕੁੱਬਾ ਸੀ ਮੇਰਾ ਨਾਨਾ। ਜਿਹਦੀਆਂ ਅੱਖਾਂ ਵਿੱਚ ਕੁੱਝ ਗੁਆ ਦੇਣ ਦੀ ਪੀੜ ਸਾਫ਼ ਵਿਖਾਈ ਦੇਂਦੀ ਸੀ। ਉਸ ਪਿਆਰ ਨਾਲ ਮੇਰਾ ਸਿਰ ਪਲੋਸਿਆ ਤੇ ਲਗਪਗ ਸਾਰਾ ਸਮਾਂ ਮੇਰੇ ਹੱਥ ਨੂੰ ਆਪਣੇ ਕਮਜ਼ੋਰ ਹੱਥਾਂ ਵਿੱਚ ਫੜੀ ਰਖਿਆ। ਮੈਂ ਭਰੀਆਂ ਅੱਖਾਂ ਨਾਲ ਉਹਦੇ ਵੱਲ ਕੇਵਲ ਵੇਖ ਹੀ ਸਕਦੀ ਸੀ ਕੋਈ ਬੋਲ ਸਾਂਝਾ ਕਰਨ ਤੋਂ ਅਸਮਰੱਥ ਸੀ। ਉਹ ਆਪਣੀ ਬੋਲੀ 'ਡੈਨੀ' ਬੋਲਦਾ ਸੀ ਅਤੇ ਮੈਨੂੰ ਅੰਗਰੇਜ਼ੀ ਹੀ ਆਉਂਦੀ ਸੀ ਡੈਨੀ ਨਹੀ। ਮੇਰੇ ਕਜ਼ਨ ਮੇਰੇ ਲਈ ਉਹਦਾ ਉਲੱਥਾ ਕਰਦੇ ਰਹੇ। ਮੇਰਾ ਅੰਦਰਲਾ ਮੈਨੂੰ ਲਾਹਨਤਾਂ ਪਾ ਰਿਹਾ ਸੀ 'ਮੈਂ ਆਪਣੇ ਨਾਨੇ ਦੀ ਕਿਹੋ ਜਿਹੀ ਦੋਹਤੀ ਹਾਂ ਜਿਹਦੀ ਉਹਦੇ ਨਾਲ ਬੋਲਾਂ ਦੀ ਸਾਂਝ ਵੀ ਨਹੀਂ। ਮੇਰੇ ਤੋਂ ਮੇਰਾ ਪਰਿਵਾਰਕ ਬਚਪਨ ਤਾਂ ਖੋਹਿਆ ਹੀ ਸੀ ਮੈਨੂੰ ਮੇਰੀ ਮਾਂ ਬੋਲੀ, ਮਾਂ ਦੇ ਪਿਆਰ ਤੇ ਜੰਮਣ ਭੋਅ ਦੀ ਰਸਭਿੰਨੀ ਮਹਿਕ ਤੋਂ ਵੀ ਵਿਰਵਾ ਕਰੀ ਰੱਖਿਆ ਸੀ, ਸਾਨੂੰ ਸਭਿਅਕ ਬਣਾਉਣ ਵਾਲੇ

ਇਨ੍ਹਾਂ ਅਸਭਿਅਕ ਲੋਕਾਂ ਨੇ।' ਮੇਰਾ ਗਚ ਭਰ ਆਇਆ। ਮੈਂ ਉੱਥੇ ਹਾਜ਼ਰ ਸਾਰਿਆਂ ਤੋਂ ਵੱਖਰੀ ਸਾਂ। ਉਹ ਸਾਰੇ ਮੇਰੇ ਲਈ ਇਕ ਅਜੀਬ ਜਿਹਾ ਉਚੇਚ ਕਰ ਰਹੇ ਸਨ। ਮੈਨੂੰ ਆਪਣੇ ਆਪ ਤੋਂ ਕਚਿਆਣ ਆ ਰਹੀ ਸੀ। ਮੈਂ ਆਪਣਿਆਂ ਦਰਮਿਆਨ ਵੀ ਆਪਣਿਆਂ ਦਾ ਨਿੱਘ ਨਹੀ ਸਾਂ ਮਾਣ ਸਕਦੀ। ਮੇਰੀ ਬੇਵਸੀ, ਮੇਰੀ ਲਾਚਾਰੀ ਸਿਰਫ਼ ਮੇਰੀ ਸੀ ਸਿਰਫ਼ ਮੇਰੀ ਹੀ। ਫਿਰ ਵਾਪਸੀ ਵੇਲੇ ਮੇਰੇ ਇਕ ਕਜ਼ਨ 'ਬਿਲੀ' ਨੇ ਮੈਨੂੰ ਹੱਥ ਦੀ ਕਢਾਈ ਕੀਤੇ ਫਰ ਵਾਲੇ ਬੂਟਾਂ ਦਾ ਜੋੜਾ ਦਿੱਤਾ ਜਿਹੜਾ ਉਹਦੀ ਮਾਂ ਨੇ ਉਹਦੇ ਲਈ ਬਣਾਇਆ ਸੀ। ਮੈਨੂੰ ਲੱਗਾ ਮੈਂ ਇਸ ਕੀਮਤੀ ਤੋਹਫ਼ੇ ਦੇ ਯੋਗ ਨਹੀ ਹਾਂ। ਮੈਂ ਉਹ ਨਹੀ ਹਾਂ ਜੋ ਉਹ ਮੈਨੂੰ ਸਮਝਦੇ ਨੇ।ਮੇਰੇ ਅੰਦਰ ਗਿਲਾਨੀ ਦਾ ਪੱਕਾ ਫੋੜਾ ਫਿਸਣ ਫਿਸਣ ਕਰ ਰਿਹਾ ਸੀ।" ਬੈਟੀ ਦੇ ਕਮਰੇ ਵਿੱਚ ਟਹਿਲਦੇ ਬੇਚੈਨ ਪੈਰ ਅਚਾਨਕ ਥੰਮ ਗਏ। ਉਸ ਰਸੋਈ ਵਿੱਚ ਜਾ ਪਾਣੀ ਦਾ ਗਲਾਸ ਪੀਤਾ। ਕੰਧ ਘੜੀ ਵੱਲ ਵੇਖਿਆ। ਅੱਧੇ ਕੁ ਘੰਟੇ ਤਾਈ ਉਹਨੇ ਆਪਣੀ ਬੇਟੀ ਐਨੀ ਨੂੰ ਲੈਣ ਜਾਣਾ ਸੀ। ਉਹ ਬਾਹਰ ਲਾਅਨ ਵਿੱਚ ਬੈਠ ਅਕਾਸ਼ ਦੀਆਂ ਨੀਲਤਾਈਆਂ ਵੱਲ ਤੱਕਦੀ ਆਪਣੇ ਵਜੂਦ ਦੇ ਅੰਤਮ ਸਫ਼ਰ ਦੀ ਪਾਂਧੀ ਬਣ ਗਈ।

"ਜਦੋ ਮੇਰੀ ਮਾਂ ਦੀ ਬਿਮਾਰੀ ਦੀ ਖ਼ਬਰ ਮੈਨੂੰ ਮਿਲੀ ਸੀ ਤਾਂ ਮੈਂ ਝਬਦੇ ਹਸਪਤਾਲ ਪਹੁੰਚ ਗਈ ਸਾਂ। ਮੇਰੀ ਭੈਣ ਰੋਜ਼ੇਲ ਵੀ ਆ ਗਈ ਸੀ। ਹਸਪਤਾਲ ਵਿੱਚ ਮੇਰੀ ਮਾਂ ਕੋਲ ਉਹਦਾ ਦੋਸਤ ਜੋਅ ਸੀ। ਹੱਡੀਆਂ ਦੀ ਮੁੱਠ ਮਾਂ ਨੂੰ ਵੇਖ ਮੇਰਾ ਮਨ ਤਰਸ ਨਾਲ ਭਰ ਗਿਆ।'ਇਹਦੇ ਕੋਲੋ ਇਹਦੇ ਬੱਚਿਆਂ ਦਾ ਲਾਲਣ-ਪਾਲਣ, ਲਾਡ-ਦੁਲਾਰ ਖੋਹ ਲਿਆ ਗਿਆ ਸੀ। ਇਹਨੂੰ ਉਹਨਾਂ ਨਾਲ ਪਿਆਰ ਕਰਨ, ਝਿੜਕਣ ਤੇ ਸਮਝਣ-ਸਮਝਾਉਣ ਦੇ ਹੱਕ ਤੋਂ ਵਾਂਝਾ ਕਰ ਦਿੱਤਾ ਸੀ। ਵਿਯੋਗ ਦੀ ਪੀੜ ਝਲਦੀ ਉਹ ਹੁਣ ਰੁਖ਼ਸਤੀ ਦੇ ਨੇੜੇ ਹੈ।' ਸੋਚ ਮੇਰੀਆਂ ਅੱਖਾਂ ਭਰ ਭਰ ਡੁਲਦੀਆਂ ਰਹੀਆਂ। ਇਹ ਮੇਰੀ ਮਾਂ ਨਾਲ ਮੇਰੀ ਦੂਸਰੀ ਮੁਲਾਕਾਤ ਸੀ। ਬੋਲ ਤਾਂ ਜਿਵੇਂ ਮੁੱਕ ਗਏ ਸਨ। ਕੇਵਲ ਨਜ਼ਰਾਂ ਦਾ ਮੇਲ ਜਾਂ ਵਿਚ ਵਿਚਾਲੇ ਹੱਥ ਘੁੱਟਣੀਆਂ ਹੀ ਰਹਿ ਗਈਆਂ ਸਨ। ਕੁਝ ਦਿਨਾਂ ਬਾਦ ਮੇਰੀ ਮਾਂ ਸਾਨੂੰ ਛੱਡ ਕਿਤੇ ਦੂਰ ਚਲੇ ਗਈ ਮੁੜ ਕਦੇ ਵੀ ਵਾਪਸ ਨਾ ਆਉਣ ਲਈ। ਅਸੀਂ ਉਹਦੀ ਮ੍ਰਿਤਕ ਦੇਹ ਨੂੰ ਉਹਦੀ ਜੰਮਣ-ਭੋਅ ਲੈ ਕੇ ਗਏ ਤਾਂ ਜਹਾਜ਼ ਵਿੱਚ ਮੈ, ਮੇਰੀ ਬੇਟੀ, ਮੇਰੀ ਭੈਣ ਰੋਜ਼ੇਲ ਅਤੇ ਜੋਅ ਉਹਦੇ ਨਾਲ ਸਾਂ।ਜਦੋ ਅਸੀਂ ਆਪਣੇ ਪਿੰਡ ਆਪਣੇ ਘਰ ਪਹੁੰਚੇ ਤਾਂ ਉਥੋ ਦੇ ਸਾਰੇ ਲੋਕ ਸਾਡੇ ਨਾਲ ਦੁੱਖ ਸਾਂਝਾ ਕਰਨ ਲਈ ਜਿਵੇਂ ਉਮੜ ਹੀ ਪਏ। ਅਗਲੇ ਦਿਨ ਦੀਆਂ ਅੰਤਮ ਰਸਮਾਂ ਲਈ ਉਹ ਸਾਡੇ ਨਾਲ ਸਾਰੀ ਰਾਤ ਮੇਰੀ ਮਾਂ ਦੇ ਮੁਰਦਾ ਸਰੀਰ ਕੋਲ ਬੈਠੇ ਜਾਗਦੇ ਰਹੇ ਅਤੇ

ਮੇਰੀ ਮਾਂ ਦੀਆਂ, ਸਾਡੇ ਪਰਿਵਾਰ ਦੀਆਂ ਯਾਦਾਂ ਸਾਂਝੀਆਂ ਕਰਦੇ ਰਹੇ। ਆਪਣਿਆਂ ਦਰਮਿਆਨ ਵਿਚਰਨ ਦਾ ਇਹ ਅਨੁਭਵ ਮੈਂ ਪਹਿਲੀ ਵਾਰ ਮਹਿਸੂਸਿਆ ਸੀ। ਦਿਲ ਦੀਆਂ ਤਾਰਾਂ ਜੁੜ ਜਿਵੇਂ ਅੰਦਰਲਾ ਰੁਸ਼ਨਾ ਦਿਤਾ ਸੀ। "ਇਹ ਮੇਰੇ ਆਪਣੇ ਹਨ। ਮੈਂ ਇਨ੍ਹਾਂ ਦੀ ਹਾਂ, ਇਨ੍ਹਾਂ ਵਿਚੋਂ ਇਕ ਹਾਂ।" ਸੋਚ ਮੈਂ ਨਸ਼ਿਆਈ ਗਈ ਸਾਂ। ਸਕੂਨੋ ਸਕੂਨ ਹੋਈ ਪਈ ਸਾਂ।

ਉਸ ਵੇਲੇ ਮੇਰੇ ਧੁਰ ਅੰਦਰ ਅਹਿਸਾਸ ਹੋ ਰਿਹਾ ਸੀ ਕਿ ਮੇਰੀ ਆਦਿਵਾਸੀ ਹੋਣ ਦੀ ਪਛਾਣ ਇਕ ਪ੍ਰਛਾਵੇ ਵਾਂਗ ਸੀ। ਜੋ ਹੁਣ ਤੱਕ ਮੇਰੇ ਪਿੱਛੇ ਪਿੱਛੇ ਰਿਹਾ ਸੀ। ਮੈਂ ਕਿਸੇ ਹੋਰ ਦੁਨੀਆਂ ਵਿੱਚ ਰਲਣ ਖਾਤਰ ਉਸ ਤੋਂ ਡਰਦੀ ਰਹੀ ਸਾਂ ਉਸ ਤੋਂ ਭੱਜਦੀ ਰਹੀ ਸਾਂ। ਹੁਣ ਜਦ ਮੈਂ ਦੌੜਨਾ ਛੱਡ ਰੁਕ ਗਈ ਹਾਂ ਤਾਂ ਉਸ ਪ੍ਰਛਾਵੇ ਨੂੰ ਕਲਾਵੇ ਵਿੱਚ ਲੈ ਮੈਂ ਆਪਣਾ ਇਕ ਹਮਸਾਇਆ ਲੱਭ ਲਿਆ ਹੈ। ਮੈਨੂੰ ਮੇਰਾ ਪਰਿਵਾਰ, ਮੇਰਾ ਆਪਾ, ਮੇਰਾ ਵਜੂਦ ਮਿਲ ਗਿਆ ਹੈ।" ਬੇਟੀ ਨੇ ਮਾਣ ਨਾਲ ਸਿਰ ਉੱਚਾ ਚੁੱਕ ਅਸਮਾਨ ਵੱਲ ਵੇਖਿਆ। ਅਕਾਸ਼ ਵਿੱਚ ਉੱਡੇ ਜਾਂਦੇ ਪੰਛੀਆਂ ਦੀਆਂ ਡਾਰਾਂ ਵੇਖ ਉਹਨੂੰ ਵੀ ਆਪਣਾ ਆਪ ਖੁਸ਼ੀ ਨਾਲ ਹਵਾ ਵਿੱਚ ਤੈਰਦਾ ਪ੍ਰਤੀਤ ਹੋਣ ਲਗਾ। ਉਹ ਪਿਛਲੇ ਵਿਹੜੇ ਦਾ ਦਰਵਾਜ਼ਾ ਖੋਲ ਘਰ ਅੰਦਰ ਆਈ ਅਤੇ ਕਾਰ ਦੀਆਂ ਚਾਬੀਆਂ ਫੜ ਗਰਾਜ਼ ਖੋਲਣ ਵਾਲਾ ਬਟਨ ਨੱਪ ਦਿੱਤਾ। ਉਸ ਆਪਣੀ ਬੇਟੀ ਨੂੰ ਸਕੂਲੋ ਲੈਣ ਜੁ ਜਾਣਾ ਸੀ ਪਰ ਜ਼ਿਹਨ ਵਿੱਚ ਅਜੇ ਵੀ ਕੋਤੂਹਲ ਸੀ।


"ਮੇਰੇ ਆਪੇ ਦੀ ਤਲਾਸ਼ ਦੀ ਦੌੜ ਦਾ ਹਾਸਲ ਮੈਂ ਪਾ ਲਿਆ ਹੈ। ਪਰ ਤਲਾਸ਼ ਅਜੇ ਜਾਰੀ ਹੈ। ਮੇਰੇ ਉਹਨਾਂ ਆਪਣਿਆਂ ਦੀ ਜੋ ਪਤਾ ਨਹੀਂ ਕਿੱਥੇ ਬੈਠੇ ਇਸ ਸਭ ਤੋਂ ਅਣਜਾਣ ਹਨ। ਮੇਰੇ ਵਰਗਿਆਂ ਹੋਰਾਂ ਦੀ ਜੋ ਆਪਣੇ ਵਜੂਦ ਦੀ ਤਲਾਸ਼ ਦੀ ਤੜਪ ਨਾਲ ਜਿਉ ਰਹੇ ਹਨ।"

**ਗੁਰਚਰਨ ਕੌਰ ਥਿੰਦ**
**ਕੈਲਗਰੀ, ਕਨੇਡਾ**
**403-293-2625, 403-402-9635**

## ਸੱਜਣ ਮੇਰੇ ਰੰਗੁਲੇ

# ਸਵਰਨ ਚੰਦਨ ਦੀ ਸਾਹਿਤਕ ਦੇਣ: ਡਾ. ਤੇਜਿੰਦਰ ਕੌਰ

ਪਰਵਾਸੀ ਪੰਜਾਬੀ ਲੇਖਕ ਜਿਹੜੇ ਸਰੀਰਕ ਤੌਰ 'ਤੇ ਸਾਡੇ ਤੋਂ ਵਿੱਛੜ ਚੁੱਕੇ ਹਨ ਤੇ ਜਿਨ੍ਹਾਂ ਨੇ ਪਰਵਾਸੀ ਪੰਜਾਬੀ ਸਾਹਿਤ ਸਿਰਜਣਧਾਰਾ ਨੂੰ ਸਥਾਪਿਤ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ, ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਹਿੱਤ 'ਪਰਵਾਸ' ਦੇ ਹਰੇਕ ਅੰਕ ਵਿਚ ਅਸੀਂ ਉਨ੍ਹਾਂ ਦੇ ਜੀਵਨ ਤੇ ਸਾਹਿਤਕ ਦੇਣ ਸਬੰਧੀ ਨਿਬੰਧਾਂ ਦੀ ਲੜੀ ਸ਼ੁਰੂ ਕਰਨ ਜਾ ਰਹੇ ਹਾਂ ਤਾਂ ਜੋ ਇਹ ਵਿੱਛੜੇ ਸਾਹਿਤਕਾਰ ਸਾਡੇ ਚੇਤਿਆ ਵਿਚ ਹਮੇਸ਼ਾ ਜੀਵੰਤ ਰਹਿਣ।



ਸਵਰਨ ਚੰਦਨ ਪਰਵਾਸੀ ਪੰਜਾਬੀ ਸਾਹਿਤ ਦਾ ਉਹ ਚਰਚਿਤ ਹਸਤਾਖਰ ਹੈ ਜੋ ਪਰਵਾਸੀ ਪੰਜਾਬੀ ਸਾਹਿਤ ਦੀ ਪ੍ਰੁਫੁਲਤਾ ਲਈ ਨਿਰੰਤਰ ਯਤਨਸ਼ੀਲ ਰਿਹਾ। ਬਰਤਾਨਵੀ ਪੰਜਾਬੀ ਸਾਹਿਤ ਦੇ ਗੰਭੀਰ ਆਲੋਚਕਾਂ ਵਿੱਚੋਂ ਉਹ ਇਕ ਹੈ। ਇਕ ਕਵੀ, ਗਲਪ ਲੇਖਕ, ਖੋਜੀ, ਆਲੋਚਕ ਤੇ ਵਾਰਤਕ ਲੇਖਕ ਵੱਜੋਂ ਵੀ ਉਨ੍ਹਾਂ ਦੀ ਵੱਡਮੁੱਲੀ ਦੇਣ ਹੈ ਪਰ ਪਰਵਾਸੀ ਪੰਜਾਬੀ ਸਾਹਿਤ ਵਿਚ ਇਕ ਗਲਪਕਾਰ ਵੱਜੋਂ ਹੀ ਉਨ੍ਹਾਂ ਦੀ ਪਛਾਣ ਵਧੇਰੇ ਸਥਾਪਿਤ ਹੋਈ।

ਸ਼ੋਮਣੀ ਪਰਵਾਸੀ ਪੰਜਾਬੀ ਸਾਹਿਤਕਾਰ ਦਾ ਮਾਣ ਹਾਸਲ ਕਰਨ ਵਾਲਾ ਸਵਰਨ ਚੰਦਨ ਬਹੁਪੱਖੀ ਪ੍ਰਤਿਭਾ ਵਾਲਾ, ਮੂਲ ਰੂਪ ਵਿਚ ਪਰਵਾਸੀ ਪੰਜਾਬੀ ਲੇਖਕ ਸੀ। ਉਸਨੇ ਆਪਣੀ ਇਸ ਬਹੁਪੱਖੀ ਪ੍ਰਤਿਭਾ ਦਾ ਪ੍ਰਗਟਾਵਾ ਨਾਵਲ, ਕਹਾਣੀ, ਕਵਿਤਾ, ਸਫ਼ਰਨਾਮਾ, ਆਲੋਚਨਾ, ਸੰਪਾਦਨਾ ਤੇ ਪੱਤਰਕਾਰੀ ਦੇ ਖੇਤਰ ਵਿਚ ਬਾਖੂਬੀ ਕੀਤਾ। ਅਨੇਕਾਂ ਸਾਹਿਤਕ ਰੂਪਾਂ ਨਾਲ ਜੁੜੇ ਹੋਣ ਦੇ ਬਾਵਜੂਦ ਵੀ ਸਵਰਨ ਚੰਦਨ ਦੀ ਪਛਾਣ ਸਾਹਿਤਕ ਜਗਤ ਵਿਚ ਗਲਪ ਲੇਖਕ ਵੱਜੋ ਸਥਾਪਿਤ ਹੋਈ। 'ਸਵਰਨ ਚੰਦਨ ਬੁਨਿਆਦੀ ਤੋਰ 'ਤੇ ਭਾਵੇਂ ਪਰਵਾਸੀ ਲੇਖਕ ਸੀ ਪਰ "ਉਸਦੀ ਪਹੁੰਚ ਵਿਸ਼ਵ ਸਾਹਿਤ ਵਿਚ ਹੋ ਰਹੇ ਰਚਨਾਤਮਕ ਤੇ ਵਿਚਾਰਧਾਰਾਈ ਤਜਰਬਿਆਂ ਨਾਲ ਹੀ ਨਹੀ ਬਣੀ ਹੋਈ, ਸਗੋ ਉਹ ਸਾਹਿਤ ਅਧਿਅਨ ਪ੍ਰਣਾਲੀਆਂ ਤੇ ਪਾਠ ਦੀ ਦਰਸ਼ਨ ਕੇਦ੍ਰਿਤ ਭੂਮਿਕਾ ਨੂੰ ਸਮਝਣ ਵਾਲਾ ਕਲਮਕਾਰ ਸੀ। ਉਹ ਆਪਣੇ ਆਪ ਨੂੰ ਭਾਵੇ ਮਾਰਕਸਵਾਦੀ ਚਿੰਤਨ ਨਾਲ ਜੁੜਿਆ ਹੋਇਆ ਮੰਨਦਾ ਹੈ ਪਰ ਉਸ ਦੀਆਂ ਲਿਖਤਾਂ ਨਵੇਂ ਵਿਚਾਰਧਾਰਾਈ ਅਧਿਐਨ ਸੰਦਾਂ ਨੂੰ ਵੀ ਅੰਗੀਕਾਰ ਕਰਦੀਆਂ ਹਨ।" 'ਪਰਵਾਸੀ ਪੰਜਾਬੀ ਸਾਹਿਤ ਤੇ ਖਾਸ ਕਰਕੇ ਬਰਤਾਨਵੀ ਪੰਜਾਬੀ ਸਾਹਿਤ ਵੀ ਗੰਭੀਰਤਾ ਦੇ ਨਾਲ ਉਨ੍ਹਾਂ ਅਧਿਅਨ ਦਾ

ਵਿਸ਼ਾ ਬਣਾਇਆ ਜਾਂਦਾ ਹੈ। ਸਵਰਨ ਚੰਦਨ ਦੀ ਸਾਹਿਤਕ ਅਤੇ ਆਲੋਚਕ ਦੇਣ ਸਬੰਧੀ ਵਿਚਾਰ-ਚਰਚਾ ਕਰਨ ਤੋਂ ਪਹਿਲਾ ਉਸਦੇ ਜੀਵਨ 'ਤੇ ਇਕ ਪੰਛੀ ਝਾਤ ਮਾਰਨੀ ਜਰੂਰੀ ਹੈ ਕਿਉਂ ਕਿ ਉਸਨੇ ਆਪਣੇ ਹੋਸ਼ ਸੰਭਾਲਣ ਤੋਂ ਲੈ ਕੇ ਇੰਗਲੈਂਡ ਵਿਚ ਵੱਸਣ ਅਤੇ ਇਸ ਉਪਰੰਤ ਜਿਨ੍ਹਾਂ ਦੁਸ਼ਵਾਰੀਆਂ ਅਤੇ ਤਲਖ ਪ੍ਰਸਥਿਤੀਆਂ ਨੂੰ ਆਪਣੇ ਪਿੰਡੇ 'ਤੇ ਹੰਢਾਇਆ, ਉਹੀ ਉਸ ਦੀ ਸਾਹਿਤਕ ਸਿਰਜਣਾ ਦਾ ਪ੍ਰੇਰਨਾ ਸ੍ਰੋਤ ਬਣੀਆ।

ਸਵਰਨ ਚੰਦਨ ਦਾ ਜਨਮ 1941 ਈ. ਨੂੰ ਪਿਤਾ ਸ. ਆਸਾ ਸਿੰਘ ਤੇ ਮਾਤਾ ਹਰਨਾਮ ਕੌਰ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ। ਉਸਦੇ ਪਿਤਾ ਇਕ ਸਾਧਾਰਨ ਕਿਸਾਨ ਸਨ। ਦੇਸ਼ ਵੰਡ ਦੌਰਾਨ ਹੋਈ ਕਤਲੋਗਾਰਦ ਨੇ ਪਹਿਲਾਂ ਉਸਦੇ ਸਿਰ ਤੋਂ ਬਾਪ ਦਾ ਸਾਇਆ ਖੋਹ ਲਿਆ ਤੇ ਫਿਰ ਪਿਤਾ ਦੇ ਕਤਲ ਦੇ ਸਦਮੇ ਕਾਰਨ ਇਕ ਮਹੀਨੇ ਪਿੱਛੋਂ ਉਸਦੀ ਮਾਤਾ ਵੀ ਚਲਾਣਾ ਕਰ ਗਈ। ਛੇ ਸਾਲ ਦੀ ਛੋਟੀ ਜਿਹੀ ਉਮਰ ਵਿਚ ਹੀ ਸਵਰਨ ਚੰਦਨ ਯਤੀਮ ਹੋ ਗਿਆ। ਛੇਵੀ ਕਲਾਸ ਵਿਚ ਪੜ੍ਹਦਿਆਂ ਉਸਨੇ ਪਹਿਲੀ ਕਵਿਤਾ ਧਨੀਰਾਮ ਚਾਤ੍ਰਿਕ ਦੀ ਕਵਿਤਾ 'ਫੁਹਾਰਾ' ਤੋਂ ਪ੍ਰਭਾਵਿਤ ਹੋ ਕੇ ਲਿਖੀ। ਉਸਨੇ ਬੀ. ਐਸ. ਸੀ. ਅਤੇ ਐੱਮ. ਏ. ਪੰਜਾਬੀ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਕੀਤੀ। 1964 ਵਿਚ ਉਹ ਗੰਨਾ ਇੰਸਪੈਕਟਰ ਦੀ ਨੌਕਰੀ ਛੱਡ ਕੇ ਇੰਗਲੈਂਡ ਚਲਾ ਗਿਆ। ਜਿੱਥੇ ਉਸਨੇ ਖਰਾਦਾ ਤੋਂ ਲੈ ਕੇ ਇੰਸ਼ੋਰੈਂਸ ਤੇ ਫਿਰ ਲਾਇਬ੍ਰੇਰੀਅਨ ਦਾ ਕਿੱਤਾ ਅਖ਼ਤਿਆਰ ਕੀਤਾ। ਉਹ ਆਪਣੀ ਸਵੈ-ਜੀਵਨੀ ਵਿਚ ਲਿਖਦਾ ਹੈ ਕਿ "ਮੇਰੇ ਜੀਵਨ ਤੇ ਮੇਰੇ ਸਾਹਿਤ ਵਿਚ ਕੋਈ ਲਕੀਰ ਨਹੀਂ ਖਿੱਚੀ ਜਾ ਸਕਦੀ। ਜਿਹੜੀ ਵੀ ਮਾੜੀ-ਚੰਗੀ ਜਿੰਦਗੀ ਮੈਂ ਜਿਉਈ ਹੈ, ਉਸੇ ਦਾ ਹੀ ਰੂਪਾਂਤਰਨ ਮੈਂ ਆਪਣੇ ਸਾਹਿਤ ਵਿਚ ਕੀਤਾ ਹੈ।" ਸਮੀਖਿਆ ਦੇ ਖੇਤਰ ਵਿਚ ਵੀ ਮਾਰਕਸਵਾਦ ਨੂੰ ਚੁਣਨਾ ਇਸੇ ਦੀ ਹੀ ਦੇਣ ਹੈ। ਭਾਵੇ ਕਿ ਬਾਅਦ ਵਿਚ ਉਹ ਕੱਟੜ ਕਿਸਮ ਦੇ ਮਾਰਕਸਵਾਦ ਨੂੰ ਰੱਦ ਕਰ ਦਿੰਦਾ ਹੈ।

ਸਵਰਨ ਚੰਦਨ ਦੀ ਗਿਣਾਤਮਕ ਤੇ ਗੁਣਾਤਮਕ ਪੱਖੋਂ ਪੁਸਤਕ ਰਚਨਾਵਾਂ ਨੇ ਉਸਨੂੰ ਬਰਤਾਨਵੀ ਪੰਜਾਬੀ ਸਾਹਿਤ ਹੀ ਨਹੀਂ ਬਲਕਿ ਸਮੁੱਚੀ ਪਰਵਾਸੀ ਪੰਜਾਬੀ ਸਾਹਿਤ ਸਿਰਜਣਧਾਰਾ ਦਾ ਚਰਚਿਤ ਹਸਤਾਖ਼ਰ ਬਣਾਇਆ। ਸਿਰਜਣਾ ਤੇ ਸਮੀਖਿਆ ਨਾਲ ਸਬੰਧਿਤ ਲਗਭਗ ਤੀਹ ਪੁਸਤਕਾਂ ਉਸਨੇ ਪਾਠਕਾਂ ਦੀ ਝੋਲੀ ਪਾਈਆਂ, ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ:-

**ਕਹਾਣੀ ਸੰਗ੍ਰਹਿ:** ਉਜੜਿਆ ਖੂਹ (1977), ਪੁੰਨ ਦੀ ਸਾਕ (1982), ਖਾਲੀ ਪਲਾਂ ਦੀ ਸਾਂਝ (1987), ਲਾਲ ਚੌਂਕ (1989), ਕੁਆਰ ਗੰਦਲ (1991), ਬਜ਼ੁਰਗ ਬਾਬਾ ਤੇ ਭੀੜ (1996), ਬੰਦ ਗੁਫ਼ਾਵਾਂ (2000)

**ਨਾਵਲ:** ਨਵੇਂ ਰਿਸ਼ਤੇ (1980), ਕੱਚੇ ਘਰ (1981), ਕਦਰਾਂ-ਕੀਮਤਾਂ (1983), ਸ਼ਤਰੰਜ (ਤਿੰਨ ਨਾਵਲੈੱਟ 1986), ਕੱਖ, ਕਾਨ ਤੇ ਦਰਿਆ (1992), ਕੰਜਕਾਂ (1993), ਮੱਛਰ ਜੰਗ (1998), ਤਸਦੀਕ ਤ੍ਰੈਲੜੀ **ਨਾਵਲ:** ਪੰਜਾਬ ਸੰਤਾਲੀ (2000) ਤੇ ਸਮਾਂ (2010) **ਆਲੋਚਨਾ ਪੁਸਤਕਾਂ:** ਸੰਵੇਦਨਾ ਤੇ ਸਾਹਿਤ: ਬਰਤਾਨਵੀ ਪੰਜਾਬੀ ਸਾਹਿਤ ਦੀ ਸਥਿਤੀ (1987), ਅੰਮ੍ਰਿਤਾ ਪ੍ਰੀਤਮ ਦੀ ਗਲਪ ਤੇ ਕਾਵਿ ਚੇਤਨਾ (1991), ਦਵੰਦਵਾਦੀ ਸਮੀਖਿਆ ਪ੍ਰਵਾਸੀ: ਸਿਧਾਂਤ ਤੇ ਵਿਹਾਰ (1993), ਬਰਤਾਨਵੀ ਪੰਜਾਬੀ ਜਨ-ਜੀਵਨ ਤੇ ਸਾਹਿਤ (1994), ਬਰਤਾਨਵੀ ਪੰਜਾਬੀ ਸਾਹਿਤ ਦੀਆਂ ਸਮੱਸਿਆਵਾਂ (1996), ਸਾਹਿਤ, ਸਮਾਜ ਤੇ ਰਾਜਨੀਤੀ (2001)

ਸਵਰਨ ਚੰਦਨ ਦਾ ਉਪਰੋਕਤ ਰਚਨਾ ਸੰਸਾਰ ਇਹ ਸਿੱਧ ਕਰਦਾ ਹੈ ਕਿ ਉਹ ਇਕ ਸਿਰਜਕ ਵੱਜੋ ਨਿਰੰਤਰ ਕਰਮਸ਼ੀਲ ਰਿਹਾ। ਕਾਵਿ ਦੇ ਖੇਤਰ ਵਿਚ ਉਸਨੇ ਰੁਬਾਈ, ਛੰਦ ਬੰਧ ਕਵਿਤਾ, ਖੁੱਲੀ ਕਵਿਤਾ, ਗ਼ਜ਼ਲ ਲਿਖੀ, ਗਲਪ ਦੇ ਖੇਤਰ ਵਿਚ ਨਾਵਲ, ਨਾਵਲਿਟ ਤੇ ਕਹਾਣੀ ਦੀ ਰਚਨਾ ਕੀਤੀ। ਸਮੀਖਿਆ ਦੇ ਖੇਤਰ ਵਿਚ ਉਸਨੇ ਸਾਹਿਤ, ਸਮਾਜ ਤੇ ਪਰਵਾਸੀ ਪੰਜਾਬੀ ਸਾਹਿਤ ਦੇ ਮੁੱਢਲੇ ਤੇ ਪ੍ਰਮੁੱਖ ਸਰੋਕਾਰਾਂ ਦੇ ਸਿਧਾਂਤਕ ਪਹਿਲੂਆਂ ਨੂੰ ਸੰਕਲਪਬੱਧ ਕੀਤਾ। ਬਰਤਾਨਵੀ ਪੰਜਾਬੀ ਕਹਾਣੀ ਦੇ ਅਧਿਅਨ, ਵਿਸ਼ਲੇਸ਼ਣ ਦਾ ਕਾਰਜ ਵੀ ਉਸਨੇ ਨਿੱਠ ਕੇ ਕੀਤਾ। ਸਵਰਨ ਚੰਦਨ ਦੀਆਂ ਰਚਨਾਵਾਂ ਦਾ ਪਿਛੋਕੜ ਅਤੇ ਇਹਨਾਂ ਦੀ ਅੰਤਰੀਵ ਸਰੰਚਨਾ, ਉਸਦੀ ਜ਼ਿੰਦਗੀ ਦੀਆਂ ਤਲਖ਼ ਪ੍ਰਸਥਿਤੀਆਂ ਨਾਲ ਸਬੰਧਿਤ ਹੈ। ਉਸਦਾ ਆਪਾ, ਕਬੂਲੇ ਪ੍ਰਭਾਵ ਉਸਦਾ ਸਮਾਜ ਪ੍ਰਤੀ ਨਜ਼ਰੀਆ, ਰਿਸ਼ਤਿਆਂ ਪ੍ਰਤੀ ਭਾਵੁਕ, ਬੋਧਿਕ ਸੋਚ ਉਸ ਦੀਆਂ ਰਚਨਾਵਾਂ ਵਿਚੋਂ ਉੱਭਰ ਕੇ ਸਾਹਮਣੇ ਆਉਂਦੀ ਹੈ। ਡਾ. ਧਨਵੰਤ ਕੌਰ ਲਿਖਦੀ ਹੈ ਕਿ "ਸਵਰਨ ਚੰਦਨ ਦਾ ਰਚਨਾਵੀ ਸੰਸਾਰ ਉਸਦੀ ਜ਼ਿੰਦਗੀ ਵਿਚ ਫੁੱਟਿਆ ਲਾਵਾ ਹੈ। ਆਪਣੀ ਜ਼ਿੰਦਗੀ ਵਿਚ ਉਸ ਦੇ ਮੁੱਖ ਮੁਰਹਲਿਆਂ ਵਿਚੋਂ ਲੰਘਿਆ, ਪਹਿਲਾ 1947 ਦੀ ਵੰਡ ਦੂਜਾ 1964 ਵਿਚ ਉਸਦਾ ਇੰਗਲੈਂਡ ਦਾ ਪਰਵਾਸ। ਉਸਦੀ ਸਿਰਜਨਾਤਮਕਤਾ ਦੇ ਦੋ ਮੁੱਖ ਮਰਕਜ ਇਹੀ ਰਹੇ।"। 'ਜੁਗਨੂੰਆਂ ਦੀ ਰਾਖ' ਗ਼ਜ਼ਲ ਸੰਗ੍ਰਹਿ ਵਿਚ ਉਹ ਲਿਖਦਾ ਹੈ। ਮੇਰੀ ਹਰ ਗ਼ਜ਼ਲ ਵਿਚ ਘੱਟੋ-ਘੱਟ ਇਕ ਸ਼ਿਅਰ ਜ਼ਰੂਰ ਅਜਿਹਾ ਆ ਵੜਦਾ ਹੈ ਜੋ ਮੇਰੇ ਬਚਪਨ ਨੂੰ ਫਿਰ ਤੋਂ ਮੇਰੇ ਸਾਹਮਣੇ ਲੈ ਆਉਦਾ ਹੈ। ਸਵਰਨ ਚੰਦਨ ਦੇ ਪਰਵਾਸ ਦੀ ਵਿਸ਼ੇਸ਼ਤਾ ਇਹ ਵੀ ਰਹੀ ਹੈ ਕਿ ਉਸਦਾ ਪਰਵਾਸ ਝੋਰਿਆ, ਹੇਰਵਿਆ, ਵਿਗੋਚਿਆ ਤੇ ਸਭਿਆਚਾਰਕ ਤਣਾਉ ਵਾਲਾ ਨਹੀਂ ਸੀ। ਜਿਹੜਾ ਉਸਨੂੰ ਬਾਕੀ ਪਰਵਾਸੀ ਪੰਜਾਬੀ ਲੇਖਕਾਂ ਤੋਂ ਜੁਦਾ ਕਰਦਾ ਹੈ। ਉਹ ਲਿਖਦਾ ਹੈ "ਮੈਂ ਇੰਗਲੈਂਡ ਦੀ ਧਰਤੀ' ਤੇ ਆ ਕੇ ਖੱਟਿਆ ਹੀ ਖੱਟਿਆ ਹੈ, ਗਵਾਇਆ ਕੁਝ ਨੀ। ਕਿਉਂ ਕਿ ਪੰਜਾਬ

’ਚ ਰਹਿੰਦਿਆਂ ਉਸ ਨੇ ਘਰ, ਪਰਿਵਾਰ, ਸਮਾਜ, ਰਾਜਨੀਤੀ, ਅਫ਼ਸਰਸ਼ਾਹੀ ਦਾ ਜਿਹੜਾ ਕਰੂਰ ਰੂਪ ਦੇਖਿਆ ਤੇ ਪਿੰਡੇ ’ਤੇ ਹੰਢਾਇਆ ਸੀ, ਉਸ ਨਾਲੋ ਉਸ ਦਾ ਬੁਰੀ ਤਰ੍ਹਾਂ ਮੋਹ ਭੰਗ ਹੋ ਚੁੱਕਾ ਸੀ।

ਸਵਰਨ ਚੰਦਨ ਨੇ ਆਪਣੇ ਗਲਪੀ ਸੰਸਾਰ ਵਿਚ ਨਵੀ ਪੀੜੀ ਦੀਆਂ ਆਕਾਂਖਿਆਵਾਂ, ਭਾਵਾਂ, ਦਰਪੇਸ਼ ਸਮੱਸਿਆਵਾਂ ਨੂੰ ਪ੍ਰਤਿਨਿਧਤਾ ਦਿੱਤੀ। ਨੌਜਵਾਨ ਬੱਚਿਆਂ ਦੇ ਸੁਪਨਿਆ, ਚਾਹਤਾਂ, ਉਨ੍ਹਾਂ ਦੀ ਸ਼ਨਾਖਤ ਤੇ ਲਿੰਗਕ ਸਮੱਸਿਆਵਾਂ ਨੂੰ ਬਿਰਤਾਂਤ ਦਾ ਕੇਂਦਰ ਬਿੰਦੂ ਬਣਾਇਆ ਤੇ ਸਮੱਸਿਆਵਾਂ ਨੂੰ ਉਨ੍ਹਾਂ ਦੇ ਨੁਕਤਾ ਨਿਗਾਹ ਤੋਂ ਪੇਸ਼ ਕੀਤਾ। ਉਨ੍ਹਾਂ ਦੇ ਸਮਕਾਲੀ ਸਾਹਿਤ ਵਿਚ ਸਮੱਸਿਆਵਾਂ ਤਾਂ ਪੇਸ਼ ਹੋ ਰਹੀਆਂ ਸਨ ਪਰ ਉਹ ਪਹਿਲੀ ਪੀੜੀ ਦੇ ਦ੍ਰਿਸ਼ਟੀਕੋਣ ਤੋਂ ਸਨ। ਉਹ ਪਰਵਾਸੀ ਪੰਜਾਬੀ ਔਰਤ ਦੀਆਂ ਸੁੰਤਾਪਮਈ ਸਮੱਸਿਆਵਾਂ ਨੂੰ ਪਕੜਨ ਦੀ ਕੋਸ਼ਿਸ਼ ਕਰਦਾ ਹੈ ਪਰ ਪੂੰਜੀਵਾਦੀ ਪ੍ਰਬੰਧ ਵਿਚ ਔਰਤ ਦੀ ਗੁੰਝਲਦਾਰ ਮਾਨਸਿਕ ਪ੍ਰਸਥਿਤੀ ਉਹ ਅੰਕਣ ਤੋਂ ਅਸਮਰੱਥ ਰਹਿ ਜਾਂਦਾ ਹੈ। ਪੰਜਾਬੀ ਮਰਦ ਦੀ ਪਿਤਾ-ਪੁਰਖੀ ਹਉਂ ਦੇ ਫਲਸਰੂਪ ਔਰਤ ਦਮਨ, ਔਰਤ ਪਛਾਣ ਨਾਲ ਜੁੜੇ ਵਿਭਿੰਨ ਮਸਲੇ, ਔਰਤ ਦੀ ਅਜ਼ਾਦੀ ਤੇ ਸਵੈ-ਪਛਾਣ ਦੇ ਪ੍ਰਸ਼ਨਾਂ ਨੂੰ ਉਸਨੇ ਪਹਿਲ ਦੇ ਆਧਾਰ ’ਤੇ ਬਿਰਤਾਂਤ ਦਾ ਅੰਗ ਬਣਾਇਆ। ਉਹ ਔਰਤ ਦੀ ਬਦਲ ਰਹੀ ਸੋਚ ਤੇ ਉਸ ਨਵੀਨ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦਾ ਹੈ, ਜੋ ਮਰਦ ਦੀ ਪ੍ਰਭੂਸੱਤਾ, ਉਸਦੇ ਵਿਹਾਰ ਤੇ ਵਿਚਾਰ ਲਈ ਚੁਣੋਤੀ ਪੇਸ਼ ਕਰ ਰਹੀ ਹੈ।

ਸਵਰਨ ਚੰਦਨ ਮਨੁੱਖੀ ਵਿਵਹਾਰ ਨੂੰ ਨਿਸ਼ਚਿਤ ਤੇ ਨਿਰਧਾਰਿਤ ਕਰਨ ਵਿਚ ਆਰਥਿਕਤਾ ਦਾ ਬਹੁਤ ਵੱਡਾ ਰੋਲ ਮੰਨਦਾ ਹੈ। ਕਿਸੇ ਵੀ ਸਮਾਜ ਵਿਚ ਮਨੁੱਖ ਦੇ ਹੋਰਨ ਮਨੁੱਖਾਂ ਨਾਲ ਸਬੰਧ ਤੇ ਰਿਸ਼ਤੇ ਵੀ ਆਰਥਿਕ ਸਥਿਤੀ ਦੁਆਰਾ ਨਿਰਧਾਰਿਤ ਤੇ ਪ੍ਰਭਾਵਿਤ ਹੁੰਦੇ ਹਨ। ਮਨੁੱਖੀ ਸਬੰਧਾ ਦੇ ਉਸਾਰ, ਨਿਘਾਰ ਤੇ ਰੂਪਾਂਤਰਣ ਪਿੱਛੇ ਵੀ ਇਹੀ ਤੱਥ ਕਾਰਜਸ਼ੀਲ ਹੁੰਦਾ ਹੈ। ਨਸਲੀ ਵਿਵਹਾਰ ਵੀ ਇਸੇ ਦੀ ਉਪਜ ਹੈ। ਨਸਲਵਾਦ ਕਿਸੇ ਵੀ ਦੇਸ਼ ਜਾਂ ਸਮਾਜ ਵਿਚ ਕਿਸੇ ਨਿਸ਼ਚਿਤ ਵਿਚਾਰਧਾਰਾ ਦੀ ਉਪਜ ਨਹੀਂ ਹੈ।

ਸੋ ਅਖੀਰ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਸਵਰਨ ਚੰਦਨ ਆਪਣੀ ਗਿਣਾਤਮਕ ਤੇ ਗੁਣਾਤਮਕ ਸਾਹਿਤ ਸਿਰਜਣਾ ਸਦਕਾ ਪਾਠਕ ਦਿਲਾ ਵਿਚ ਹਮੇਸ਼ਾ ਜੀਵੰਤ ਰਹੇਗਾ। ਜਦੋ ਵੀ ਬਰਤਾਨਵੀ ਪੰਜਾਬੀ ਸਾਹਿਤ ਜਾਂ ਪਰਵਾਸੀ ਪੰਜਾਬੀ ਸਾਹਿਤ, ਸਮੀਖਿਆ ਦੀ ਗੱਲਬਾਤ ਜਾਂ ਵਿਚਾਰ ਚਰਚਾ ਹੋਵੇਗੀ ਤਾਂ ਸਵਰਨ ਚੰਦਨ ਦਾ ਨਾਂ ਮੂਹਰਲੀ ਕਤਾਰ ਦੇ ਸਾਹਿਤਕਾਰਾ ਤੇ ਸਮੀਖਿਅਕਾ ’ਚ ਆਵੇਗਾ।

**ਕੋਆਰਡੀਨੇਟਰ**
**ਪਰਵਾਸੀ ਸਾਹਿਤ ਅਧਿਅਨ ਕੇਂਦਰ**

ਲੇਖ

## ਰਿਸ਼ਤਿਆਂ ਦੇ ਘਾਣ ਦੀ ਮਹਾਂਮਾਰੀ: ਸੁਖਵਿੰਦਰ ਸਿੰਘ ਚੋਹਲਾ



ਕੈਨੇਡਾ ਦੇ ਸ਼ਹਿਰ ਸਰੀ ਵੱਸਦਾ ਸੁਖਵਿੰਦਰ ਸਿੰਘ ਚੋਹਲਾ ਪਹਿਲਾਂ ਜਲੰਧਰ ਤੋਂ ਛੱਪਦੇ ਅਜੀਤ ਅਖ਼ਬਾਰ ਨਾਲ ਸਹਿ ਸੰਪਾਦਕ ਦੇ ਰੂਪ ਵਿਚ ਜੁੜਿਆ ਰਿਹਾ ਹੈ ਅੱਜ ਕੱਲ ਕੈਨੇਡਾ ਦੇ ਦੇਸ ਪ੍ਰਦੇਸ ਟਾਈਮਜ਼ ਦਾ ਸੰਪਾਦਕ ਹੈ।ਚਲੰਤ ਮਸਲਿਆਂ ਨੂੰ ਬੜੀ ਪ੍ਰਬੀਨਤਾ ਨਾਲ ਪਾਠਕਾਂ ਦੇ ਸਨਮੁੱਖ ਰੱਖਦਾ ਹੈ। ਇਸ ਲੇਖ ਵਿਚ ਉਹਨਾਂ ਨੇ ਕੋਰੋਨਾ ਸੰਕਟ ਦੌਰਾਨ ਮਾਨਵੀ ਰਿਸ਼ਤਿਆਂ ਦੀਆਂ ਤਿੜਕਦੀਆਂ ਤੰਦਾਂ ਨੂੰ ਪੇਸ਼ ਕੀਤਾ ਹੈ

ਦੁਨੀਆ ਵਿਚ ਪਹਿਲਾਂ ਵੀ ਕਈ ਮਹਾਮਾਰੀਆਂ ਵਰਤੀਆਂ ਹਨ। ਜਿਨ੍ਹਾਂ ਕਾਰਣ ਲੱਖਾਂ ਕਰੋੜਾਂ ਲੋਕ ਮਾਰੇ ਜਾਂਦੇ ਰਹੇ ਹਨ। ਲੋਕਾਂ ਤੇ ਮੁਲਕਾਂ ਨੂੰ ਵੱਡੇ ਆਰਥਿਕ ਨੁਕਸਾਨ ਸਹਿਣ ਕਰਨੇ ਪਏ ਹਨ ਪਰ ਇਹ ਮਹਾਮਾਰੀ ਪਹਿਲਾਂ ਵਾਪਰੀਆਂ ਮਹਾਂਮਾਰੀਆਂ ਤੋਂ ਬਿਲਕੁਲ ਅਲੱਗ ਹੈ। ਪਹਿਲਾਂ ਵਾਪਰੀਆਂ ਮਹਾਮਾਰੀਆਂ ਨੇ ਮਨੁੱਖ ਨੂੰ ਸ਼ਾਇਦ ਇਤਨਾ ਦਹਿਸ਼ਤਜ਼ਦਾ ਨਹੀਂ ਕੀਤਾ ਹੋਵੇਗਾ ਜਿਤਨਾ ਇਸਨੇ। ਉਹਨਾਂ ਮਹਾਂਮਾਰੀਆਂ ਦੌਰਾਨ ਪੀੜਤਾਂ ਦੀ ਸੇਵਾ ਸੰਭਾਲ ਲਈ ਮਾਨਵੀ ਆਧਾਰ ’ਤੇ ਕਈ ਮਹਾਪੁਰਸ਼ ਤੇ ਲੋਕ ਅੱਗੇ ਆਉਂਦੇ ਰਹੇ ਹਨ। ਉਹਨਾਂ ਸਮਿਆਂ ਵਿਚ ਇਹ ਧਾਰਨਾ ਮਜ਼ਬੂਤ ਹੁੰਦੀ ਰਹੀ ਕਿ ਔਖੇ ਸਮੇਂ ਮਨੁੱਖ ਹੀ ਮਨੁੱਖ ਦੇ ਕੰਮ ਆਉਦਾ ਹੈ। ਮਨੁੱਖ ਹੀ ਮਨੁੱਖ ਦਾ ਦਾਰੂ ਹੈ। ਪਰ ਇਸ ਮਹਾਂਮਾਰੀ ਨੇ ਮਨੁੱਖ ਨੂੰ ਮਨੁੱਖ ਦਾ ਦੁਸ਼ਮਣ ਐਲਾਨ ਦਿੱਤਾ ਹੈ। ਇਸ ਬੀਮਾਰੀ ਤੋਂ ਪੀੜ੍ਹਤ ਮਨੁੱਖ ਤੰਦਰੁਸਤ ਮਨੁੱਖਾਂ ਲਈ ਪਲ ਵਿਚ ਹੀ ‘ਅਛੂਤ’ ਹੋ ਜਾਂਦਾ ਹੈ। ਕਿਸੇ ਵਿਅਕਤੀ ਦੇ ਇਸ ਬੀਮਾਰੀ ਤੋਂ ਪੀੜਤ ਹੋਣ ਦੀ ਖ਼ਬਰ ਹੀ ਉਸਦੇ ਆਲੇ ਦੁਆਲੇ ਵਿਚਰਦੇ ਲੋਕਾਂ ਲਈ ਦਹਿਸ਼ਤ ਦਾ ਪਰਚਮ ਬਣ ਜਾਂਦੀ ਹੈ। ਪੀੜਤ ਵਿਅਕਤੀ ਦੀ ਸਾਂਭ ਸੰਭਾਲ ਬਾਰੇ ਭਾਵਨਾ ਦੇ ਪੈਦਾ ਹੋਣ ਤੋਂ ਪਹਿਲਾਂ ਦੂਸਰੇ ਲੋਕਾਂ ਨੂੰ ਆਪਣੀ ਜਾਨ ਦੀ ਫਿਕਰ ਬਣ ਜਾਂਦੀ ਹੈ। ਹਰ ਕੋਈ ਧੁਰ ਅੰਦਰ ਤੱਕ ਕੰਬ ਜਾਂਦਾ ਹੈ ’ਹਾਏ! ਕਿਤੇ ਮੈਂ ਵੀ ਤਾਂ ਨਹੀ? ਇਹ ਮਹਾਮਾਰੀ ਕੇਵਲ ਮਨੁੱਖੀ ਜਾਨਾਂ ਦਾ ਹੀ ਖੌਅ ਨਹੀ ਬਣੀ, ਮਾਨਵੀ ਰਿਸ਼ਤਿਆਂ ਦੀ ਵੀ ਬਲੀ ਲੈ ਰਹੀ ਹੈ। ਕਿਵੇਂ ਇਸ ਨਾਮੁਰਾਦ ਬੀਮਾਰੀ ਦਾ ਸ਼ਿਕਾਰ ਹੋਣ ਵਾਲੇ ਬਦਕਿਸਮਤ ਲੋਕਾਂ ਦੇ ਆਪਣੇ ਹੀ ਉਹਨਾਂ ਤੋਂ ਮੂੰਹ ਫੇਰ ਲੈਂਦੇ ਹਨ। ਨਾਮੁਰਾਦ ਬੀਮਾਰੀ ਨਾਲ ਮਰਨ ਵਾਲੇ ਕਿਸੇ ਅਭਾਗੇ ਪਿਤਾ ਜਾਂ ਮਾਂ ਦੇ ਬੱਚਿਆਂ, ਭੈਣਾਂ, ਭਰਾਵਾਂ ਜਾਂ ਸਕੇ ਸਬੰਧੀਆਂ ਸਮੇਤ ਦੋਸਤਾਂ ਮਿੱਤਰਾਂ ਸਭ ਦੇ ਮਨਾਂ ਵਿਚ ਇਕ ਦਹਿਸ਼ਤ ਦਾ ਘਰ ਕਰ ਜਾਣਾ ਤੇ ਅਭਾਗੇ ਵਿਅਕਤੀ ਦੀਆਂ ਅੰਤਿਮ ਰਸਮਾਂ ਨਿਭਾਉਣ ਤੋਂ ਵੀ ਭੱਜ ਜਾਣਾ, ਮਾਨਵੀ ਹੋਂਦ ਜਾਂ ਸਭਿਅਤਾ ਉੱਪਰ ਅਜਿਹਾ ਸਵਾਲ ਹੈ ਜਿਸਦਾ ਜਵਾਬ ਸ਼ਾਇਦ ਕਿਸੇ ‘ਮਾਨਵ’ ਕਹਾਉਣ ਵਾਲੇ ਜੀਵ ਪਾਸ ਨਹੀਂ

ਹੈ। ਇਸ ਮਹਾਂਮਾਰੀ ਦੇ ਉਨਵਾਨ ਹੇਠ ਲਿਖੇ 'ਮੌਤ ਦੇ ਵਾਰੰਟ' ਨੇ ਜਿਥੇ ਨਜ਼ਦੀਕੀ ਰਿਸ਼ਤਿਆਂ ਦੇ ਨਕਾਬ ਪਾੜ ਸੁੱਟੇ ਹਨ, ਉੱਥੇ ਮਾਨਵੀ ਰਿਸ਼ਤਿਆਂ ਦੀਆਂ ਉਪਦੇਸ਼ਕ ਗੱਲਾਂ ਦੀ ਅਸਲੀਅਤ ਦਾ ਸੱਚ ਬੜੀ ਬੇਦਰਦੀ ਨਾਲ ਬੇਪਰਦ ਕਰ ਦਿੱਤਾ ਹੈ। ਇਸ ਮਹਾਂਮਾਰੀ ਨੇ ਮਾਨਵੀ ਹੋਂਦ ਦੇ ਉਸ ਸੱਚ ਨੂੰ ਬੇਨਕਾਬ ਕਰ ਦਿੱਤਾ ਹੈ ਕਿ ਮਾਨਵੀ ਸਭਿਅਤਾ ਅਤੇ ਜੀਵਨ ਦੀਆਂ ਉਪਦੇਸ਼ਕ ਗੱਲਾਂ ਉਦੋ ਤੱਕ ਹੀ ਹਨ ਜਦੋਂ ਕਿ ਤੱਕ ਮਨੁੱਖ ਖ਼ੁਦ ਸੁਰੱਖਿਅਤ ਘੇਰੇ ਵਿਚ ਹੈ। ਜਦੋ ਮਨੁੱਖ ਦੀ ਖ਼ੁਦ ਜਾਨ ਉੱਪਰ ਬਣਦੀ ਹੈ ਤਾਂ ਸਭ ਕੁਝ ਅਰਥਹੀਣ ਹੋ ਜਾਂਦਾ ਹੈ। ਮਨੁੱਖ ਦਾ ਆਪਣਾ ਸੁਰੱਖਿਅਤ ਆਪਾ ਹੀ ਉਸਦਾ ਸਭ ਕੁਝ ਹੈ। ਆਪਣੀ ਹੋਂਦ ਅਤੇ ਆਪਣੇ ਆਪ ਨੂੰ ਜੀਵਤ ਰੱਖਣ ਲਈ ਸੰਸਾਰ ਦੇ ਕੁਲ ਜੀਵ ਜੋ ਕੁਝ ਕਰਦੇ ਹਨ, ਉਹ ਉਹਨਾਂ ਜੀਵਾਂ ਤੋਂ ਸ੍ਰੇਸ਼ਟ ਨਹੀ ਬਲਕਿ ਕਈ ਗੁਣਾ ਹੀਣਾ ਹੈ। ਕਈ ਲੋਕ ਇਸ ਮਹਾਮਾਰੀ ਦੁਆਰਾ ਕੁਦਰਤ ਵੱਲੋਂ ਦਿੱਤੇ ਗਏ ਛੁਪੇ ਸੁਨੇਹੇ ਨੂੰ ਪੜ੍ਹਨ ਦਾ ਯਤਨ ਕਰ ਰਹੇ ਹਨ।

ਉਹਨਾਂ ਦਾ ਦਾਅਵਾ ਹੈ ਕਿ ਮਨੁੱਖ ਨੇ ਕੁਦਰਤ ਨਾਲ ਜੋ ਖਿਲਵਾੜ ਕੀਤਾ ਹੈ, ਕੁਦਰਤ ਉਸਦੀ ਭਰਪਾਈ ਕਰਵਾ ਰਹੀ ਹੈ। ਕੁਦਰਤ ਮਨੁੱਖ ਦੇ ਸੁਆਰਥੀਪਣ ਵਿਚ ਕੀਤੀਆਂ ਗਲਤੀਆਂ ਲਈ ਉਸ ਕੋਲੋ ਬਦਲਾ ਲੈ ਰਹੀ ਹੈ। ਪੂਰੀ ਦੁਨੀਆ ਦਾ ਪਹੀਆ ਧਰਤੀ, ਅਸਮਾਨ ਅਤੇ ਪਾਣੀਆਂ ਵਿਚ ਜਾਮ ਹੋ ਗਿਆ ਹੈ। ਇਸ ਪਹੀਏ ਦੇ ਜਾਮ ਹੋਣ ਨਾਲ ਵਾਤਾਵਰਣ ਵਿਚ ਫੈਲਿਆ ਪ੍ਰਦੂਸ਼ਣ ਗਾਇਬ ਹੋਣ ਲੱਗਾ ਹੈ। ਧਰਤੀ, ਅਕਾਸ਼ ਤੇ ਪਾਣੀ ਨਿਰਮਲ ਹੋਣ ਲੱਗੇ ਹਨ। ਨੀਲੇ ਅਸਮਾਨ ਤੇ ਤਾਰਾ ਮੰਡਲ ਦੀ ਚਮਕ ਅੱਖਾਂ ਨੂੰ ਆਪਣੇ ਹੋਣ ਦਾ ਅਹਿਸਾਸ ਦੇਣ ਲੱਗੀ ਹੈ। ਹੁੰਮਸ ਭਰੀ ਸ਼ਹਿਰੀ ਜ਼ਿੰਦਗੀ ਤੋਂ ਤੰਗ ਆਏ ਲੋਕ ਘਰਾਂ ਦੀ ਛੱਤਾਂ ਉੱਪਰ ਚੜ੍ਹਕੇ ਦੂਰ ਪਹਾੜਾਂ ਦੀਆਂ ਚੋਟੀਆਂ ਦੇ ਦਰਸ਼ਨ ਕਰਕੇ ਕੁਦਰਤ ਦੇ ਬਲਿਹਾਰੇ ਜਾ ਰਹੇ ਹਨ। ਲੋਕ ਵਾਤਾਵਰਣ 'ਚੋਂ ਪ੍ਰਦੂਸ਼ਣ ਦੇ ਘਟਣ, ਨਦੀਆਂ ਨਾਲਿਆਂ ਦੇ ਸਾਫ ਪਾਣੀਆਂ ਦੀ ਕਲਕਲ ਤੇ ਪਹਾੜੀ ਦ੍ਰਿਸ਼ਾਂ ਨੂੰ ਵੇਖਦਿਆਂ ਕਰੋਨਾ ਵਾਇਰਸ ਨੂੰ ਕੁਦਰਤ ਦਾ ਬੰਦੇ ਨੂੰ ਸਬਕ ਸਿਖਾਉਣ ਦਾ ਸੁਨੇਹਾ ਬਿਆਨ ਕਰਦਿਆਂ ਖੁਸ਼ ਹੋ ਰਹੇ ਹਨ ਪਰ ਉਹ ਭੁੱਲ ਰਹੇ ਹਨ ਕਿ ਕੁਦਰਤ ਦਾ ਇਹ ਸੁਨੇਹਾ ਕਿਤਨਾ ਮਹਿੰਗਾ ਤੇ ਦੁਖਦਾਈ ਹੈ। ਇਸ ਸੁਨੇਹੇ ਦੀ ਪੀੜਾ ਨੂੰ ਤਾਂ ਉਹੀ ਜਾਣ ਸਕਦੇ ਹਨ ਜਿਹਨਾਂ ਦੇ ਘਰਾਂ ਵਿਚ ਕੁਦਰਤ ਦਾ ਕਹਿਰ ਵਰਤ ਚੁੱਕਾ ਹੈ। ਇਹ ਸਮਝਣ ਦੀ ਲੋੜ ਹੈ ਕਿ ਮਨੁੱਖ ਨੇ ਕੁਦਰਤ ਦੇ ਇਸ ਸੁਨੇਹੇ ਨੂੰ ਸਮਝਣ ਲਈ ਕਿਤਨਾ ਕੁਝ ਗੁਆ ਲਿਆ ਹੈ ਤੇ ਉਹ ਨਿਰੰਤਰ ਗੁਆ ਰਿਹਾ ਹੈ। ਇਸ ਸਭ ਦੇ ਬਾਵਜੂਦ ਮਨੁੱਖ ਨੇ 'ਬੰਦਾ' ਫਿਰ ਨਹੀ ਬਣਨਾ।

**ਸੁਖਵਿੰਦਰ ਸਿੰਘ ਚੋਹਲਾ**


## ਪੁਸਤਕ ਚਰਚਾ

# ‘ਰੂਹ ਰੇਜ਼ਾ’ਦਾ ਕਾਵਿ-ਸ਼ਾਸਤਰ: ਪ੍ਰੋ. ਨਿਰੰਜਨ ਸਿੰਘ ਢੇਸੀ



ਅੱਜ ਕੱਲ ਅਮਰੀਕਾ ਵਿਖੇ ਰਹਿ ਰਹੇ ਪ੍ਰੋ. ਨਿਰੰਜਨ ਢੇਸੀ ਲਾਇਲਪੁਰ ਖ਼ਾਲਸਾ ਜਲੰਧਰ ਤੋਂ ਸੇਵਾ ਮੁਕਤ ਹੋਏ ਹਨ। ਬਹੁਤ ਹੀ ਨਿਮਰ ਸੁਭਾਅ ਵਾਲੇ ਪ੍ਰੋ. ਢੇਸੀ ਮਾਰਕਸਵਾਦੀ ਵਿਚਾਰਧਾਰਾ ਵਾਲੇ ਤੇ ਗੁਰੂ ਨਾਨਕ ਫਿਲਾਸਫੀ ਦੇ ਪੈਰੋਕਾਰ ਹਨ। ਉਹ ਚਲੰਤ ਮਾਮਲਿਆ ਬਾਰੇ ਬੜੀ ਹੀ ਬੇਬਾਕੀ ਨਾਲ ਆਪਣੇ ਵਿਚਾਰ ਪੇਸ਼ ਕਰਦੇ ਹਨ। ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀ ਪੁਸਤਕ ‘ਰੂਹ ਰੇਜ਼ਾ’ ਦਾ ਉਹਨਾਂ ਵੱਲੋ ਬੜੇ ਹੀ ਸੁਚੱਜੇ ਢੰਗ ਨਾਲ ਆਲੋਚਨਾਤਮਕ ਅਧਿਅਨ ਕੀਤਾ ਗਿਆ ਹੈ

ਪਿਛਲੇ ਦਿਨੀ ਡਾ. ਗੁਰਬਖਸ ਸਿੰਘ ਭੰਡਾਲ ਦੀ ਕਾਵਿ ਪੁਸਤਕ ‘ਰੂਹ ਰੇਜਾ’ ਮਿਲੀ। ਪੁਸਤਕ ਪੜ੍ਹਨ ਤੋਂ ਪਹਿਲਾਂ ਉਹਨਾਂ ਦੀ ਵਾਰਤਕ ਦੀ ਅਨੋਖੀ ਸੈਲੀ ਅਤੇ ਨਿਰਾਲੇ ਵਿਸਿਆਂ ਸੰਬੰਧੀ ਮੈਂ ਪ੍ਰਭਾਵਿਤ ਸਾਂ। ਵਾਰਤਕ ਲਿਖਦਿਆਂ ਵੀ ਉਹ ਕਵਿਤਾ ਦੀਆਂ ਝਲਕੀਆਂ ਪੇਸ਼ ਕਰਦੇ ਹਨ। ‘ਰੂਹ ਰੇਜਾ’ ਦੀ ਕਵਿਤਾ ਬਾਰੇ ਗੱਲ ਕਰਨ ਤੋਂ ਪਹਿਲਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਹਨਾਂ ਦੀ ਰਚਨਾ ਤੋਂ ਇਲਾਵਾ ਉਹਨਾਂ ਦੀ ਦਰਵੇਸਾਂ ਵਾਲੀ ਹਸਤੀ ਮੈਨੂੰ ਤਾਂ ਕੀ ਹਰ ਕਿਸੇ ਨੂੰ ਹੀ ਪ੍ਰਭਾਵਤ ਕਰਦੀ ਹੈ। ਭੌਤਿਕ ਵਿਗਿਆਨ ਦੇ ਵਿਦਵਾਨ ਪ੍ਰੋ. ਹੋਣ ਦੇ ਨਾਲ ਨਾਲ ਉਹ ਬੇਹੱਦ ਮੁਹੱਬਤੀ ਇਨਸਾਨ ਹਨ। ਬਿਆਸ ਦੇ ਕੰਢੇ ਪਿੰਡ ਭੰਡਾਲ ਬੇਟ ਦਾ ਜੰਮਪਲ ਇਹ ਬੰਦਾ ਇਨਸਾਨੀਅਤ ਦੇ ਪੱਖ ਤੋਂ ਹੀ ਨਹੀ, ਵਿਦਵਤਾ ਅਤੇ ਕਲਾ ਸਾਧਨਾ ਦੇ ਪੱਖ






ਸ੍ਰੋਮਣੀ ਪੰਜਾਬੀ ਸਾਹਿਤ ਅਵਾਰਡੀ ਡਾ. ਭੰਡਾਲ ਨੇ ਹੁਣ ਤੱਕ ਦੋ ਦਰਜਨ ਦੇ ਕਰੀਬ ਪੁਸਤਕਾਂ ਪਾਠਕਾਂ ਸਨਮੁੱਖ ਕੀਤੀਆਂ ਹਨ। ਜਿਨ੍ਹਾਂ ਵਿਚ ਵਾਰਤਕ ਤੇ ਕਵਿਤਾ ਸ਼ਾਮਿਲ ਹਨ। ਡਾ. ਭੰਡਾਲ ਪੇਸ਼ੇ ਵੱਜੋਂ ਫਜ਼ਿਕਸ ਦੇ ਅਧਿਆਪਕ ਹਨ। ਉਨ੍ਹਾਂ ਦੀਆਂ ਲਿਖਤਾਂ ਵਿਗਿਆਨ ਸੁਹਜ, ਰੂਹਾਨੀਅਤ, ਕਵਿਤਾ, ਤੇ ਫਿਲਾਸਫ਼ੀ ਦਾ ਸੁਮੇਲ ਹਨ।

ਤੋਂ ਵੀ ਬੇਮਿਸਾਲ ਹੈ। ਉਹ ਧਰਤੀ ਨਾਲ ਜੁੜਿਆ ਹੋਇਆ ਹੈ।

ਬੇਟ ਦੇ ਇਲਾਕੇ ਦੀ ਖੁਸ਼ਬੂ, ਡਾ ਭੰਡਾਲ ਦੀ ਸਖਸੀਅਤ ਵਿਚੋਂ ਆਉਂਦੀ ਹੈ।

ਆਮ ਧਾਰਨਾ ਹੈ ਕਿ ਵਿਗਿਆਨ ਨਾਲ ਜੁੜੇ ਹੋਏ ਬੁੱਧੀਮਾਨ ਵਧੇਰੇ ਕਰਕੇ ਪਦਾਰਥਕ ਵਿਕਾਸ ਦੇ ਅਧਾਰ ਤੇ ਹੀ ਵਿਚਾਰ ਕਰਦੇ ਹਨ। ਪਰ ਡਾ ਭੰਡਾਲ ਪਦਾਰਥਕ ਵਿਕਾਸ ਦੇ ਨਾਲ ਨਾਲ ਪਰਮਾਰਥ ਬਾਰੇ ਵੀ ਚੇਤੰਨ ਹਨ। ਉਹਨਾਂ ਦਾ ਮੱਤ ਹੈ ਕਿ ਜਿੱਥੇ ਸਰੀਰ ਦੀਆਂ ਜਰੂਰਤਾਂ ਹਨ ਉਥੇ ਮਨ ਅਤੇ ਆਤਮਾ ਦੀਆਂ ਆਪਣੀ ਕਿਸਮ ਦੀਆਂ ਭੁੱਖਾਂ ਹਨ। ਦਿਸਦੇ ਜਗਤ ਦੇ ਨਾਲ ਨਾਲ ਪਰਤ ਦਰ ਪਰਤ ਸੱਚ ਦੀ ਪਛਾਣ ਕਰਨੀ ਵੀ ਸਾਰਥਿਕ ਸਿੱਧ ਹੋ ਸਕਦੀ ਹੈ। ਕਵੀ ਕੋਲ ਦਿਸਦੇ ਜਗਤ ਦੇ ਵਿਕਾਸ ਬਾਰੇ ਬੜੇ ਬਿੱਖੜੇ ਸਵਾਲ ਹਨ। ਮਨੁੱਖ ਦੀ ਭਾਵਨਾ ਨਾਲ ਸਬੰਧਤ ਜਗਤ ਪਰਤ ਦਰ ਪਰਤ ਕਵੀ ਦੀ ਤੀਸਰੀ ਅੱਖ ਸਾਹਮਣੇ ਉਜਾਗਰ ਹੁੰਦਾ ਨਜਰ ਆਉਂਦਾ ਹੈ। ਕਵੀ ਕੋਲ ਅਜੇਹੇ ਸਵਾਲ ਹਨ ਜਿਹਨਾਂ ਦਾ ਉੱਤਰ ਲੱਭਣਾ ਅਜੋਕੇ ਮਨੁੱਖ ਲਈ ਔਖਾ ਬਣਿਆ ਹੋਇਆ ਹੈ। ਕਵੀ ਇਸ਼ਾਰਾ ਕਰਦਾ ਹੈ ਕਿ ਹਨੇਰੇ ਵਿਚ ਭਟਕਣ ਦੀ ਥਾਂ ਰੋਸ਼ਨੀ ਵੱਲ ਮੂੰਹ ਕਰਨਾ ਜਰੂਰੀ ਹੈ। ਸੰਸਿਆਂ ਅਤੇ ਸ਼ੰਕਿਆਂ ਵਿਚ ਜਿਉਣ ਦੇ ਅਰਥ ਲੱਭਣ ਲਈ ਮਨੁੱਖ ਨੂੰ ਸਿੱਦਕ, ਸਿਰੜ ਤੇ ਦ੍ਰਿੜਤਾ ਦੇ ਰਾਹ ਤੁਰਨਾ ਪਵੇਗਾ;

ਕੇਹੀ ਰੁੱਤ ਕਿ ਸੂਰਜ ਡੁੱਬਿਆ
ਕਿਰਨਾਂ ਛੱਮ ਛੱਮ ਰੋਈਆਂ
ਅੰਬਰ ਜੂਹੇ ਉਡਦੀਆਂ ਕੂੰਜਾਂ
ਫੜ ਕੇ ਕਿਸਨੇ ਕੋਹੀਆਂ?

ਕੁਦਰਤ ਨਾਲ ਵਿੱਥ ਉੱਤੇ ਹੋ ਕੇ ਅਜੋਕਾ ਮਨੁੱਖ ਮੇਲੇ ਵਿਚ ਗਵਾਚੇ ਅਣਭੋਲ ਬਾਲ ਵਰਗਾ ਹੋ ਗਿਆ ਹੈ। ਪੁਸਤਕ 2019 ਵਿਚ ਪ੍ਰਕਾਸਤ ਹੋ ਗਈ ਸੀ। ਜਾਪਦਾ ਹੈ ਕਿ 2020 ਵਿਚ ਨਾਜਲ ਹੋਈ ਮੁਸੀਬਤ ਦੀ ਪੇਸ਼ੀਨਗੋਈ ਕਵੀ ਨੂੰ ਰੂਹਾਨੀ ਤੌਰ ’ਤੇ ਜਰੂਰ ਨਜ਼ਰ ਆ ਗਈ ਸੀ। ਕਵੀ ਨਜੂਮੀ ਨਹੀਂ ਹੁੰਦਾ ਪਰ ਉਸ ਕੋਲ ਕਰਤਾਰੀ ਸੂਝ ਹੁੰਦੀ ਹੈ ਜਿਸਦੀ ਸਹਿਜਸਕਤੀ ਨਾਲ ਉਸਨੂੰ ਵਰਤਮਾਨ ਦੀ ਕੁੱਖ ਵਿਚ ਪੈਦਾ ਹੋਣ ਵਾਲੇ ਭਵਿੱਖ ਦੀ ਝਲਕ ਪੈਣ ਲੱਗਦੀ ਹੈ। ਭੰਡਾਲ ਮਨੁੱਖ ਦੀ ਮਨੁੱਖ ਨਾਲ ਤਿੜਕੀ ਸਾਂਝ ਨੂੰ ਜਾਣਦਾ, ਪਛਾਣਦਾ ਤੇ ਪ੍ਰਗਟ ਕਰਦਾ ਹੈ। ਉਹ ਦੱਸਦਾ ਹੈ ਕਿ ਰਿਸਤਿਆਂ ਦੀ ਧਰਾਤਲ ਗਵਾਚ ਗਈ ਹੈ।ਇਹਨਾਂ ਵਿਚ ਸਿੱਥਲਤਾ ਆ ਗਈ ਹੈ। ਜਿਊਣ ਦਾ ਚਾਅ ਤੇ ਨਿੱਘ ਗੁੰਮ ਹੋ ਗਿਆ ਏ। ਧੜਕਦਾ ਅਮਲ ਖੜੋਤ ਵਿਚ ਆ ਗਿਆ ਹੈ। ਆਪਸੀ ਸੂਝ ਤੇ ਪਿਆਰ ਦਾ ਨਗਮਾ ਬੰਦ ਹੋ ਗਿਆ ਹੈ। ਜ਼ਿੰਦਗੀ ਹਰ ਕੋਈ ਸਿਰਫ ਜਿਊਣ ਲਈ ਜੀਅ ਰਿਹਾ ਹੈ। ਉਡੀਕ ਖਤਮ ਹੋ ਗਈ ਹੈ। ਹੁੰਗਾਰਾ ਗੁੰਮ ਹੋ ਗਿਆ ਹੈ।

ਕਵੀ ਆਪਣੀ ਕਵਿਤਾ ਵਿਚ ਨਿੱਜੀ ਦੁੱਖਾਂ, ਭੁੱਖਾਂ ਦਾ ਪ੍ਰਗਟਾਵਾ ਕਰਨ ਦੀ ਥਾਂ ਸਮੁੱਚੇ ਤੌਰ ’ਤੇ ਵਿਆਪਕ ਹੋ ਚੁੱਕੇ ਖਲਾਅ ਨੂੰ ਪੇਸ਼ ਕਰਦਾ ਹੈ;

ਕੇਹਾ ਸਮਾਂ ਕਿ ਦਰਦ ਦੀ ਦਸਤਕ
ਸਾਹੋ ਵਿਰਵੀ ਹੋਈ
ਨਾ ਹੀ ਕਿਧਰੇ ਮਿੱਤਰ ਮੋਢਾ
ਨਾ ਭਾਵਾਂ ਨੂੰ ਢੋਈ

ਡਾ ਭੰਡਾਲ ਕੋਲ ਨਿਵੇਕਲਾ ਕਾਵਿ ਮੁਹਾਵਰਾ ਹੈ। ਇਕ ਇਕ ਸ਼ਬਦ ਤੋਂ ਗਹਿਰਾਈ ਅਤੇ ਘਣਤਾ ਵਾਲੇ ਅਰਥਾਂ ਦਾ ਸੰਚਾਰ ਹੁੰਦਾ ਹੈ। ਉਸਦੀ ਖ਼ੂਬਸੂਰਤੀ ਹੈ ਕਿ ਜਿੱਥੇ ਉਹ ਸਵਾਲ ਖੜੇ ਕਰਦਾ ਹੈ, ਉੱਤਰ ਵੀ ਸਬਦਾਂ ਦੀ ਬੁੱਕਲ ਵਿਚ ਲੁਕੇ ਹੁੰਦੇ ਹਨ। ਉਸਦੀ ਕਵਿਤਾ ਵਿਚ ਸਮੇਂ ਦੇ ਮਨੁੱਖ ਦੀ ਹੋਣੀ ਨੂੰ ਚਿੱਤਵਦਿਆਂ, ਰੁਦਨ ਦਾ ਲਗਾਤਾਰ ਪ੍ਰਗਟਾਵਾ ਹੈ। ਉਦਰੇਵਾਂ, ਵਿਖਾਵੇ ਦਾ ਨਹੀ। ਅਜੋਕੇ ਵਰਤਾਰਿਆਂ ਦੀ ਬੁੱਕਲ ਵਿਚ ਪੈਦਾ ਹੋ ਗਿਆ ਹੈ। ਵਿਕਾਸ ਦੇ ਥਹਲੇ ਵਿਚ ਵਿਨਾਸ਼ ਦੇ ਪਸਾਰੇ ਦਾ ਖ਼ੂਬਸੂਰਤ ਪ੍ਰਗਟਾਵਾ ਹੈ। ਕਿਰਤ ਕਰਮ ਦੀ ਧੱਕੀ ਹੋਈ ਜ਼ਿੰਦਗੀ ਔਝੜ ਰਾਹ ਪੈ ਗਈ ਹੈ। ਸਬਦ ਤੇ ਅਰਥ ਸੋਗ ਵਿਚ ਡੁੱਬੇ ਹੋਏ ਹਨ;

ਸ਼ਬਦੀ ਸੋਗ ਸੰਤਾਪਿਆ
ਅਰਥੀ ਅਰਘੀ ਆਹ
ਹਰ ਦਰਵਾਜ਼ੇ ਜੰਦਰਾ
ਗੁੰਮ ਗਿਆ ਹਰ ਰਾਹ

ਕਵੀ ਦੀ ਸੰਵੇਦਨਾ ਅਤੇ ਬੌਧਿਕਤਾ ਧਰਤੀ ਦੇ ਬਸ਼ਿੰਦਿਆਂ ਦੀਆਂ ਅਚੇਤ ਅਤੇ ਮਨਚਾਹੀਆਂ ਗਤੀਵਿਧੀਆਂ, ਸਿੱਟਿਆਂ ਤੋਂ ਅਣਜਾਣ ਨਹੀਂ। ਉਹ ਹਨੇਰੇ ਵਿਚ ਤੀਰ ਨਹੀਂ ਚਲਾਉਂਦਾ। ਉਹ ਹਰ ਮਸਲੇ ਨੂੰ ਕਾਵਿ ਦੀ ਵਿਧੀ ਰਾਹੀ ਪੇਸ਼ ਕਰਦਾ ਹੈ। ਕਵੀ ਦਾ ਅਨੁਭਵ ਇਹ ਦੱਸਦਾ ਹੈ ਕਿ ਕੁਰਬਲ ਕੁਰਬਲ ਕਰਦੀ ਲੋਕਾਈ ਦੇ ਬਾਵਜੂਦ, ਧਰਤੀ ਸੁੰਨੀ ਪਈ ਹੋਈ ਹੈ। ਸੁੰਨਤਾ ਦੇ ਇਸ ਆਲਮ ਵਿਚ ਧਰਤੀ ਮਾਂ ਦਾ ਹੁਸਨ ਮਾਲੀਨ ਹੋ ਗਿਆ ਹੈ। ਆਪਹੁਦਰੇ ਮਨ ਦੇ ਕਾਰਨ ਹੀ ਬੰਦਾ ਭੀੜ ਵਿਚ ਹੋਣ ਦੇ ਬਾਵਜੂਦ ਵੀ ਇਕੱਲਾ ਹੈ, ਅਜਨਬੀ ਹੈ ਅਤੇ ਰਸਤਾ ਭੁੱਲਿਆ ਹੋਇਆ ਹੈ। ਹਨੇਰੇ ਵਿਚ ਇੱਧਰ ਉੱਧਰ ਹੱਥ ਪੈਰ ਮਾਰ ਰਿਹਾ ਹੈ। ਆਪਣੇ ਭਾਰ ਹੀ ਲਿਫਿਆ ਹੋਇਆ ਹੈ।ਕਿਰਤ ਤੇ ਉੱਦਮ ਦੇ ਸੁੱਚੇ ਸੰਕਲਪ ਦੀ ਥਾਂ ਮੰਡੀ ਦਾ ਮਾਲ ਬਣਿਆ ਹੋਇਆ ਹੈ। ਹੀਣ ਤੇ ਬੌਣਾ ਮਨੁੱਖ ਆਪਣੇ ਆਲੇ ਦੁਆਲੇ ਵਿਚ ਉਲਝੇ ਹੋਏ ਤਾਣੇਬਾਣੇ ਵਿਚ ਮੱਕੜੀ ਵਾਂਗ ਫਸ ਕੇ ਰਹਿ ਗਿਆ ਹੈ।

ਪੌਣ, ਪਾਣੀ ਤੇ ਧਰਤ ਦੇ ਸਬੰਧ ਵਿਚ ਬਾਬਾ ਨਾਨਕ ਦੇ ਬਚਨਾਂ ਨੂੰ ਭੁੱਲ ਗਿਆ ਹੈ। ਲੋੜ ਤੋਂ ਵੱਧ ਤੇਜ ਦੌੜਨ ਵਾਲੇ ਦੌੜਾਕ ਵਾਂਗ ਮਨੁੱਖ ਹੱਫ ਗਿਆ ਹੈ। ਘੁੱਗ ਵੱਸਦੀ ਜ਼ਿੰਦਗੀ ਦੇ ਨਕਸ ਮਰ ਰਹੇ ਹਨ ਤੇ ਹਰ ਮੌਕੇ ਸ਼ਮਸ਼ਾਨ ਵਰਗੀ ਸੁੰਨਤਾ ਦਾ ਆਲਮ ਬਣਿਆ ਹੋਇਆ ਹੈ;

ਹੂਕ, ਹੁੰਗਾਰਾ ਲੋਚਦੀ, ਤੁੱਰੀ ਮਸਾਣਾਂ ਵੱਲ
ਸੁਹਜ ਨੂੰ ਦੰਦਲ ਪੈ ਗਈ, ਮਰੀ ਅੱਜ ਕਿ ਕੱਲ।

ਡਾ ਭੰਡਾਲ ਦੀ ਰਚਨਾਤਮਕ ਖੂਬੀ ਇਹ ਹੈ ਕਿ ਭਾਵਨਾ ਤੇ ਵਿਚਾਰ ਇਕ ਸੁਰ ਹੋ ਕੇ ਲੋਕ ਬੋਧ ਵੱਲ ਤੁਰਦੇ ਹਨ।ਕਵੀ ਦੀ ਆਸ ਹੈ ਕਿ ਖੜੋਤ ਵਿਚ ਆਈ ਕਾਇਨਾਤ ਨੂੰ ਹਰਕਤ ਦਿਤੀ ਜਾ ਸਕਦੀ ਹੈ। ਲੋੜ ਦਸਤਕ ਦੇਣ ਦੀ ਹੈ, ਕੁੰਡਾ ਖੜਕਾਉਣ ਦੀ ਹੈ। ਗੂੰਗੀ ਤੇ ਬੋਲੀ ਦਹਿਲੀਜ ਨੂੰ ਬੋਲ ਮਿਲ ਜਾਂਦੇ ਹਨ, ਸੁਣਨ ਸਰੋਤ ਮਿਲ ਜਾਂਦੇ ਹਨ। ਕਵੀ ਪੱਤਝੱੜ ਦੀ ਸਥਿੱਤੀ ਵਿਚ ਵੀ ਕੁਦਰਤ ਵਾਂਗ ਮਨੁੱਖੀ ਕਿਰਦਾਰ ਤੇ ਸਭਿਆਚਾਰ ਵਿਚ ਬਹਾਰ ਦੀ ਆਸ ਕਰਦਾ ਹੈ ਪਰ ਉਹ ਤਲਖ ਹਕੀਕਤ ਤੋਂ ਵੀ ਅੱਖਾਂ ਨਹੀ ਮੀਟਦਾ। ਜਿੰਦਗੀ ਬਾਰੇ ਉਸਦੇ ਸਵਾਲ ਬਹੁਤ ਸੂਖਮ ਹਨ। ਇਸੇ ਕਾਰਨ ਉੱਚੀ ਸੁਰ ਨਜਰ ਨਹੀਂ ਆਉਦੀਂ। ਬੀਮਾਰੀ ਦੀ ਗੰਭੀਰਤਾ ਨਜ਼ਰ ਆਉਂਦੀ ਹੈ। ਉਸਦੀ ਰਚਨਾ ਵਿਚ ਮਨੁੱਖ ਦੇ ਭਟਕ ਜਾਣ ਦੀ ਸਥਿੱਤੀ ਸਪੱਸ਼ਟ ਹੈ। ਇਸੇ ਕਾਰਨ ਉਹ ਸਹਿਜ ਹੋਣ ਲਈ ਟਿਕਾਣੇ ਦਾ ਥਹੁ ਪਤਾ ਨਾ ਲੱਗਣ ਦਾ ਹੇਰਵਾ ਪ੍ਰਗਟ ਕਰਦਿਆਂ ਕਹਿੰਦਾ ਹੈ;

ਜਿੰਦੇ ਨੀ, ਹੁਣ ਜਾਣਾ ਕਿੱਥੇ
ਪੰਜ ਦਰਿਆਈ ਮੌਤ ਵਸੇਦੀ
ਸੰਦਲੀ ਸੱਧਰਾਂ ਚਿੱਥੇ?

ਪਾਣੀ ਤੇ ਜੀਵਨ ਦੇ ਸਬੰਧ ਵਿਚ ਅਸੀਂ ਮੁਕੰਮਲ ਤੌਰ ਤੇ ਭੁੱਲ ਚੁੱਕੇ ਹਾਂ ਤੇ ਧਰਤੀ ਦੇ ਨਕਸ਼ ਵੀ ਅਸੀਂ ਵਿਗਾੜ ਦਿਤੇ ਹਨ। ਜੀਵਨ ਦੇ ਇਹਨਾਂ ਸਮਿਆਂ ਬਾਰੇ ਭੁੱਲ ਕੇ ਅਸੀਂ ਮੰਜਿਲ ਤੱਕ ਕਿਵੇ ਪਹੁੰਚਾਂਗੇ?

ਜਿੰਦ ਦਾ ਦੀਵਾ, ਕੀਕਣ ਰੋਜ਼ ਬਲੇ
ਧਰਮੀ ਧਰਤੀ, ਜ਼ਖ਼ਮੀ ਕਰਤੀ
ਅੰਬਰ ਪੈਰ ਤਲੇ।

ਬ੍ਰਹਿੰਮਡ ਉੱਤੇ ਕਾਠੀ ਪਾਉਣ ਦੇ ਯਤਨਾਂ ਨੇ ਮਨੁੱਖ ਨੂੰ ਕੁਰਾਹੇ ਪਾ ਦਿਤਾ ਹੈ।ਬ੍ਰਹਿੰਮਡ ਤੇ ਕੁਦਰਤ ਦੇ ਸਮਤੋਲ ਵਿਚਲਤ ਹੋ ਗਏ ਹਨ। ਇਹ ਵਿਕਰਤ ਮਾਹੌਲ ਮਨੁੱਖ ਤੇ ਹੋਰ ਜੀਵਾਂ ਲਈ ਸੰਤੁਲਿਤ ਮਾਹੌਲ ਨਹੀ ਸਿਰਜ ਸਕਦਾ। ਅਜੇਹਾ ਸੁਪਨਾ ਲੈਣਾ ਵੀ ਕਠਿਨ ਹੈ। ਕਵੀ ਚੰਗੇ ਹੋਣ ਦਾ, ਖੂਬਸੂਰਤ ਹੋਣ ਦਾ, ਜਾਨਦਾਰ ਅਤੇ ਸ਼ਾਨਦਾਰ ਹੋਣ

ਦਾ, ਮੁਹੱਬਤ ਦੀ ਬਾਰਿਸ਼ ਵਿਚ ਭਿੱਜਣ ਦਾ ਸੁਪਨਾ ਸਿਰਜਦਾ ਹੈ। ਕੋਰੇ ਤੇ ਖਾਲੀ ਪਲਾਂ ਨੂੰ ਭਰਨ ਲਈ ਆਪਣੇ ਯੁੱਗ ਦੇ ਅਕ੍ਰਿਤ ਮਨੁੱਖ ਲਈ ਅਨੂਠੇ ਸੁਪਨਿਆਂ ਦੀ ਕਾਮਨਾ ਕਰਦਾ ਹੈ;

ਅੱਜ ਇਕ ਸੁਪਨੇ ਸੰਦਲੀ ਪਲ ਨੂੰ
ਨੈਣਾਂ ਵਿਚ ਟਿਕਾਇਆ
ਮਸਾਂ ਹੀ ਇਕ ਉਮਰਾ ਬਾਅਦ
ਸਾਹਾਂ ਨੂੰ ਸਾਹ ਆਇਆ

ਭੰਡਾਲ ਦੀ ਕਲਮ ਬਾਹਰਮੁੱਖੀ ਜਿੰਦਗੀ ਦੇ ਸਰਗਰਮ ਤੇ ਖੁਸ਼ ਨਜ਼ਰ ਆਉਂਦੇ ਨਕਸ਼ਾਂ ਪਿੱਛੇ ਲੁਕੀ ਹੋਈ ਉਦਾਸੀ ਨੂੰ ਪਛਾਣਦੀ ਹੈ।ਪਰਤਾਂ ਹੇਠ ਲੁਕੀ ਹੋਈ ਕੌੜੀ ਅਸਲੀਅਤ ਨੂੰ ਨਜ਼ਰ ਅੰਦਾਜ ਕਰਕੇ ਨਾ ਉਹ ਅਤੀਤ ਨੂੰ ਅਵਾਜਾਂ ਮਾਰਦਾ ਹੈ ਅਤੇ ਨਾ ਹੀ ਭਵਿੱਖ ਨੂੰ ਸੰਬੋਧਨ ਹੁੰਦਾ ਹੈ। ਉਹ ਵਰਤਮਾਨ ਦੇ ਪੈਰਾਂ ਵਿਚ ਖਿੱਲਰੇ ਕੰਡਿਆਂ ਦੀ ਪਛਾਣ ਕਰਕੇ ਮਾਨਵਤਾ ਦੇ ਦਰਦ ਦਾ ਗੀਤ ਗਾਉਂਦਾ ਹੈ। ਕਿਸੇ ਖੋਖਲੇ ਆਦਰਸ ਦਾ ਸਿਕਾਰ ਹੋ ਕੇ ਉਹ ਕਵਿਤਾ ਨੂੰ ਕਿਸੇ ਝੂਠੇ ਲਾਰੇ ਵਿਚ ਰੁਪਾਂਤਰਿਤ ਨਹੀ ਕਰਦਾ। ਮਨੁੱਖ ਦੇ ਅੰਦਰ ਬਾਹਰ ਫੈਲੀ ਹੋਈ ਇਕੱਲ ਨੂੰ ਪਾਰਦਰਸ਼ੀ ਦ੍ਰਿਸ਼ਟੀ ਨਾਲ ਵੇਖਣ ਦੇ ਸਮਰੱਥ ਹੈ। ਇਸ ਅਵਸਥਾ ਨੂੰ ਪ੍ਰਗਟ ਕਰਨ ਲਈ ਉਹ ਉੱਚੀ ਸੁਰ ਨੂੰ ਨਹੀ ਅਪਣਾਉਂਦਾ। ਸਗੋਂ ਸੋਗੀ ਪਲਾਂ ਦੇ ਅੰਗ ਸੰਗ ਹੋ ਕੇ ਵਿਚਰਦਾ ਹੈ। ਉਸਦੀ ਕਾਵਿਰਚਨਾ ਵਿਚ ਸਹਿਜ ਪ੍ਰਗਟਾਵੇ ਨੂੰ ਪ੍ਰਮੁੱਖਤਾ ਦਿੱਤੀ ਗਈ ਹੈ। ਪਹੁ ਫੁਟਾਲੇ ਦੇ ਸੂਰਜ ਦੀ ਲਾਲੀ ਵਰਗਾ ਪ੍ਰਭਾਵ ਬਣਦਾ ਹੈ। ਸਬਦਾਂ ਤੇ ਅਰਥਾਂ ਦੀ ਨੇੜਤਾ ਦੇਖਣ ਯੋਗ ਹੈ;

ਸਮੇਂ ਦੇ ਬੋੜੇ ਦਰਾਂ 'ਚ ਬੈਠਾ, ਪੰਛੀ ਵਿਰਦ ਕਰੇ
ਸਾਹੀ ਉੱਗੀਆਂ ਸਿੱਸਕੀਆਂ, ਨੈਣੀ ਹੰਝ ਭਰੇ

ਕਵੀ ਦੀ ਰਚਨਾ ਵਿਚ ਨਾਅਰਾ ਨਹੀਂ ਹੈ, ਹਾਉਕਾ ਹੈ, ਫਿਕਰ ਹੈ, ਉਦਾਸੀ ਹੈ। ਇਸਦੇ ਨਾਲ ਨਾਲ ਉਹ ਆਸ ਦਾ ਦੀਵਾ ਵੀ ਜਗਦਾ ਰੱਖਦਾ ਹੈ। ਨਾਅਰਾ, ਮੁਹੱਬਤਾਂ ਨਾਲ ਨਹੀਂ ਨਿਭਦਾ, ਨਾਅਰੇ ਦੇ ਪੈਰ ਧਰਤੀ 'ਤੇ ਨਹੀਂ ਹੁੰਦੇ, ਮਿੱਟੀ ਦੀ ਪਕੜ ਨਹੀਂ ਹੁੰਦੀ, ਸਬਰ ਤੇ ਸਿਦਕ ਘੱਟ ਹੁੰਦਾ ਹੈ। ਉੱਚੀ ਸੁਰ ਵਿਚ ਹਕੀਕਤ ਗਵਾਚ ਜਾਂਦੀ ਹੈ ਭੁਲਾਂਦਰਾ ਪੈਦਾ ਹੋ ਜਾਂਦਾ ਹੈ। ਹਾਉਕਾ, ਮੁਹੱਬਤ ਦੇ ਪੱਕੇ ਰਸੇ ਹੋਏ ਆਲਮ ਵਿਚੋਂ ਪੈਦਾ ਹੋਇਆ ਸਫੈਦ ਰੰਗ ਹੁੰਦਾ ਹੈ ਜਿਸ ਵਿਚ ਸੱਤ ਬੁਨਿਆਦੀ ਰੰਗ ਮੌਜੂਦ ਹੁੰਦੇ ਹਨ। ਹਉਕਾ, ਪਵਿੱਤਰਤਾ ਤੇ ਨਿਰਮਲਤਾ ਦਾ ਪ੍ਰਤੀਕ ਹੈ।ਕਵੀ ਕਾਇਨਾਤ ਦੇ ਦੁੱਖਾਂ ਕਸ਼ਟਾਂ ਦੇ ਮਾਨਸਿਕ ਪਿਛੋਕੜ ਨੂੰ ਜਾਣਦਾ, ਪਛਾਣਦਾ ਹੈ। ਉਹ ਸਮੁੱਚੇ ਵਾਤਾਵਰਣ ਵਿਚ ਮਨੁੱਖ ਦੀ ਸਵੈਪਛਾਣ ਦਾ ਰਸਤਾ ਖੋਜਦਾ ਹੈ ਪਰ ਇਹ ਖੋਜ ਰਚਨਾਤਮਿਕ ਕਲਾ

ਵਿਚ ਭਿੱਜੀ ਹੋਈ ਹੈ। ਉਹ ਲਗਾਤਾਰ ਵਿਲਕਣੀ ਵਿਚੋਂ ਗੁਜਰ ਰਹੇ ਮਨੁੱਖ ਦਾ ਸ਼ਬਦ ਚਿੱਤਰ ਉਲੀਕਦਾ ਹੈ ਜਿਸਦੇ ਮੁਕੰਮਲ ਨਕਸ਼ਾਂ ਦੀ ਦਿੱਖ ਬੇਟਿਕਾਣਾ ਹੈ। ਵਖਤਾਂ ਮਾਰੇ ਵਕਤ ਨੂੰ ਕਾਵਿਚਿੱਤਰ ਵਿਚ ਪੇਸ਼ ਕਰਦਿਆਂ ਉਹ ਲਿਖਦਾ ਹੈ;

ਕਮਰੇ ਵਿਚ ਕੰਬਣੀ ਏ, ਕੈਲੰਡਰ ਟੁੱਕੜੇ ਹੋਇਆ ਏ
ਜਿਉਂਦਾ ਤੇ ਹੱਸਦਾ ਸੀ, ਉਹ ਬੰਦਾ ਮੋਇਆ ਏ
ਤੇ ਸੁਪਨੇ ਦੇ ਮਾਤਮ ਵਿਚ, ਘਰ ਅਰਥੀ ਹੋਇਆ ਏ

ਡਾ. ਭੰਡਾਲ ਦੀ ਕਾਵਿ ਕਲਾ ਦੀ ਪਛਾਣ ਨਿਰਾਲੀ ਹੈ।ਸਾਰੀਆਂ ਕਵਿਤਾਵਾਂ ਬਨਾਵਟ ਅਤੇ ਪ੍ਰੰਪਰਾਗੱਤ ਬੰਦਸ਼ਾਂ ਤੋਂ ਮੁੱਕਤ ਹਨ।ਇਹਨਾਂ ਕਵਿਤਾਵਾਂ ਵਿਚ ਅਣਦਿਸਦੇ ਦੁੱਖਾਂ ਦੀ ਰੂਹਾਨੀ ਤੇ ਭਾਵਵਾਚਕ ਤਸਵੀਰ ਪੇਸ਼ ਕੀਤੀ ਗਈ ਹੈ। ਦੁੱਖੜਿਆਂ ਵਿਚ ਗਲ ਗਲ ਡੁੱਬੀ ਧਰਤੀ, ਪ੍ਰਕਿਰਤੀ ਅਤੇ ਮਨੁੱਖ ਨੂੰ ਕਵੀ ਵਿਸ਼ਾਲ ਰੂਪਕ ਵਜੋ ਪੇਸ਼ ਕਰਦਾ ਹੈ। ਸੂਖਮ ਭਾਵਨਾਵਾਂ ਅਤੇ ਵਿਚਾਰਾਂ ਦੇ ਪ੍ਰਗਟਾਵੇ ਲਈ ਉਹ ਤਾਰੇ, ਧੁੱਪ, ਚੁੱਪ, ਘਰ, ਫੁੱਲ, ਪੰਛੀ, ਅੰਬਰ, ਕਿਰਨ, ਖੂਹ, ਸਰਦਲ, ਸੂਰਜ, ਹੰਝੂ, ਫੋਨ, ਖ਼ਤ, ਦਹਿਲੀਜ ਆਦਿ ਰੂਪਕਾਂ ਦੀ ਵਰਤੋ ਨਿਵੇਕਲੇ ਅਰਥਾਂ ਲਈ ਕਰਦਾ ਹੈ। ਸਭ ਤੋਂ ਨਿੱਕੇ ਅਕਾਰ ਦੀ ਕਵਿਤਾ 'ਦੁੱਖ' ਅਨੇਕਾਂ ਯਥਾਰਕ ਸਵਾਲ ਖੜੇ ਕਰਦੀ ਹੈ;

ਰੁੰਡ ਮਰੁੰਡ ਰੁੱਖ ਬੰਜਰ ਕੁੱਖ
ਵਿਲਕਦੀ ਭੁੱਖ ਝਰੀਟਿਆ ਮੁੱਖ
ਸੱਖਣਾ ਸੁੱਖ ਬੇਗੈਰਤ ਮਨੁੱਖ
ਅਤੇ ਉਹ ਅਜੇ ਵੀ ਪੁੱਛਦੇ ਨੇ
ਕਿ ਸਮੇਂ ਨੂੰ, ਕਾਹਦਾ ਏ ਦੁੱਖ?

ਡਾ. ਭੰਡਾਲ ਆਪਣੀ ਅਨੁਭਵੀ ਅੰਤਰ ਦ੍ਰਿਸ਼ਟੀ ਨਾਲ ਵੇਖ ਰਿਹਾ ਏ ਕਿ ਮਨੁੱਖ ਦੀ ਵਾਟ ਭਟਕ ਗਈ ਹੈ। ਸਾਰੇ ਬ੍ਰਹਿਮੰਡ ਨਾਲ ਜੁੜਿਆ ਹਰ ਵਰਤਾਰਾ, ਆਪਣੇ ਅਸਲ ਰਾਹ ਤੋਂ ਭਟਕ ਗਿਆ ਹੈ। ਇਨਸਾਨ ਨੂੰ ਇਹ ਖੁਸਫਹਿਮੀ ਹੋ ਗਈ ਹੈ ਕਿ ਉਸਨੇ ਮਹਾਨ ਪ੍ਰਾਪਤੀਆਂ ਕਰ ਲਈਆਂ ਹਨ। ਪਦਾਰਥ ਵਿਚ ਮਨਚਾਹੀਆਂ ਤਬਦੀਲੀਆਂ ਕਰਨ ਤੋਂ ਪਿੱਛੋਂ ਹੀ ਉਸਨੂੰ ਸੀਮਤ ਜਿਹਾ ਗਿਆਨ ਹੋ ਗਿਆ ਹੈ ਕਿ ਸਬੰਧਤ ਪਰਿਵਰਤਨ ਲੋੜ ਵਿਚੋਂ ਨਹੀ ਹੋਏ। ਪਿੰਡੋਰੇ ਦੇ ਬਕਸੇ ਵਿਚੋਂ ਨਿਕਲੇ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਦੇ ਨਾਗ ਨੇ ਉਸਨੂੰ ਪਕੜ ਵਿਚ ਲੈ ਲਿਆ ਹੈ। ਕੇਵਲ ਆਸਾਂ ਨਾਲ ਉਹ ਜੀਅ ਰਿਹਾ ਹੈ। ਇਸ ਕਾਰਨ ਪੈਰਾਂ ਦੀ ਧਰਾਤਲ ਖਿਸਕ ਗਈ ਹੈ।ਵਾਤਾਵਰਣ ਦੇ ਨਾਲ ਮਨੁੱਖੀ ਮਾਨਸਿਕਤਾ ਦਾ ਤਵਾਜਨ ਵੀ ਹੱਥੋ ਨਿਕਲ ਗਿਆ ਹੈ।ਸੁੱਖਾਂ ਦੇ ਸਾਧਨ ਹੀ ਦੁੱਖਾਂ ਦੇ ਕਾਰਨ ਬਣ ਗਏ ਹਨ। ਮਨੁੱਖ ਦੇ ਆਪਣੇ ਧੁਰੇ ਨਾਲੋਂ ਟੁੱਟ ਜਾਣ ਕਾਰਨ ਪੈਦਾ ਹੋਇਆ ਵੈਰਾਗ, ਰੁੱਦਨ ਅਤੇ ਸੋਗ ਦਾ ਸਾਧਨ ਬਣ

ਗਿਆ ਹੈ। ਬਾਜ਼ਾਰੀ ਸਭਿਅਤਾ ਨੇ ਮਨੁੱਖ ਨੂੰ ਮਾਨਸਿਕ ਤੇ ਆਤਮਿਕ ਤੌਰ 'ਤੇ ਨਿਆਸਰਾ ਕਰ ਦਿਤਾ ਹੈ। ਸ਼ਾਇਰ ਦੀ ਸ਼ਾਇਰੀ ਵਿਚ ਐਸੀ ਬੁਝਾਰਤ ਨੂੰ ਬੁੱਝਣ ਦੀ ਸਮਰੱਥਾ ਹੈ ਜਿਸਦੀ ਗੰਢ ਬੜੀ ਪੀਢੀ ਤੇ ਜਟਿਲ ਹੈ। ਕਵੀ ਕੋਲ ਦੂਰਦ੍ਰਿਸ਼ਟੀ ਦੇ ਨਾਲ ਨਾਲ ਗਹਿਰਾਈ ਅਤੇ ਕਲਾ ਦਾ ਸਮਰੱਥ ਸਾਧਨ ਹੈ। ਉਸਨੇ ਤੀਜੀ ਅੱਖ ਨਾਲ ਵੇਖ ਲਿਆ ਹੈ ਕਿ ਅੱਜ ਦਾ ਸਮਾਂ ਅਜੇਹੀ ਚਿੰਤਾ ਵਾਲਾ ਹੈ ਜਿਸ ਦਾ ਤੋੜ ਲੱਭਣ ਲਈ ਸੰਸਾਰ ਦੇ ਬੁੱਧੀਮਾਨਾਂ ਤੇ ਚਿੰਤਕਾਂ ਨੂੰ ਨਿਵੇਕਲੇ ਤੇ ਲੋੜ ਅਨੁਸਾਰ ਸਾਰਥਕ ਚਿੰਤਨ ਤੇ ਚੱਲਣ ਦੀ ਜਰੂਰਤ ਹੈ।

ਕਵੀ ਦੀ ਹਰ ਕਵਿਤਾ ਦੇ ਹਰ ਸ਼ਬਦ ਦੇ ਥਹਲੇ ਵਿਚ ਅਜੇਹੀ ਕਠਿਨਾਈ ਲੁਕੀ ਪਈ ਹੈ ਜਿਸਦੇ ਹੱਲ ਬਿਨਾਂ ਗੁਜਾਰਾ ਨਹੀਂ ਹੈ। ਉਹ ਵਰਤਮਾਨ ਵਕਤ ਵਿਚ ਵਖਤਾਂ ਮਾਰੀ ਸਮੁੱਚਤਾ ਨੂੰ ਵੇਖ ਰਿਹਾ ਹੈ। ਵਿਕਾਸ ਦੇ ਨਾਮ 'ਤੇ ਐਸੀ ਦਲਦਲ ਪੈਦਾ ਹੋ ਗਈ ਹੈ ਜਿਸਦਾ ਵਿਕਰਾਲ ਰੂਪ ਨਜ਼ਰ ਨਹੀਂ ਆਉਦਾ। ਵਿਖਾਵੇ ਦੀ ਚਿੱਟੀ ਚਾਦਰ ਹੇਠ ਲਿਖਿਆ ਗਿਆ ਅਤੇ ਕਰੂਰ ਤਾਣਾ ਬਾਣਾ ਅਜੋਕੇ ਆਕਾਵਾਂ ਦੀ ਸਮਝ ਸੂਝ ਤੋਂ ਬਾਹਰ ਹੈ। ਸਿੱਟੇ ਵਜੋ ਮੁੱਖ ਧਾਰਾ 'ਤੇ ਕਾਬਜ ਜਰਵਾਣਿਆਂ ਨੇ ਇਸੇ ਰੰਗ ਢੰਗ ਨੂੰ ਆਪਣੀਆਂ ਲਾਲਸਾਵਾਂ ਦੀ ਪੂਰਤੀ ਲਈ ਪ੍ਰਵਾਨਗੀ ਦਿੱਤੀ ਹੋਈ ਹੈ।

ਕਵੀ ਦਾ ਸੰਕੇਤਕ ਸੁਝਾਅ ਹੈ ਕਿ ਸਰਲ ਰੇਖਾ ਵਿਚ ਚਲੀ ਜਾਣ ਤੋਂ ਰੁਕਣਾ ਬਣਦਾ ਹੈ।ਅੰਨੇ ਵਾਹ ਵਿਕਾਸ ਵੱਲ ਵੱਧ ਰਹੀ ਮੌਜੂਦਾ ਸੱਤਾ ਦੀਆਂ ਕਰਤੂਤਾਂ ਦੇ ਭਿਆਨਕ ਸਿਟਿਆਂ ਬਾਰੇ ਕਲਾਤਮਿਕ ਤੌਰ ਤੇ ਸੁਚੇਤ ਕਰਦਾ ਹੈ। ਉਸਦਾ ਇਸਾਰਾ ਹੈ ਕਿ ਵਿਕਾਸ ਦਾ ਇਹ ਭਰਮ ਆਪਣੇ ਭਾਰ ਨਾਲ ਆਪ ਤਾਂ ਡੁੱਬੇਗਾ ਹੀ ਪਰ ਸਮੁੱਚੀ ਕਾਇਨਾਤ ਨੂੰ ਵੀ ਗਰਕ ਕਰ ਦੇਵੇਗਾ। ਉਸਦੀ ਨਜ਼ਮ 'ਇੰਝ ਨਾ ਹੋਵੇ' ਤੌਖਲਾ ਪ੍ਰਗਟ ਕਰਦਿਆਂ ਸੁਚੇਤ ਕੀਤਾ ਹੈ;

ਇੰਝ ਨਾ ਹੋਵੇ ਕਿ
ਖਲਾਅ ਵਿਚ ਉੱਡਦੇ ਪਰਿੰਦੇ ਦੇ
ਨਕਸ਼ ਹੀ ਗਵਾਚ ਜਾਣ
ਪ੍ਰਛਾਵੇਂ ਲਈ ਧਰਤ ਬਣ ਜਾ

ਨਜ਼ਮ ਵਿਚ ਚਣੌਤੀ ਦੀ ਗੰਭੀਰਤਾ ਵੀ ਹੈ ਅਤੇ ਚੇਤਾਵਨੀ ਭਰਿਆ ਸੁਝਾਅ ਵੀ ਉਸਦੀ ਨਜ਼ਮ 'ਫੋਨ ਚੁੱਪ ਹੈ' ਅਜੋਕੇ ਸਬੰਧਾਂ ਦੇ ਖੋਖਲੇਪਣ ਨੂੰ ਪ੍ਰਤੱਖ ਕਰਦੀ ਹੈ।ਕਵੀ ਨੂੰ ਰਿਸ਼ਤਿਆਂ ਦੀ ਗਹਿਰਾਈ ਤੇ ਗੁਣਾਤਮਕ ਸਾਰਥਕ ਬਾਰੇ ਭਰੋਸਾ ਨਹੀਂ ਹੈ। ਉਸਦਾ ਮੱਤ ਪੂਰਨ ਤੌਰ 'ਤੇ ਸਹੀ ਹੈ। ਫੋਨ ਚੁੱਪ ਹੈ

ਵੈਸੇ ਅਜੋਕੇ ਮਨੁੱਖ ਲਈ
ਰਸਾਤਲ ਦੇ ਕੋਈ ਅਰਥ

ਰਹਿ ਤਾਂ ਨਹੀ ਗਏ

ਕਵੀ ਦੁੱਖਾਂ ਦੀ ਪੁਨਰ ਸਿਰਜਣਾ ਕਰਦਾ ਹੈ ਜੋ ਬੇਗਾਨਗੀ, ਨਫਰਤ ਅਤੇ ਸਵਾਰਥ ਦੀ ਧਰਾਤਲ ਤੋਂ ਪੈਦਾ ਹੁੰਦੇ ਹਨ। ਉਹ 'ਹੰਝੂਆਂ ਦੀ ਇਬਾਦਤ' ਨੂੰ ਸਬਦ ਜੂਨੇ ਪਾਉਣ ਦੇ ਨਾਲ ਨਾਲ ਸੁਖਦ ਸੁਨੇਹਾ ਟਿਕਾਉਣ ਦੀ ਵਾਰਤਾ ਵੀ ਰਚਦਾ ਹੈ।ਇਹ ਵਾਰਤਾ ਹਿਰਦੇ 'ਚੋਂ ਨਿਕਲੀ ਹੂਕ ਬਣ ਕੇ ਨਜ਼ਮ ਵਿਚ ਬਦਲ ਜਾਂਦੀ ਹੈ। ਕਾਫੀ ਨਜ਼ਮਾਂ ਅਜੇਹੀਆਂ ਹਨ ਜੋ ਵੱਖ ਵੱਖ ਸਥਿਤੀਆਂ, ਮੁੱਲਾਂ ਜਾਂ ਸ਼ਕਤੀ ਦੇ ਸੋਮਿਆਂ ਨੂੰ ਪਰਿਭਾਸਤ ਕਰਦੀਆਂ, ਉਹਨਾਂ ਦੀਆਂ ਪਰਤਾਂ ਨੂੰ ਪਰਗਟ ਕਰਦੀਆਂ ਹਨ।

ਕਵਿਤਾ ਕੇਵਲ ਬਿਆਨਬਾਜੀ ਹੀ ਨਹੀ ਹੁੰਦੀ। ਬਿਆਨੀਆ ਕਵਿਤਾ, ਕਿੱਸਿਆਂ, ਜੰਗਨਾਮਿਆਂ ਅਤੇ ਵਾਰਾਂ ਤੀਕ ਸੀਮਤ ਹੈ। ਭਾਵਨਾ ਨਾਲ ਸਬੰਧਤ ਛੋਟੇ ਅਕਾਰ ਦੀ ਕਵਿਤਾ ਸਵਾਲ ਵੀ ਸਿਰਜਦੀ ਹੈ, ਉੱਤਰ ਵੀ ਖੋਜਦੀ ਹੈ, ਜਗਿਆਸਾ ਪੈਦਾ ਕਰਨ ਦੇ ਨਾਲ ਨਾਲ, ਰੂਹ ਨੂੰ ਹਲੂਣਾ ਦਿੰਦੀ ਹੋਈ ਪਿਆਸੀ ਰੂਹ ਦੀ ਤ੍ਰਿਸ਼ਨਾ ਵੀ ਮਿਟਾਉਂਦੀ ਹੈ। ਡਾ. ਭੰਡਾਲ ਅਜੇਹੇ ਸਵਾਲ ਸਿਰਜਦਾ ਹੈ ਜਿਹੜੇ ਪਾਠਕ ਨਾਲ ਸੰਚਾਰ ਰੇਖਾ ਸਥਾਪਤ ਕਰਦੇ ਹਨ;

ਮੈਂ ਪੀੜ
ਤੂੰ ਪਰਾਗਾ
ਫਿਰ ਕੌਣ ਨੇ ਇਹ ਬੇਅਰਥੇ ਲੋਕ?

ਡਾ ਭੰਡਾਲ ਦੀਆਂ ਮਾਂ ਬਾਪ ਬਾਰੇ ਕਵਿਤਾਵਾਂ ਇਹਨਾਂ ਦੋਹਾਂ ਰਿਸ਼ਤਿਆ ਦੀ ਸਾਦਗੀ,ਪਾਕੀਜਗੀ, ਤੇ ਬੁਲੰਦੀ ਨੂੰ ਪੇਸ਼ ਕਰਨ ਵਾਲੀਆਂ ਹਨ। 'ਘਰ ਪਰਵਾਸ' ਕਵਿਤਾ ਵਿਚ ਮਾਂ ਦਾ ਜੋ ਤੁਸੱਵਰ ਉਸਨੇ ਪੇਸ ਕੀਤਾ ਹੈ, ਉਹ ਬਿਆਨ ਜਾਂ ਵੇਰਵੇ ਦੇ ਬੰਧਨ ਤੋੜਦਾ ਹੋਇਆ ਮਾਂ ਦਾ ਮੁਕੰਮਲ ਸਰੂਪ ਸਿਰਜਦਾ ਹੈ। ਮਾਂ ਤਾਂ ਮੌਤ ਤੋਂ ਬਾਅਦ ਵੀ ਰਿਸ਼ਤੇ ਨੂੰ ਨਿਭਾਉਂਦੀ ਹੈ। ਰਿਸ਼ਤਾ ਟੁੱਟਦਾ ਨਹੀ ਸਗੋ ਹੋਰ ਰੂਹਾਨੀ ਹੋ ਜਾਂਦਾ ਹੈ। ਬਾਪ ਦੀ ਬਿਮਾਰੀ ਬਾਰੇ ਫਿਕਰਮੰਦੀ, ਬਾਪਦਾ ਵਿਛੋੜਾ, ਮਾਂਬਾਪ ਨਾਲ ਵੱਸਦੇ ਘਰ ਦਾ ਸੰਕਲਪ, ਉਸਦੀ ਸਿਰਜਣ ਕਲਾ ਨੂੰ ਪੇਸ਼ ਕਰਨ ਵਾਲਾ ਹੈ। ਮਾਂ ਬਾਪ ਦੀ ਛਾਂ ਤੋਂ ਦੂਰ ਜਾ ਕੇ ਪਰਦੇਸ ਦੇ ਉਦਰੇਵੇ ਨੂੰ ਸਬਦਾਂ ਦੇ ਪਰਿਪੇਖ ਵਿਚ ਪੇਸ਼ ਕਰਦਿਆਂ ਉਹ ਲਿਖਦਾ ਹੈ;

ਅਸੀਂ
ਜੋ ਘਰੋ ਬੇਘਰ ਹੋ
ਵਿਦੇਸ਼ਾਂ ਵਿਚ ਆਪਣੀ ਗੁੰਮਸੁਦੀ ਦੇ
ਨਕਸ਼ ਉਲੀਕਣ 'ਚ ਮਸਰੂਫ ਹਾਂ
ਬਹੁਤ ਅਦਨੇ ਜਹੇ ਲੋਕ ਹਾਂ

## ਰੂਹ ਰੇਜ਼ਾ ਦਾ ਕਾਵਿ-ਸ਼ਾਸਤਰ

ਡਾ. ਭੰਡਾਲ ਦੀਆਂ ਬਹੁਤੀਆਂ ਕਵਿਤਾਵਾਂ, ਗੀਤ ਤੇ ਕਾਫੀਆਂ ਵਾਂਗ ਗਾਈਆਂ ਜਾਸਕਦੀਆਂ ਹਨ। ਉਹਨਾਂ ਕਵਿਤਾਵਾਂ ਵਿਚ ਕਵੀ ਨੇ ਕਿਸੇ ਪਰੰਪਰਾਗਤ ਛੰਦ ਨੂੰ ਨਿਭਾਉਣ ਦੀ ਥਾਂ ਸਤਰਬੰਦੀ ਦੀ ਕਲਾ ਦੇ ਸਾਧਨ ਨੂੰ ਵਰਤਿਆ ਹੈ। ਅੰਗਨਿਕਟਤਾ ਜਾਂ ਸ਼ਬਦ ਨੇੜਤਾ ਉਸਦੀ ਕਾਵਿ ਕਲਾ ਦਾ ਵਿਲੱਖਣ ਤੇ ਨਿਆਰਾ ਗੁਣ ਹੈ;

ਅੰਗ ਨਿਕਟ ਦੇ ਕੁਝ ਨਮੂਨੇ ਪੇਸ਼ ਹਨ, ਕਿਰਨਾਂ ਛਮ ਛਮ ਰੋਈਆਂ, ਸਾਹੋ ਵਿਰਵੀ ਹੋਈ, ਸਾਹਾਂ ਦੀ ਸਰਦਲ, ਚਾਨਣੀ ਨੈਣ ਕਸੀਰ, ਜੱਗ ਤੋਂ ਟੁੱਟੀ ਸੀਰ, ਦਿਲ ਬਰੂਹੀ, ਸਰਘੀ ਉੱਤਰ ਬਨੇਰਿਉ, ਧਰਤੀ ਹੌਕਾ ਉਗਲਿਆ, ਪਰਬਤ ਪਿਘਲ ਗਿਆ, ਗੂੰਗੀ ਵਕਤ ਦਹਿਲੀਜ, ਚੁੱਪ ਦੀਆਂ ਚੀਖਾਂ, ਸੰਦਲੀ ਸੱਧਰਾਂ, ਤੀਲਾ ਤੀਲਾ ਆਲ੍ਹਣਾ, ਹਰਫੀ ਮੱਘਦੀ ਧੂਣੀ, ਕਵਿਤਾ ਵਰਗੇ ਲੋਕ, ਪੀੜਪ੍ਰਾਹੁਣੀ, ਸੋਚ ਸਰਦਲ ਆਦਿ। ਭੰਡਾਲ ਸਬਦ ਨੇੜਤਾ ਨੂੰ ਨਜ਼ਮ ਦੀ ਰਵਾਨੀ ਦਾ ਸਾਧਨ ਬਣਾਉਦਾ ਹੈ। ਕਵਿਤਾ ਦੇ ਵਹਾਅ ਵਿਚ ਕਿਤੇ ਅਟਕਾਅ ਨਹੀਂ ਪੈਂਦਾ।


ਭੰਡਾਲ ਦੀ ਨਜ਼ਮ ਬ੍ਰਹਿਮੰਡ ਤੋਂ ਤੁਰਦੀ, ਧਰਤੀ ਦੀ ਯਾਤਰਾ ਕਰਦੀ, ਮਾਨਵਤਾ ਦੇ ਗੂੰਗੇ ਦਰਦ ਦਾ ਬਿਰਦ ਪਾਲਦੀ, ਰਿਸ਼ਤਿਆਂ ਦੀ ਪਾਕੀਜ਼ਗੀ ਨੂੰ ਪਛਾਣਦੀ, ਦੋਗਲੇ ਕਿਰਦਾਰ ਤੇ ਸਵਾਲ ਖੜੇ ਕਰਦੀ, ਸੁਨੱਖੇ ਜੀਵਨ ਦੀ ਆਸ ਜਗਾਉਂਦੀ, ਮਨੁੱਖਤਾ ਦੀਆਂ ਅਣਕਿਆਸੀਆਂ ਮੁਸਕਲਾਂ ਨੂੰ ਪਛਾਣਦੀ ਹੋਈ, ਰੁੱਦਨ ਤੇ ਹੇਰਵੇ ਦੀ ਕਵਿਤਾ ਹੈ। ਸੋਗ ਗੀਤ ਵਾਂਗ ਆਸ ਵੀ ਜਗਾਉਂਦੀ ਹੈ। ਮੁਹੱਬਤ ਦੀ ਬਾਰਸ਼ ਵਾਂਗ ਵਿਨਾਸ਼ਕਾਰੀ ਤਾਕਤਾਂ ਦੇ ਮਾਰੂ ਅਸਰ ਅਧੀਨ ਵਿਲਕ ਰਹੀਆਂ ਮਨੁੱਖੀ ਰੂਹਾਂ ਨੂੰ ਹਲੂਣਦੀ ਹੈ। ਉਸਦੀ ਕਵਿਤਾ ਦੀ ਭਾਸ਼ਾ ਨਿਵੇਕਲੀ ਹੈ। ਉਸ ਕੋਲ ਮੌਲਿਕ ਕਲਾ ਸਾਧਨਾ ਦੀ ਘਾਟ ਨਹੀਂ ਹੈ। ਉਸਦੀ ਰਚਨਾ ਵਿਚ ਉਦਾਸੀ ਹੈ, ਵੈਰਾਗ ਹੈ, ਪਰ ਆਸ ਜਿਉਂਦੀ ਹੈ। ਧੜਕਦੇ ਤੇ ਗਤੀਮਾਨ ਜੀਵਨ ਦਾ ਉਹ ਖੋਜੀ ਵੀ ਹੈ ਅਤੇ ਚਿਤੇਰਾ ਵੀ ਹੈ।

ਵਰਤਮਾਨ ਦੀਆਂ ਤਲਖ ਹਕੀਕਤਾਂ ਨੂੰ ਆਪਣੇ ਨਿਰਾਲੇ ਤੇ ਮੌਲਿਕ ਕਾਵਿ ਸਤਰ ਦੇ ਅੰਗ ਸੰਗ ਕਰਕੇ, ਉਹ ਸੁਨੇਹਾ ਦਿੰਦਾ ਹੈ ਕਿ ਉਤਰ ਅਧੁਨਿਕ ਜਮਾਨੇ ਦੀਆਂ ਸੁੱਖ ਸਹੂਲਤਾਂ ਮਨੁੱਖ ਨੂੰ ਰੂਹਾਨੀ ਤੇ ਸਦੀਵੀ ਸੁੱਖ ਨਹੀਂ ਦੇ ਸਕਦੀਆਂ।

**ਪ੍ਰੋ. ਨਿਰੰਜਨ ਸਿੰਘ ਢੇਸੀ**
**ਅਮਰੀਕਾ**
**0013174303999**

## ਪੁਸਤਕ ਚਰਚਾ

# ਡਾਲਰੀ ਰਫ਼ਤਾਰ ਵਿੱਚ ਜੂਝਦੇ ਮਨੁੱਖ ਦਾ ਪ੍ਰਵਚਨ: ਟੈਕਸੀਨਾਮਾ



**ਹਰਪ੍ਰੀਤ ਸੇਖਾ ਦੀ ਪੁਸਤਕ ਟੈਕਸੀਨਾਮਾ**

ਕਈ ਕਿਤਾਬਾਂ ਅਜਿਹੀਆਂ ਹੁੰਦੀਆਂ ਹਨ ਜੋ ਹੱਥ ਫੜ ਲੈਂਦੀਆਂ ਹਨ ਤੇ ਲਿਖਣ ਲਈ ਮਜਬੂਰ ਕਰਦੀਆਂ ਹਨ ਕਿ ਸਾਨੂੰ ਬਿਆਨ ਕਰ। ਅਜਿਹੀ ਹੀ ਇੱਕ ਕਿਤਾਬ ਹੈ ਹਰਪ੍ਰੀਤ ਸੇਖਾ ਦੀ ਟੈਕਸੀਨਾਮਾ। ਇਹ ਕਿਤਾਬ ਪਰਵਾਸੀ ਪੰਜਾਬੀਆਂ ਦੇ ਵਿਦੇਸ਼ੀ ਧਰਤੀ ’ਤੇ ਆਪਣੀ ਹੋਂਦ ਨੂੰ ਸਥਾਪਤ ਕਰਨ ਦੇ ਸੰਘਰਸ਼ ਦਾ ਜੀਵੰਤ ਪ੍ਰਵਚਨ ਹੈ। ਇਸ ਕਿਤਾਬ ਦਾ ਕਿਰਦਾਰ ਕਈ ਪਾਸਾਰਾਂ ਨੂੰ ਆਪਣੇ ਕਲੇਵਰ ਵਿੱਚ ਸਮੇਟਦਾ ਹੈ। ਇੱਕ ਪਾਸੇ ਇਹ ਪੰਜਾਬੀਆਂ ਦੇ ਕਨੇਡਾ ਦੀ ਧਰਤੀ ’ਤੇ ਸਥਾਪਤੀ ਦੇ ਸੰਘਰਸ਼ ਨੂੰ ਬਿਆਨ ਕਰਦਾ ਹੈ ਨਾਲ ਹੀ ਉਹਨਾ ਦੀ ਡਾਲਰਾਂ ਦੀ ਦੌੜ ਵਿੱਚ ਨਿੱਜੀ ਪਹਿਚਾਣ ਦੇ ਗਵਾਚਣ ਦਾ ਵਿਅੰਗਮਈ ਬਿਰਤਾਂਤ ਵੀ ਉਸਾਰਦਾ ਹੈ। ਇਹ ਕਿਤਾਬ ਇਸ ਪੇਸ਼ੇ ਨਾਲ ਜੁੜੇ ਡਰ, ਅਨਿਸ਼ਚਿਤਾ ਤੇ ਉਕੇਵੇ ਤੋਂ ਉਪਜੇ ਮਾਨਸਿਕ ਤਨਾਅ ਨੂੰ ਬਾਖ਼ੂਬੀ ਬਿਆਨ ਕਰਦੀ ਹੈ। ਕਨੇਡਾ ਵਰਗੇ ਪੂੰਜੀਵਾਦੀ ਦੇਸ਼ ਵਿੱਚ ਮਨੁੱਖ ਦੇ ਮਸ਼ੀਨ ਬਣਨ ਦੇ ਨਾਲ ਨਾਲ ਸਭਿਆਚਾਰਕ, ਭਾਸ਼ਾਈ ਤੇ ਨਸਲੀ ਵਖਰੇਵਿਆਂ ਨੂੰ ਵੀ ਲੇਖਕ ਛੋਟੀ ਜਿਹੀ ਪੁਸਤਕ ਵਿੱਚ ਸਮੇਟਣ ਦਾ ਪ੍ਰਯਤਨ ਕਰਦਾ ਹੈ।

ਲੇਖਕ ਇਸ ਕਿਤਾਬ ਵਿੱਚ ਇਸ ਪੇਸ਼ੇ ਨਾਲ ਜੁੜੇ ਮਨੁੱਖ ਦੀ ਨਿੱਜੀ ਹੋਂਦ ਨੂੰ ਟੈਕਸੀ ਨੰਬਰ ਵਿੱਚ ਗਵਾਚ ਜਾਣ ਵਿੱਚ ਨਿਬੇੜਦਾ ਹੈ। ਉਹ ਟੈਕਸੀ ਡਰਾਇਵਰਾਂ ਦੇ ਨਿੱਜੀ ਸੁਭਾਅ ਜਾਂ ਚਰਿੱਤਰ ਕਾਰਨ ਉਹਨਾ ਦੇ ਦੂਸਰੇ ਡਰਾਇਵਰਾਂ ਵੱਲੋਂ ਪਾਏ ਨਾਮ ਰਾਹੀਂ ਇੱਹ ਸਿੱਧ ਕਰਨ ਦਾ ਪ੍ਰਯਤਨ ਕਰਦਾ ਹੈ ਕਿ ਕਿਵੇਂ ਮਕਾਨਕੀ ਜ਼ਿੰਦਗੀ ਵਿੱਚੋਂ ਪੈਦਾ ਹੋਏ ਤਨਾਅ ਨੂੰ ਇਹਨਾ ਛੋਟੀਆਂ ਛੋਟੀਆਂ ਖੁਸ਼ੀਆਂ ਰਾਹੀਂ ਦੂਰ ਕਰਦੇ ਹਨ। ਟੈਕਸੀਨਾਮਾ ਪੂੰਜੀਵਾਦੀ ਸਮਾਜ ਵਿਚਲੇ ਤੇ ਪਰੰਪਰਾਗਤ ਜਗੀਰੂ ਸੁਭਾਅ ਵਿਚਲੇ ਪਾੜੇ ਨੂੰ ਵੀ ਬੜੀ ਸ਼ਿੱਦਤ ਨਾਲ ਰੂਪਮਾਨ ਕਰਦਾ ਹੈ ਕਿ ਕਿਵੇਂ ਸਾਡੀ ਮਾਨਸਿਕਤਾ ਨਵੇਂ ਸਮਾਜਿਕ ਤੇ ਸਭਿਆਚਾਰਕ ਸਮਾਜ ਵਿੱਚ ਜਗੀਰ ਦੇ ਸੰਕਲਪ ਨੂੰ ਡਾਲਰੀ ਸਭਿਆਚਾਰ ਵਿੱਚ ਪਰਿਵਰਤਤ ਕਰਦੀ ਹੈ। ਜਗੀਰੂ ਕਬਜ਼ੇ ਦੀ ਭਾਵਨਾ ਡਾਲਰਾਂ ਦੀ ਦੌੜ ਵਿੱਚ ਬਦਲ ਜਾਂਦੀ ਹੈ। ਇਸ ਮਸ਼ੀਨੀ ਜ਼ਿੰਦਗੀ ਵਿੱਚ ਪੰਜਾਬੀਆਂ ਵੱਲੋ ਦੋ ਦੋ ਨੌਕਰੀਆਂ ਜਾਂ ਸਤਾਰਾ ਅਠਾਰਾਂ ਘੰਟੇ ਕੰਮ ਕਰਨਾ ਇਸ ਡਾਲਰੀ ਦੌੜ ਵੱਲ ਹੀ

ਇਸ਼ਾਰਾ ਹੈ। ਇਸ ਡਾਲਰੀ ਦੌੜ ਵਿੱਚ ਉਹ ਪੰਜਾਬੀ ਡਰਾਇਵਰਾਂ ਦੇ ਨਿੱਜੀ ਕਿਰਦਾਰ ਦੇ ਨਾਲ ਨਾਲ ਉਹਨਾਂ ਦੀ ਨਸਲੀ ਵਿਤਕਰੇ ਵਿਰੁੱਧ ਲੜਾਈ ਤੇ ਗੋਰਿਆਂ ਪ੍ਰਤੀ ਨਜਰੀਏ ਨੂੰ ਵੀ ਉਸਾਰਦਾ ਹੈ। ਘਟਨਾਵਾਂ ਰਮਾਂਚਿਕਤਾ ਦੇ ਨਾਲ ਨਾਲ ਇਸ ਪੇਸ਼ੇ ਵਿਚਲੀ ਅਨਿਸ਼ਚਿਤਾ ਤੇ ਡਰ ਦਾ ਬਿਆਨ ਵੀ ਹਨ।

ਕਿਤਾਬ ਨੂੰ ਦੋ ਹਿਸਿਆਂ ਵਿੱਚ ਵੰਡਿਆਂ ਜਾ ਸਕਦਾ ਹੈ। ਪਹਿਲੇ ਹਿੱਸੇ ਵਿੱਚ ਲੇਖਕ ਨਿੱਜੀ ਤਜਰਬਿਆਂ ਤੇ ਘਟਨਾਵਾਂ ਨੂੰ ਪੇਸ਼ ਕਰਦਾ ਹੈ ਤੇ ਦੂਸਰੇ ਵਿੱਚ ਲੇਖਕ ਕੁਝ ਡਰਾਇਵਰਾਂ ਦੀ ਇਂਟਰਵਿਊ ਨੂੰ। ਨਿੱਜੀ ਤਜਰਬਿਆਂ ਰਾਹੀਂ ਪੰਜਾਬੀ ਡਰਾਇਵਰਾਂ ਦੇ ਨਾਲ ਨਾਲ ਸਵਾਰੀਆਂ ਦੇ ਵੱਖ ਵੱਖ ਕਿਰਦਾਰਾਂ ਦੀ ਜਾਣਕਾਰੀ ਵੀ ਬਿਆਨ ਕਰਦਾ ਹੈ। ਇਹਨਾ ਸਵਾਰੀਆਂ ਵਿੱਚ ਨੇਤਾ, ਵੇਸਵਾਵਾਂ ਦੇ ਨਾਲ ਨਾਲ ਪੈਸੇ ਖੁਣੋ ਟੁੱਟੇ ਲੋਕ ਤੇ ਖਤਰਨਾਕ ਸਵਾਰੀਆਂ ਦਾ ਵੀ ਜ਼ਿਕਰ ਕਰਦਾ ਹੈ। ਸ਼ੀਸ਼ਾ ਕਥਾ ਵਿਚਲੀ ਘਟਨਾ ਰਾਹੀ ਉਹ ਦੋਹਾਂ ਦੇਸ਼ਾਂ ਦੇ ਰਾਜਨੀਤਕ ਫਰਕ ਦੀ ਪੇਸ਼ਕਾਰੀ ਕਰਦਾ ਹੈ। 'ਸ਼ਰਾਫ਼ਤ ਕਿ ਡਰ' ਤੇ, 'ਆਪਣੀ ਪੀੜ' ਵਿੱਚ ਪੰਜਾਬੀ ਡਰਾਇਵਰਾਂ ਦਾ ਗੋਰੀਆਂ ਵੱਲ ਹਿਰਸੀ ਰਵਈਏ ਨੂੰ ਬੜੀ ਬੇਬਾਕੀ ਨਾਲ ਚਿਤਰਦਾ ਹੈ। ਇਸੇ ਤਰਾਂ ਉਹ ਲੰਬੀ ਉਡੀਕ ਤੋਂ ਬਾਅਦ ਮਿਲੇ ਨਿਗੂਣੇ ਜਿਹੇ ਟਰਿਪ ਤੇ ਖਿਝਦੇ ਝੂਰਦੇ ਤੇ ਬਾਰ ਬਾਰ ਕਮਾਏ ਡਾਲਰਾਂ ਵੱਲ ਧਿਆਨ ਨਾਲ ਡਾਲਰੀ ਰਫ਼ਤਾਰ ਵਿਚੋਂ ਉਪਜੇ ਤਨਾਅ ਨੂੰ ਬਾਖੂਬੀ ਪ੍ਰਸਤੁਤ ਕਰਦਾ ਹੈ। ਉਹਨਾ ਦਾ ਫਲਪੀਨੋ ਜਾਂ ਦੇਸੀ ਸਵਾਰੀਆਂ ਵੱਲੋ ਟਿੱਪ ਨਾਂ ਦੇਣ ਤੇ ਖਿਝ ਦਾ ਵਖਿਆਨ ਲੇਖਕ ਦੀ ਸੰਜੀਦਗੀ ਨਾਲ ਸੰਤੁਲਿਤ ਬਿਆਨ ਨੂੰ ਪੇਸ਼ ਕਰਦੇ ਹਨ। ਇਸ ਤੋਂ ਇਲਾਵਾ ਵੱਖ ਵੱਖ ਖਤਰਿਆਂ ਤੇ ਖ਼ਤਰਨਾਕ ਸਵਾਰੀਆਂ ਨਾਲ ਪਏ ਵਾਹ ਦਾ ਬਿਆਨ ਇਸ ਪੇਸ਼ੇ ਦਾ ਸਹਿਜ ਨਾ ਹੋਣ ਵੱਲ ਇਸ਼ਾਰਾ ਹੈ।

ਕਿਤਾਬ ਦੇ ਅਖੀਰਲੇ ਹਿੱਸੇ ਵਿੱਚ ਉਹ ਇਸ ਪੇਸ਼ੇ ਨਾਲ ਜੁੜੇ ਲੋਕਾਂ ਦੀਆਂ ਇਂਟਰਵਿਊ ਨੂੰ ਪੇਸ਼ ਕਰਦਾ ਹੋਇਆ ਉਹਨਾ ਦੇ ਤਲਖ਼ ਤਜਰਬੇ ਦੇ ਨਾਲ ਨਾਲ ਵੈਨਕੂਵਰ ਦੇ ਟੈਕਸੀ ਇਤਿਹਾਸ ਨੂੰ ਪੇਸ਼ ਕਰਨ ਦਾ ਯਤਨ ਕਰਦਾ ਹੈ। ਇਹਨਾ ਵਿੱਚੋਂ ਸਭ ਤੋਂ ਮਹੱਤਵਪੂਰਣ ਪੀਟਰ ਬਰਾਅਏਟ ਦੇ ਵਿਚਾਰ ਹਨ। ਜੋ ਟੈਕਸੀ ਪੇਸ਼ੇ ਨਾਲ ਜੁੜੇ ਪੰਜਾਬੀ ਡਰਾਇਵਰਾਂ ਦੇ ਤੌਖਲਿਆਂ ਨੂੰ ਇੱਕ ਗੋਰੇ ਦੀ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ। ਲੇਖਕ ਨੇ ਬੜੇ ਸਹਿਜ ਅਤੇ ਸੁਭਾਵਿਕ ਅੰਦਾਜ਼ ਵਿੱਚ ਟੈਕਸੀ ਸਨਅਤ ਤੇ ਉਸ ਨਾਲ ਜੁੜੇ ਡਰਾਇਵਰਾਂ ਨੂੰ ਪੇਸ਼ ਕੀਤਾ ਹੈ। ਨਿਸਚਿਤ ਹੀ ਇਹ ਕਿਤਾਬ ਪਰਵਾਸੀ ਪੰਜਾਬੀਆਂ ਦੇ ਸੰਘਰਸ਼ ਤੌਖਲੇ ਅਤੇ ਮਿਹਨਤ ਦਾ ਜੀਵੰਤ ਬਿਰਤਾਂਤ ਹੈ।


**ਮੁਖਬੈਨ ਸਿੰਘ**
**ਸਰੀ, ਕੈਨੇਡਾ**
**403-630-7658**

# ਪੁਸਤਕ ਚਰਚਾ

## ਨਾ ਜੁਨੂੰ ਰਹਾ ਨਾ ਪਰੀ ਰਹੀ': ਡਾ. ਦਵਿੰਦਰ ਪਾਲ ਸਿੰਘ



ਡਾ. ਦਵਿੰਦਰ ਪਾਲ ਸਿੰਘ ਅਧਿਆਪਕ ਅਤੇ ਲੇਖਕ ਹੈ ਜਿਸ ਦੀਆਂ 24 ਕਿਤਾਬਾਂ ਤੇ ਲਗਪਗ 1000 ਰਚਨਾਵਾਂ ਵਿਗਿਆਨ, ਧਰਮ ਅਤੇ ਵਾਤਾਵਰਨ ਦੇ ਖੇਤਰਾਂ ਨਾਲ ਸਬੰਧਿਤ ਛੱਪ ਚੁੱਕੀਆਂ ਹਨ। ਅੱਜ ਕੱਲ ਕੈਨੇਡਾ ਦੇ ਸ਼ਹਿਰ ਮਿਸੀਸਾਗਾ ਵਿਖੇ ਸੈਂਟਰ ਫ਼ਾਰ ਅੰਡਰਸਟੈਂਡਿੰਗ ਸਿੱਖਇਜ਼ਮ ਦੇ ਆਨਰੇਰੀ ਡਾਇਰੈਕਟਰ ਵਿੱਚੋਂ ਸੇਵਾ ਕਾਰਜ ਨਿਭਾ ਰਹੇ ਹਨ




'ਨਾ ਜੁਨੂੰ ਰਹਾ ਨਾ ਪਰੀ ਰਹੀ' ਨਾਵਲ ਦੀ ਲੇਖਿਕਾ ਜ਼ਾਹਿਦਾ ਹਿਨਾ ਭਾਰਤੀ ਸੂਬੇ ਬਿਹਾਰ ਦੇ ਨਗਰ ਸਸਰਾਮ ਵਿਖੇ ਜਨਮੀ, ਪਰ ਹੁਣ ਕਰਾਚੀ, ਪਾਕਿਸਤਾਨ ਦੀ ਵਸਨੀਕ ਹੈ। ਉਹ, ਜਿੱਥੇ ਪਿਛਲੇ ਲਗਭਗ ਪੰਜ ਦਹਾਕਿਆਂ ਤੋਂ ਉਰਦੂ ਪੱਤਰਕਾਰੀ ਦੇ ਖੇਤਰ ਵਿੱਚ ਵਿਲੱਖਣ ਕਾਲਮ ਨਵੀਸ ਹੈ, ਉੱਥੇ ਉਰਦੂ ਸਾਹਿਤ ਰਚਨਾ ਕਾਰਜਾਂ ਨੂੰ ਸਮਰਪਿਤ ਨਾਮਵਰ ਸ਼ਖ਼ਸੀਅਤ ਵਜੋਂ ਵੀ ਉਹਨਾਂ ਹੀ ਮਕਬੂਲ ਹੈ। ਸੰਨ 2001 ਵਿੱਚ ਉਸ ਦੇ ਵਿਲੱਖਣ ਸਾਹਿਤਕ ਕਾਰਜਾਂ ਕਾਰਨ ਉਸ ਨੂੰ ਭਾਰਤ ਦੇ ਰਾਸ਼ਟਰਪਤੀ ਦੁਆਰਾ ਸਾਰਕ ਲਿਟਰੇਰੀ ਐਵਾਰਡ ਨਾਲ ਸਨਮਾਨਿਤ ਵੀ ਕੀਤਾ ਗਿਆ ਹੈ। ਹੁਣ ਤੱਕ ਪੱਤਰਕਾਰੀ ਨਾਲ ਸਬੰਧਤ ਉਸ ਦੇ 2000 ਤੋਂ ਵੀ ਵਧੇਰੇ ਲੇਖ, ਲੱਗਭੱਗ ਦਰਜਨ ਦੇ ਕਰੀਬ ਕਹਾਣੀ ਸੰਗ੍ਰਹਿ ਅਤੇ ਨਾਵਲ ਛੱਪ ਚੁੱਕੇ ਹਨ। ਉਸ ਦੀਆਂ ਅਨੇਕ ਰਚਨਾਵਾਂ ਦਾ ਅਨੁਵਾਦ ਅੰਗਰੇਜ਼ੀ, ਹਿੰਦੀ, ਬੰਗਾਲੀ ਤੇ ਮਰਾਠੀ ਵਿੱਚ ਵੀ ਹੋ ਚੁੱਕਾ ਹੈ। ਹੁਣ ਸੰਨ 2019 ਦੌਰਾਨ ਸ. ਰਬਿੰਦਰ ਸਿੰਘ ਬਾਠ ਉਸ ਦੇ ਨਾਵਲ 'ਨਾ ਜੁਨੂੰ ਰਹਾ ਨਾ ਪਰੀ ਰਹੀ' ਦਾ ਪੰਜਾਬੀ ਅਨੁਵਾਦ ਲੈ ਕੇ ਪੰਜਾਬੀ ਪਾਠਕਾਂ ਦੀ ਸੱਥ ਵਿੱਚ ਹਾਜ਼ਰ ਹੋਇਆ ਹੈ।

ਸ. ਰਬਿੰਦਰ ਸਿੰਘ ਬਾਠ ਇੱਕ ਅਜਿਹੀ ਸ਼ਖ਼ਸੀਅਤ ਹੈ ਜਿਸ ਨੇ ਵਿਭਿੰਨ ਭਾਸ਼ਾਵਾਂ ਦੇ ਨਾਮਵਰ ਲਿਖਾਰੀਆਂ ਦੀਆਂ ਰਚਨਾਵਾਂ ( ਨਾਵਲ ਤੇ ਕਹਾਣੀ ਸੰਗ੍ਰਹਾਂ ) ਦਾ ਪੰਜਾਬੀ ਅਨੁਵਾਦ ਕਰਦੇ ਹੋਏ ਹੁਣ ਤੱਕ ਲੱਗਭੱਗ ਡੇਢ ਦਰਜਨ ਕਿਤਾਬਾਂ ਮਾਂ ਬੋਲੀ ਪੰਜਾਬੀ ਦੀ ਝੋਲੀ ਵਿੱਚ ਪਾਈਆਂ ਹਨ। ਕਿੱਤੇ ਵਜੋਂ ਪ੍ਰਸ਼ਾਸਨ ਵਿਭਾਗ ਦੇ ਕਾਰਕੁਨ ਵਜੋਂ ਬੇਸ਼ੱਕ ਸਾਹਿਤ ਨਾਲ ਦੂਰ ਦੂਰ ਦਾ ਵੀ ਰਿਸ਼ਤਾ ਨਹੀਂ ਸੀ, ਪਰ ਕਾਲਜੀ ਦਿਨਾਂ ਵਿੱਚ ਮਨ ਨੂੰ ਲੱਗੀ ਸਾਹਿਤਕ ਚੇਟਕ ਨੇ ਉਸ ਦੇ ਜੀਵਨ ਵਿੱਚ ਪੰਜਾਬੀ ਸਾਹਿਤ ਨਾਲ ਬਹੁਤ ਹੀ ਕਰੀਬੀ ਰਿਸ਼ਤਾ ਕਾਇਮ ਕਰੀ ਰੱਖਿਆ।

# ਪੁਸਤਕ ਚਰਚਾ

ਇਸੇ ਚੇਟਕ ਕਾਰਨ ਉਸ ਨੇ ਵੀ ਵਿਭਿੰਨ ਭਾਸ਼ਾਵਾਂ ਜਿਵੇਂ ਕਿ ਉਰਦੂ, ਅਸਾਮੀ, ਬੰਗਾਲੀ ਤੇ ਹਿੰਦੀ ਦੇ ਨਾਮਵਰ ਲੇਖਕਾਂ ਦੇ ਨਾਵਲਾਂ ਕਹਾਣੀ ਸੰਗ੍ਰਿਹਾ ਦਾ ਸਫਲਤਾਪੂਰਵਕ ਪੰਜਾਬੀ ਅਨੁਵਾਦ ਕੀਤਾ ਹੈ। ਰਬਿੰਦਰ ਸਿੰਘ ਬਾਠ ਇੱਕ ਅਜਿਹੀ ਨਿਆਰੀ ਸ਼ਖ਼ਸੀਅਤ ਹੈ ਜਿਸ ਨੇ ਆਪਣਾ ਸਮੁੱਚਾ ਜੀਵਨ ਵਿਭਿੰਨ ਭਾਸ਼ਾਵਾਂ ਦੇ ਸ੍ਰੇਸ਼ਠ ਸਾਹਿਤ ਦੇ ਪਠਨ ਕਾਰਜਾਂ ਲਈ ਅਤੇ ਅਜਿਹੇ ਉੱਚ ਪਾਏ ਦੇ ਸਾਹਿਤ ਦੇ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਾਰਜਾਂ ਲਈ  ਅਰਪਨ ਕੀਤਾ ਹੋਇਆ ਹੈ।

'ਨਾ ਜੁਨੂੰ ਰਹਾ ਨਾ ਪਰੀ ਰਹੀ' ਨਾਵਲ, ਨਾਇਕਾ ਬ੍ਰਜੇਸ਼ ਦਾਵਰ ਅਲੀ ਦੇ ਜੀਵਨ



ਭਾਰਤੀ ਪ੍ਰਾਂਤ ਬਿਹਾਰ ਵਿਚ ਜਨਮੀ ਜ਼ਾਹਿਦਾ ਹਿਨਾ ਹੁਣ ਕਰਾਚੀ (ਪਾਕਿਸਤਾਨ) ਵਸਨੀਕ ਹੈ। ਉਰਦੂ ਪੱਤਰਕਾਰੀ ਦੇ ਖੇਤਰ ਵਿਚ ਉਹ ਵਿਲੱਖਣ ਕਾਲਮ ਨਵੀਮ ਹੈ ਤੇ ਸਾਹਿਤ ਸਿਰਜਣਾ ਨਾਲ ਵੀ ਪੂਰੀ ਸ਼ਿੱਦਤ ਨਾਲ ਜੁੜੀ ਹੋਈ ਹੈ। ਪੱਤਰਕਾਰੀ ਨਾਲ ਸਬੰਧਿਤ ਉਸਦੇ ਦੋ ਹਜ਼ਾਰ ਤੋਂ ਵੱਧ ਲੇਖ, ਦਰਜਨ ਦੇ ਕਰੀਬ ਕਹਾਣੀ ਸੰਗ੍ਰਹਿ ਤੇ ਨਾਵਲ ਛਪ ਚੁੱਕੇ ਹਨ ਉਸਨੂੰ ਭਾਰਤ ਦੇ ਰਾਸ਼ਟਰਪਤੀ ਦੁਆਰਾ 'ਸਾਰਕ ਲਿਟਰੇਰੀ ਐਵਾਰਡ' ਨਾਲ ਸਨਮਾਨਿਤ ਵੀ ਕੀਹਾ ਗਿਆ

ਵਿੱਚ ਦਰਪੇਸ਼  ਅਨੇਕ ਖੱਟੇ ਮਿੱਠੇ ਤਜਰਬਿਆਂ, ਉਤਰਾਅ੍ ਚੜ੍ਹਾਅ, ਔਖੇ ਪਲਾਂ ਦਾ ਸੁੰਨਤਾ ਭਰਿਆ ਸੰਨਾਟਾ ,ਬਣਦੇ ਵਿਗੜਦੇ ਰਾਹਾਂ, ਅਤੀਤ ਤੇ ਭਵਿੱਖ ਦੇ ਅੰਤਰਾਲ ਵਿੱਚ ਲਟਕਦੇ ਅਹਿਸਾਸਾਂ, ਅਧੂਰੇ ਸੁਪਨਿਆਂ ਦਾ ਮੰਜ਼ਿਰ ,ਆਪਣਿਆਂ ਦੀ ਬੇਵਫ਼ਾਈ ਅਤੇ ਬੇਗਾਨਿਆਂ ਦਾ ਆਪਣਾਪਨ ਦੀ ਦਾਸਤਾਨ ਦਾ ਜ਼ਿਕਰ ਕਰਦਾ ਹੈ। ਲੇਖਿਕਾ ਨੇ ਪਾਰਸੀ ਅਤੇ ਮੁਸਲਿਮ ਰੀਤੀ ਰਿਵਾਜ਼ਾਂ ,ਜੀਵਨ ਚਲਨ, ਸਮਾਜਿਕ ਸਹਿਹੋਂਦ ਪਰ ਅੱਡਰੇ ਸੱਭਿਆਚਾਰ ਦੇ ਤਾਣੇ ਬਾਣੇ ਵਿੱਚ ਅਨੇਕ ਕਿਰਦਾਰਾਂ ਜਿਵੇਂ ਕਿ ਮਿਸਟਰ ਕਾਊਂਸ ਮਿਸਿਜ਼ ਬਾਨੋ ਲਸ਼ਕਰੀ, ਮਨੂਚਹਰ, ਮੀਨੂੰ ਬਾਈ, ਅੱਬਾ ਮੀਆਂ, ਪ੍ਰਵੇਜ਼, ਅਸ਼ਰਫ ਚਾਚਾ, ਸੁਰਈਆ, ਛੋਟੀ ਅੰਮੀ ,ਨੱਜੂ ਚਾਚਾ, ਹਸਨੋ ਚਾਚਾ ,ਜੇਬੁਨ ਚਾਚੀ, ਸ਼ਮਾਂ ਤੇ ਕਮਰ ਆਦਿ ਅਨੇਕਾਂ ਕਿਰਦਾਰਾਂ ਨੂੰ ਬਾਖ਼ੂਬੀ ਨਿਭਾਇਆ ਹੈ। ਇਹ ਨਾਵਲ ਸਮਾਜਿਕ ਜੀਵਨ ਵਿੱਚ ਵਿਚਰਦੇ ਕਿਰਦਾਰਾਂ ਦੇ ਵਿਭਿੰਨ ਰੂਪਾਂ ਦਾ ਬਿਰਤਾਂਤ ਸਮੋਈ ਬੈਠਾ ਹੈ। ਕਿਧਰੇ ਪਿਤਰੀ ਪਿਆਰ ਦਾ ਸਫਲ ਪ੍ਰਗਟਾ  ਹੈ ਤੇ ਕਿੱਧਰੇ ਖ਼ੁਦਗਰਜ਼ੀ ਹੇਠ ਬਦਲਦੇ ਰਿਸ਼ਤਿਆਂ ਦਾ ਵਰਣਨ, ਕਿੱਧਰੇ ਮੂਕ ਪਿਆਰ ਦੀ ਉਦਾਸੀ ਹੈ ਅਤੇ ਕਿਧਰੇ ਮਨਚਾਹੇ ਮੰਜ਼ਿਰ ਤੱਕ ਪਹੁੰਚਣ ਦੀ ਬੇਚੈਨੀ। ਮਨੁੱਖੀ ਭਾਵਨਾਵਾਂ ਨਾਲ ਓਤ ਪ੍ਰੋਤ, ਅਹਿਸਾਸ ਤੇ ਮਾਨਵੀ ਮੁੱਲਾਂ ਨਾਲ ਲੱਥਪਥ, ਬਣਦੇ ਵਿਗੜਦੇ ਰਿਸ਼ਤਿਆਂ ਨਾਲ

## ਪੁਸਤਕ ਚਰਚਾ

ਲਬਰੇਜ਼ ਇਹ ਨਾਵਲ ਪਟਨਾ ਤੋਂ ਲਖਨਊ ਅਤੇ ਫਿਰ ਕਰਾਚੀ ਤੱਕ ਦਾ ਪ੍ਰਸਾਰ ਸਮੋਈ ਬੈਠਾ ਹੈ। ਨਾਵਲ ਦਾ ਪਠਨ ਪਾਠਕ ਨੂੰ ਬੇਸ਼ੱਕ ਅਨੇਕ ਨਿੱਜੀ ਰਿਸ਼ਤਿਆਂ ਦੀ ਬੇਵਫ਼ਾਈ ਦੀ ਦੱਸ ਪਾਉਂਦਾ ਹੈ ਪਰ ਇਸ ਦੇ ਨਾਲ ਨਾਲ ਹੀ ਕਾਊਂਸ ਪਰਿਵਾਰ ਦੇ




ਸ. ਰਬਿੰਦਰ ਸਿੰਘ ਬਾਠ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਰਿਟਾਇਰ ਹੋ ਕੇ ਅੱਜ ਕੱਲ ਟਰੰਟੋ ਸੈਟਲ ਹਨ। ਇਨ੍ਹਾਂ ਨੇ ਵਿਭਿੰਨ ਭਾਸ਼ਾਵਾਂ ਉਰਦੂ, ਅਸਾਮੀ, ਬੰਗਾਲੀ, ਹਿੰਦੀ ਦੇ ਨਾਮਵਰ ਲਿਖਾਰੀਆਂ ਦੀਆਂ ਰਚਨਾਵਾਂ ਦਾ ਪੰਜਾਬੀ ਵਿਚ ਅਨੁਵਾਦ ਕਰਕੇ ਦੋ ਦਰਜਨ ਦੇ ਕਰੀਬ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ। ਇਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਉੱਚ ਪਾਏ ਦੇ ਸਾਹਿਤ ਨੂੰ ਪੰਜਾਬੀ 'ਚ ਅਨੁਵਾਦ ਕਾਰਜ ਲਈ ਸਮਰਪਿਤ ਕੀਤਾ ਹੈ

ਰੂਪ ਵਿੱਚ ਬੇਗਾਨਿਆਂ ਵਿੱਚ ਵੀ ਆਪਣਾਪਣ ਢੂੰਡ ਲੈਣ ਦੀ ਮਨੁੱਖੀ ਫਿਤਰਤ ਦਾ ਸਹੀ ਪ੍ਰਗਟਾ ਕਰਦਾ ਹੈ। ਨਾਵਲ ਦੇ ਆਖਰੀ ਪੜਾਅ ਅੰਦਰ ਮਨੋਹਰ ਦਾ ਮੂਕ ਪਿਆਰ ਤੇ ਬ੍ਰਜੇਸ਼ ਦੀ ਇਸ ਤੋਂ ਲੰਬੇ ਸਮੇਂ ਤੱਕ ਦੀ ਅਣਭਿਜੱਤਾ ਪਾਠਕ ਨੂੰ ਗਹਿਰੀ ਉਦਾਸੀ ਨਾਲ ਭਰ ਜਾਂਦੀ ਹੈ। ਜਿੱਥੇ ਇਹ ਨਾਵਲ ਬਰਜੇਸ਼ ਦਾਵਰ ਅਲੀ ਦੀ ਅਸਫਲ ਪ੍ਰੇਮ ਗਾਥਾ ਦਾ ਵਰਣਨ ਹੈ ਉੱਥੇ ਉਸ ਦੁਆਰਾ ਜੀਵਨ ਅੰਦਰ ਬਣਦੇ ਵਿਗੜਦੇ ਰਿਸ਼ਤਿਆਂ ਦੀ ਥਾਹ ਨਾ ਪਾ ਸਕਣ ਦੀ ਸਮਰੱਥਾ ਦਾ ਵੀ ਪ੍ਰਗਟਾਅ ਹੈ।
ਸਮਾਜਿਕ ਵਰਤਾਰਿਆਂ ਦੀ ਪੜਚੋਲ ਤੇ ਮੁਲਾਂਕਣ ਦੇ ਨਜ਼ਰੀਏ ਤੋਂ ਇੱਕ ਵਧੀਆ ਨਾਵਲ ਹੈ ,ਜੋ ਪਾਰਸੀ ਤੇ ਮੁਸਲਿਮ ਸੱਭਿਆਚਾਰ ਬਾਰੇ ਬਹੁਪੱਖੀ ਜਾਣਕਾਰੀ ਪੇਸ਼ ਕਰਦਾ ਹੈ। ਮਾਨਵੀ ਧਾਰਨਾਵਾਂ ਤੇ ਕਦਰਾਂ ਕੀਮਤਾਂ ਬਾਰੇ ਵਿਲੱਖਣ ਸੋਚ ਪ੍ਰਦਾਨ ਕਰਦਾ ਹੈ। ਸ. ਰਬਿੰਦਰ ਸਿੰਘ ਬਾਠ ਵੱਲੋਂ ਇਸ ਨਾਵਲ ਦੇ ਪੰਜਾਬੀ ਵਿੱਚ ਅਨੁਵਾਦ ਦੀ ਚੋਣ ਪ੍ਰਸੰਸਾ ਯੋਗ ਹੈ। ਅਨੁਵਾਦ ਕਰਤਾ ਨਾਵਲ ਦੇ ਅਨੁਵਾਦ ਕਾਰਜ ਵਿੱਚ ਸਫ਼ਲ ਰਿਹਾ ਹੈ। ਨਾਵਲ ਦੇ ਪੰਜਾਬੀ ਸੰਸਕਰਨ ਨੂੰ ਪੜ੍ਹ ਕੇ ਇੰਜ ਜਾਪਦਾ ਹੈ ਕਿ ਜਿਵੇਂ ਇਹ ਨਾਵਲ ਮੂਲ ਰੂਪ ਵਿੱਚ ਪੰਜਾਬੀ ਵਿੱਚ ਲਿਖਿਆ ਗਿਆ ਹੈ, ਜੋ ਅਨੁਵਾਦ ਕਰਤਾ ਦੀ ਮੁਹਾਰਤ ਦਾ ਪ੍ਰਤੱਖ ਸਬੂਤ ਹੈ।

**ਡਾ. ਦਵਿੰਦਰ ਪਾਲ ਸਿੰਘ**
**ਟੌਰੰਟੋ, ਕੈਨੇਡਾ**
**416-859-1856**

## ਪੁਸਤਕ ਰਿਵੀਊ

# ਕਿਲੇ ਦੇ ਮੋਤੀ: ਹੀਊ ਜੇ. ਐਸ. ਜੋਹਨਸਟਨ




ਅਨੁਵਾਦਕ: ਹਰਪ੍ਰੀਤ ਸੇਖਾ

ਰਾਜਪਾਲ 'ਕਿਲੇ ਦੇ ਮੋਤੀ' ਵਿੱਚ ਮੇਰੇ ਪਿੰਡਾਂ ਦੇ ਪੁਰਖਿਆਂ ਦੀਆਂ ਬਾਤਾਂ ਹਨ, ਅਸੀਂ ਦੁਆਬੀਆਂ (ਪੰਜਾਬੀ ਕੌਮ ਸੰਦਰਭ) ਨੇ, ਪਹਿਲ ਪਲੱਕੜਿਆਂ ਵਿੱਚ, ਪਰਾਈਆ ਧਰਤੀਆਂ 'ਤੇ ਮਿਹਨਤ ਵੀ ਬੜੀ ਕੀਤੀ, ਸੰਤਾਪ ਤੇ ਆਪਣੀ ਮਿੱਟੀ ਦਾ ਹੇਰਵਾ ਵੀ ਬੜਾ ਹੰਢਾਇਆ। ਹਥਿਆਰ ਚੁੱਕ 'ਕੇ ਵਤਨ ਆਜ਼ਾਦ ਕਰਾਉਣ ਨੂੰ ਵੀ ਮੁੜੇ ਤੇ ਲੋਕ ਭਲਾਈ ਦੇ ਕਾਰਜ ਵੀ ਬੜੇ ਕੀਤੇ। ਜੇ ਨਾਵਲ 'ਮਲੂਕਾ' ਨੂੰ ਵੀ ਲੱਗਦੇ ਹੱਥ ਪੜ੍ਹ ਲਈਏ ਅਤੇ ਨਾਲ ਹੀ ਫਰੋਲ ਲਈਏ ਬਿਗਿੰਗ ਤੇ ਹੁੰਦਲ ਦੀ 'ਕਨੇਡਾ: ਸੰਘਰਸ਼ ਦੇ ਸੌ ਵਰ੍ਹੇ' ਸਮੇਤ ਸੋਹਣ ਸੁਰਿੰਦਰ ਸੰਘਾ ਸਕਰੂਲਵੀ ਦੀ 'ਕਨੇਡੀਅਨ ਸਿੱਖਾਂ ਦਾ ਇਤਿਹਾਸ', ਤਾਂ ਸਾਡੇ ਕਨੇਡੀਅਨ ਪੰਜਾਬੀ ਪੁਰਖਿਆਂ ਦੀਆਂ ਘਾਲਨਾਵਾਂ ਦੀ ਇੱਕ ਬੱਝਵੀ ਤਸਵੀਰ ਸਾਹਮਣੇ ਆ ਜਾਵੇਗੀ।

**ਵਿਜੈ ਬੰਬੇਲੀ**


ਤ੍ਰੈ ਮਾਸਿਕ ਪੱਤ੍ਰਿਕਾ

**ਪਰਵਾਸ**

**ਅਕਤੂਬਰ-ਦਸਬੰਰ 2020 ਦੇ ਅੰਕ ਲਈ ਪਰਵਾਸੀ ਲੇਖਕਾਂ ਨੂੰ ਆਪਣੀਆਂ ਰਚਨਾਵਾਂ parvasggn@gmail.com 'ਤੇ ਭੇਜਣ ਦੀ ਬੇਨਤੀ ਹੈ**


**ਸੰਪਰਕ:**

ਡਾ. ਤੇਜਿੰਦਰ ਕੌਰ +9187290-80250

ਪ੍ਰੋ. ਸ਼ਰਨਜੀਤ ਕੌਰ +9195010-27522

## ਪੁਸਤਕ ਰਿਵੀਊ

# ਗਾਥਾ ਕਰਤਾਰ ਪੁਰ ਲਾਂਘੇ ਦੀ: ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ




ਪ੍ਰੋ. ਸ਼ਿੰਗਾਰਾ ਸਿੰਘ ਢਿੱਲੋ ਇੰਗਲੈਂਡ ਵੱਸਦੇ ਪੰਜਾਬੀ ਲੇਖਕ ਹੀ ਨਹੀ ਸਗੋ ਇੱਕ ਹੰਢੇ ਹੋਏ ਪੱਤਰਕਾਰ ਹੋਣ ਦੇ ਨਾਲ ਨਾਲ ਪੰਜਾਬੀ ਦੇ ਨਹੀਂ ਸਗੋ ਕਈ ਭਾਸ਼ਾਵਾਂ ਦੇ ਵਿਦਵਾਨ ਵੀ ਹਨ। ਹੁਣ ਤੱਕ ਉਹਨਾਂ ਨੇ ਅਨੇਕਾਂ ਕਿਤਾਬਾਂ ਲਿਖੀਆਂ ਹਨ ਜਿਹਨਾਂ ਵਿੱਚ ਬਹੁਤ ਸਾਰੀਆਂ ਕਿਤਾਬਾਂ ਪੰਜਾਬੀ ਧਰਾਤਲ ਨਾਲ ਜੁੜੀਆਂ ਹੋਈਆਂ ਹਨ। ਪ੍ਰੋ: ਸਾਹਿਬ ਦੀ ਖ਼ੂਬੀ ਇਹ ਹੈ ਕਿ ਉਹ ਜਿਸ ਵੀ ਵਿਸ਼ੇ ਬਾਰੇ ਲਿਖਦੇ ਹਨ ਉਸ ਉੱਪਰ ਪੂਰੀ ਛਾਣਬੀਣ ਕਰਨ ਤੋਂ ਬਾਅਦ ਹੀ ਆਪਣਾ ਅਗਲਾ ਕਦਮ ਚੁੱਕਦੇ ਹਨ। ਇਸੇ ਕਰਕੇ ਉਹਨਾਂ ਦੀਆਂ ਲਿਖਤਾਂ ਵਿੱਚ ਅਸੀਮ ਗਿਆਨ ਦੇ ਨਾਲ ਉੱਚੇ ਪੱਧਰ ਦੀ ਸ਼ੈਲੀ ਹੁੰਦੀ ਹੈ। ਉਹਨਾਂ ਦੀ ਹਰ ਕਿਤਾਬ ਜਾਣਕਾਰੀ ਦੇ ਨਾਲ ਨਾਲ ਪਾਠਕ ਨੂੰ ਹੋਰ ਕਈ ਪੱਖਾਂ ਤੋਂ ਜਾਗਰੂਕ ਵੀ ਕਰਦੀ ਹੈ। ਪ੍ਰੋ ਸ਼ਿੰਗਾਰਾ ਸਿੰਘ ਢਿੱਲੋਂ ਦੀ ਆਉਣ ਵਾਲੀ ਕਿਤਾਬ 'ਗਾਥਾ ਕਰਤਾਪੁਰ ਲਾਂਘੇ ਦੀ' ਹੈ। ਜਿਸ ਵਿੱਚ ਉਹਨਾਂ ਨੇ 1947 ਤੋਂ ਲੈ ਕੇ ਕਰਤਾਰਪੁਰ ਸਾਹਿਬ ਦੇ ਲਾਂਘੇ ਤੱਕ ਦਾ ਲੰਬਾ ਸਫ਼ਰ ਕਿਵੇਂ ਤੈਅ ਕੀਤਾ, ਇਸ ਬਾਰੇ ਵਿਸਥਾਰ ਪੂਰਵਕ ਤੱਥਾਂ ਦੇ ਆਧਾਰ ਤੇ ਇਤਿਹਾਸਕ ਪੱਖਾਂ ਨੂੰ ਸਾਹਮਣੇ ਲਿਆਉਣ ਦਾ ਸਫ਼ਲ ਯਤਨ ਕੀਤਾ ਹੈ। ਆਸ ਕਰਦਾ ਹਾਂ ਕਿ ਪੰਜਾਬੀ ਪਾਠਕ ਇਸ ਪੁਸਤਕ ਨੂੰ ਪੜ੍ਹ ਕੇ ਪੰਜਾਬ ਦੀ ਵੰਡ ਤੇ ਉਸ ਨਾਲ ਜੁੜੇ ਹੋਏ ਮੁੱਦਿਆਂ ਨੂੰ ਨੇੜੇ ਤੋਂ ਜਾਣ ਸਕਣਗੇ। ਮੇਰੇ ਵੱਲੋ ਇਸ ਕਿਤਾਬ ਦਾ ਹਾਰਦਿਕ ਸਵਾਗਤ ਹੈ ਅਤੇ ਪੋ. ਸ਼ਿੰਗਾਰਾ ਸਿੰਘ ਢਿੱਲੋਂ ਨੂੰ ਬਹੁਤ ਬਹੁਤ ਮੁਬਾਰਕਾਂ। ਅਕਾਲ ਪੁਰਖ ਦੇ ਚਰਨਾਂ ਵਿੱਚ ਬੇਨਤੀ ਵੀ ਕਿ ਇਹ ਕਲਮ ਅਜਿਹੇ ਵਿਸ਼ਿਆਂ ਉੱਪਰ ਨਿਰੰਤਰ ਚੱਲਦੀ ਰਹੇ ਅਤੇ ਪੰਜਾਬੀ ਸਾਹਿਤ ਨੂੰ ਹੋਰ ਅਮੀਰ ਕਰਦੀ ਰਹੇ।



ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ

**ਬਲਵਿੰਦਰ ਸਿੰਘ ਚਾਹਲ**
**ਪ੍ਰਧਾਨ**
**ਸਾਹਿਤ ਸੁਰ ਸੰਗਮ ਸਭਾ ਇਟਲੀ**

# ਸਰਗਰਮੀਆਂ

## ਪਰਵਾਸੀ ਸਾਹਿਤ ਅਧਿਅਨ ਕੇਂਦਰ

## ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ

## ਕਰੋਨਾ ਸੰਕਟ: ਸੰਵਾਦ ਤੇ ਕਵੀ ਦਰਬਾਰ 13-14 ਜੂਨ 2020



ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋ ਦੋ ਰੋਜ਼ਾ ਆਨਲਾਇਨ ਪਰਵਾਸੀ ਸਾਹਿਤ ਦੇ ਸਦਰੰਭ ਵਿਚ ਸੰਵਾਦ ਤੇ ਕਵੀ ਦਰਬਾਰ ਆਯੋਜਿਤ ਕਰਵਾਇਆ ਗਿਆ। ਜਿਸ ਦੇ ਪਹਿਲੇ ਦਿਨ ਦੇ ਸਮਾਗਮ ਦੀ ਪ੍ਰਧਾਨਗੀ ਪੰਜਾਬ ਦੇ ਉੱਘੇ ਸ਼ਾਇਰ ਪਦਮ ਸ੍ਰੀ ਸੁਰਜੀਤ ਪਾਤਰ ਨੇ ਕੀਤੀ ਉਨ੍ਹਾਂ ਨੇ ਕਿਹਾ ਕਿ ਅੱਜ ਜਦੋਂ ਸਮੁੱਚਾ ਵਿਸ਼ਵ ਕਰੋਨਾ ਸੰਕਟ ਨਾਲ ਜੂਝ ਰਿਹਾ ਹੈ ਤਾਂ ਪੰਜਾਬ ਵਿੱਚ ਇਸ ਬਿਮਾਰੀ ਨੂੰ ਫੈਲਾਉਣ ਲਈ ਪਰਵਾਸੀਆਂ ਨੂੰ ਦੋਸ਼ ਦੇਣਾ ਉਚਿੱਤ ਨਹੀਂ ਹੈ ਕਿਉਕਿ ਪਰਵਾਸੀਆਂ ਦੀ ਪੰਜਾਬ ਨੂੰ ਸਾਹਿਤਕ ਪੱਖੋਂ, ਆਰਥਿਕ ਪੱਖੋਂ ਤੇ ਸਮਾਜਿਕ ਪੱਖੋਂ ਬਹੁਤ ਵੱਡੀ ਦੇਣ ਹੈ। ਡਾ. ਸ. ਪ. ਸਿੰਘ ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪ੍ਰਧਾਨ ਗੁੱਜਰਾਂਵਾਲਾ ਖ਼ਾਲਸਾ ਐਜੂਕੇਸ਼ਨਲ ਕੌਂਸਲ ਨੇ ਰਸਮੀ ਤੌਰ 'ਤੇ ਜੀ ਆਇਆ ਕਹਿੰਦੇ ਹੋਏ ਸਰੋਤਿਆਂ ਨੂੰ ਇਸ ਸਮਾਗਮ ਦੇ ਉਦੇਸ਼ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਕਾਲਜ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਦੀਆਂ ਸਰਗਰਮੀਆਂ ਤੇ ਪ੍ਰਾਪਤੀਆਂ ਤੋਂ ਵੀ ਜਾਣੂ ਕਰਵਾਇਆ ਤੇ ਕੇਂਦਰ ਵੱਲੋ ਸ਼ੁਰੂ ਕੀਤੇ ਗਏ ਤ੍ਰੈ ਮਾਸਿਕ ਪੱਤਰ 'ਪਰਵਾਸ' ਬਾਰੇ ਵੀ ਜਾਣਕਾਰੀ ਦਿੱਤੀ ਡਾ. ਰਾਜਿੰਦਰਪਾਲ ਬਰਾੜ, ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਬੇਸ਼ੱਕ ਅਸੀਂ ਅੱਜ ਬਹੁਤ ਤਰੱਕੀ ਕਰ ਲਈ ਹੈ ਪਰ ਸਾਨੂੰ ਆਪਣੀਆਂ ਖੋਜਾਂ, ਤਰੱਕੀਆਂ ਬਾਰੇ, ਕੁਦਰਤ ਬਾਰੇ, ਜ਼ਿੰਦਗੀ ਜਿਊਣ ਦੇ ਢੰਗਾਂ ਬਾਰੇ ਨਵੇਂ ਸਿਰਿਓ ਸੋਚਣਾ ਪਵੇਗਾ। ਉਨ੍ਹਾਂ ਨੇ ਅਜੋਕੇ ਮੀਡੀਆ ਦੀ ਭੂਮਿਕਾ ਬਾਰੇ, ਪ੍ਰਸ਼ਾਸਨ ਦੀਆਂ ਨਾਕਾਮੀਆਂ ਬਾਰੇ, ਮਜ਼ਦੂਰ ਵਰਗ ਦੀ ਤ੍ਰਾਸਦੀ ਬਾਰੇ,



ਕਰੋਨਾ ਨੂੰ ਲੈ ਕੇ ਫੈਲੇ ਅੰਧ ਵਿਸ਼ਵਾਸ ਬਾਰੇ ਪਰਵਾਸੀ ਪੰਜਾਬੀ ਕਵਿਤਾ ਦੇ ਹਵਾਲੇ ਨਾਲ ਚਰਚਾ ਕੀਤੀ। ਸ੍ਰੀ ਸੁੱਖੀ ਬਾਠ ਸੰਸਥਾਪਕ ਪੰਜਾਬ ਭਵਨ ਸਰੀ ਨੇ ਮਨੁੱਖਤਾ ਨੂੰ ਇਸ ਸਮੇਂ ਦਰਪੇਸ਼ ਭੁੱਖਮਰੀ ਦੀ ਸਮੱਸਿਆ ਨਾਲ ਨਜਿੱਠਣ ਲਈ ਹਰ ਮਨੁੱਖ ਨੂੰ ਜਿਸ ਕੋਲ ਜਿੰਨੀ ਜਿੰਨੀ ਵੀ ਸਮਰੱਥਾ ਹੈ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ। ਪ੍ਰੋਫੈਸਰ ਗੁਰਭਜਨ ਗਿੱਲ, ਸਾਬਕਾ ਪ੍ਰਧਾਨ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਨੇ ਇਸ ਮੌਕੇ ਪਰਵਾਸੀ ਪੰਜਾਬੀ ਕਵੀ ਦਰਬਾਰ ਦਾ ਸੰਚਾਲਨ ਕੀਤਾ। ਕਵੀ ਦਰਬਾਰ ਵਿੱਚ ਸੁਰਿੰਦਰ ਸਿਦਕ (ਆਸਟਰੇਲੀਆ), ਡਾ. ਅਮਰ ਜਿਉਤੀ (ਲੰਡਨ), ਅਜ਼ੀਮ ਸ਼ੇਖਰ (ਲੰਡਨ), ਰਜਿੰਦਰਜੀਤ( ਯੂ. ਕੇ.), ਦਲਜਿੰਦਰ ਰਹਿਲ (ਇਟਲੀ), ਕੇਹਰ ਸ਼ਰੀਫ (ਜਰਮਨੀ), ਸ਼ਾਕਿਰ ਅਲੀ ਅਮਜਦ (ਜਰਮਨੀ) ਅਤੇ ਨਕਸ਼ਦੀਪ ਪੰਜਕੋਹਾ (ਅਮਰੀਕ) ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਅਤੇ ਪ੍ਰੋ. ਸ਼ਰਨਜੀਤ ਕੌਰ ਨੇ ਵੀ ਆਪਣੀਆਂ ਰਚਨਾਵਾਂ ਸਰੋਤਿਆਂ ਦੇ ਰੂ-ਬ-ਰੂ ਕੀਤੀਆਂ। ਪ੍ਰੋ. ਗੁਰਭਜਨ ਗਿੱਲ ਨੇ ਕਰੋਨਾ ਨਾਲ ਸਬੰਧਿਤ ਆਪਣੀਆਂ ਵੀ ਕੁਝ ਨਜ਼ਮਾਂ ਸਾਂਝੀਆਂ ਕੀਤੀਆਂ।

ਦੂਸਰੇ ਦਿਨ ਦੇ ਸਮਾਗਮ ਦੀ ਪ੍ਰਧਾਨਗੀ ਉੱਘੇ ਚਿੰਤਕ ਤੇ ਸਾਹਿਤਕਾਰ ਡਾ. ਮਨਮੋਹਨ ਸਿੰਘ ਆਈ. ਪੀ. ਐਸ. ਨੇ ਕੀਤੀ। ਸ. ਇੰਦਰਜੀਤ ਸਿੰਘ ਬੱਲ ਸਾਬਕਾ ਜੱਜ, ਇਮੀਗ੍ਰੇਸ਼ਨ ਰਿਫਿਊਜੀ ਬੋਰਡ, ਟੋਰੰਟੋ ਨੇ ਆਪਣੇ ਵਿਚਾਰਾਂ ਰਾਹੀ ਸਾਂਝ ਪਾਉਂਦਿਆਂ ਕਰੋਨਾ ਸੰਕਟ ਦੌਰਾਨ ਪ੍ਰਭਾਵਿਤ ਹੋ ਰਹੀ ਵੱਖ ਵੱਖ ਮੁਲਕਾਂ ਦੀ ਆਰਥਿਕਤਾ ਸੱਭਿਆਚਾਰਕ ਗਤੀਵਿਧੀਆਂ ਤੇ ਖ਼ਾਸ ਕਰਕੇ ਕਰੋਨਾ ਸੰਕਟ ਨਾਲ ਪ੍ਰਭਾਵਿਤ ਹੋ ਰਹੇ ਮਨੁੱਖੀ ਰਿਸ਼ਤਿਆਂ ਬਾਰੇ ਚਰਚਾ ਕੀਤੀ ਸ. ਅਮਰਜੀਤ ਸਿੰਘ ਗਰੇਵਾਲ ਨੇ ਪੰਜਾਬ ਦੇ

ਸਿੱਖਿਆ ਤੰਤਰ ਦੇ ਨਿਘਾਰ ਤੇ ਵਿਸ਼ਵ ਪੱਧਰ ਤੇ ਐਜੂਕੇਸ਼ਨ ਸਿਸਟਮ ਵਿੱਚ ਆ ਰਹੀਆਂ ਤਬਦੀਲੀਆਂ ਦੀ ਵਿਚਾਰ ਚਰਚਾ ਕੀਤੀ।


ਇਸ ਪ੍ਰੋਗਰਾਮ ਦੇ ਕੋਆਰਡੀਨੇਟਰ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਦੂਸਰੇ ਦਿਨ ਵੀ ਕਵੀ ਦਰਬਾਰ ਦਾ ਸੰਚਾਲਨ ਬਾਖ਼ੂਬੀ ਕੀਤਾ। ਇਸ ਦੌਰਾਨ ਉਹਨਾਂ ਨੇ ਆਪਣੀਆਂ ਨਜ਼ਮਾਂ ਤੋਂ ਇਲਾਵਾ ਪਾਸ਼, ਸੰਤ ਰਾਮ ਉਦਾਸੀ, ਜਗਤਾਰ, ਪੂਰਨ ਸਿੰਘ, ਬਾਵਾ ਬਲਵੰਤ ਆਦਿ ਕਵੀਆਂ ਦੀਆਂ ਕਵਿਤਾਵਾਂ ਵੀ ਪਾਠਕਾਂ ਨਾਲ ਸਾਂਝੀਆਂ ਕੀਤੀਆਂ। ਇਸ ਕਵੀ ਦਰਬਾਰ ਵਿੱਚ ਭਾਰਤ ਅਮਰੀਕਾ, ਕੈਨੇਡਾ ਅਤੇ ਹੋਰ ਦੇਸ਼ਾਂ ਦੇ ਕਵੀਆਂ ਨੇ ਸ਼ਿਰਕਤ ਕੀਤੀ। ਇਨ੍ਹਾਂ ਕਵੀਆਂ ਵਿੱਚ ਸੁਖਵਿੰਦਰ ਕੰਬੋਜ (ਕੈਲੇਫੋਰਨੀਆ), ਕੁਲਵਿੰਦਰ (ਕੈਲੇਫੋਰਨੀਆ), ਕਵਿੰਦਰ ਚਾਂਦ (ਸਰੀ), ਮੋਹਨ ਗਿੱਲ (ਸਰੀ), ਪ੍ਰੀਤ ਮਨਪ੍ਰੀਤ (ਸਰੀ), ਰਵਿੰਦਰ ਰਵੀ (ਕੈਨੇਡਾ), ਸੁਰਿੰਦਰ ਗੀਤ (ਕੈਨੇਡਾ), ਰਾਜ ਲਾਲੀ ਬਟਾਲਾ(ਅਮਰੀਕਾ), ਸੁਖਿੰਦਰ (ਕੈਨੇਡਾ) ਅਤੇ ਤ੍ਰੈਲੋਚਨ ਲੋਚੀ (ਲੁਧਿਆਣਾ) ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਡਾ. ਮਨਮੋਹਨ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਕਰੋਨਾ ਸੰਕਟ ਤੋ ਪਹਿਲਾਂ ਵੀ ਮਨੁੱਖ ਤਾਂ ਅਨੇਕਾਂ ਹੀ ਮਹਾਂਮਾਰੀਆਂ ਨਾਲ ਜੂਝਦੀ ਰਹੀ ਹੈ। ਕਰੋਨਾ ਸੰਕਟ ਵਿੱਚੋਂ ਵੀ ਮਨੁੱਖਤਾ ਜਰੂਰ ਫ਼ਤਿਹ ਪਾ ਲਵੇਗੀ। ਉਨ੍ਹਾਂ ਕਿਹਾ ਜ਼ਿਆਦਾਤਰ ਸਾਹਿਤ ਵੀ ਸੰਕਟ ਵਿੱਚੋਂ ਹੀ ਉਪਜਦਾ ਹੈ। ਇਹ ਸੰਕਟ ਕਿਸੇ ਵੀ ਰੂਪ ਵਿੱਚ ਹੋ ਸਕਦੇ ਹਨ। ਉਨ੍ਹਾਂ ਨੇ ਆਪਣੇ ਵਿਚਾਰ ਇਤਿਹਾਸ ਤੇ ਸਾਹਿਤ ਦੇ ਹਵਾਲੇ ਨਾਲ ਪਾਠਕਾਂ ਨਾਲ ਸਾਂਝੇ ਕੀਤੇ ਤੇ ਆਪਣੀਆਂ ਕੁਝ ਨਜ਼ਮਾਂ ਵੀ ਪਾਠਕਾਂ ਦੇ ਰੂ-ਬ-ਰੂ ਕੀਤੀਆਂ।

ਪ੍ਰੋਗਰਾਮ ਦੇ ਅਖੀਰ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਨੇ ਸਭ ਦਾ ਰਸਮੀ ਤੌਰ ਤੇ ਧੰਨਵਾਦ ਕੀਤਾ ਤੇ ਕਿਹਾ ਕਿ ਡਾ. ਸ. ਪ. ਸਿੰਘ ਦੀ ਯੋਗ ਅਗਵਾਈ ਵਿੱਚ ਕਾਲਜ ਦੇ ਪਰਵਾਸੀ ਸਾਹਿਤ ਅਧਿਅਨ ਕੇਂਦਰ ਵੱਲੋ ਅਨੇਕਾਂ ਸ਼ਲਾਘਾਯੋਗ ਕਾਰਜ ਪਰਵਾਸੀ ਸਾਹਿਤ ਹਿੱਤ ਕੀਤੇ ਜਾ ਰਹੇ ਹਨ ਤੇ ਇਹ ਸਮਾਗਮ ਵੀ ਉਸੇ ਕੜੀ ਦਾ ਹੀ ਇੱਕ ਮਹੱਤਵਪੂਰਨ ਹਿੱਸਾ ਹੋ ਨਿੱਬੜਿਆ ਹੈ।

ਸ. ਅਰਵਿੰਦਰ ਸਿੰਘ, ਆਨਰੇਰੀ ਜਨਰਲ ਸਕੱਤਰ ਗੁਜਰਾਂਵਾਲਾ ਖ਼ਾਲਸਾ ਐਜੂਕੇਸ਼ਨ ਕੌਂਸਲ, ਪ੍ਰੋ. ਮਨਜੀਤ ਸਿੰਘ ਛਾਬੜਾ, ਡਾਇਰੈਕਟਰ, ਜੀ. ਜੀ. ਐਨ. ਆਈ. ਐਮ. ਟੀ., ਪੰਜਾਬੀ ਵਿਭਾਗ ਦੇ ਮੁਖੀ ਡਾ. ਭੁਪਿੰਦਰ ਸਿੰਘ, ਡਾ. ਗੁਰਪ੍ਰੀਤ ਸਿੰਘ, ਪ੍ਰੋ. ਸ਼ਰਨਜੀਤ ਕੌਰ, ਡਾ. ਹਰਪ੍ਰੀਤ ਸਿੰਘ ਦੂਆ, ਡਾ. ਤੇਜਿੰਦਰ ਕੌਰ ਵੀ ਹਾਜ਼ਰ ਰਹੇ। ਇਸ ਸਮੁੱਚੇ ਪ੍ਰੋਗਰਾਮ ਦਾ ਲਾਈਵ ਟੈਲੀਕਾਸਟ ਸਾਂਝਾ ਟੀ. ਵੀ. ਕੈਨੇਡਾ ਤੇ ਲੁਧਿਆਣਾ ਟਾਈਮਜ਼ ਵੱਲੋਂ ਵਿਸ਼ਵ ਭਰ ਵਿੱਚ ਕੀਤਾ ਗਿਆ।

# ਇਟਲੀ ਵਿਚ ਸਿੱਖ ਫੌਜੀ: ਦੂਸਰਾ ਵਿਸ਼ਵ ਯੁੱਧ ਪੁਸਤਕ ਦਾ ਅਨੁਵਾਦ

## Sikh Soldiers in Itally







ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਲੁਧਿਆਣਾ ਦੇ ਅੰਗਰੇਜ਼ੀ ਵਿਭਾਗ ਦੇ ਮੁੱਖੀ ਡਾ. ਸੁਸ਼ਮਿੰਦਰਜੀਤ ਕੌਰ ਨੇ ਬਲਵਿੰਦਰ ਸਿੰਘ ਚਾਹਲ ਦੀ ਪੁਸਤਕ 'ਇਟਲੀ ਵਿੱਚ ਸਿੱਖ ਫੌਜੀ: (ਦੂਸਰਾ ਵਿਸ਼ਵ ਯੁੱਧ') ਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਹੈ। ਬਲਵਿੰਦਰ ਸਿੰਘ ਚਾਹਲ ਨੇ ਦੂਸਰੀ ਸੰਸਾਰ ਜੰਗ ਦੌਰਾਨ ਇਟਲੀ ਵਿੱਚ ਬਰਤਾਨਵੀ ਭਾਰਤੀ ਫ਼ੌਜ ਵੱਲੋਂ ਲੜਨ ਵਾਲੇ ਫ਼ੌਜੀਆਂ ਦੀ ਸੂਰਬੀਰਤਾ ਦੀ ਗਾਥਾ ਨੂੰ ਇਸ ਪੁਸਤਕ ਵਿੱਚ ਪੇਸ਼ ਕੀਤਾ ਹੈ। ਇਹ ਦੂਸਰੇ ਵਿਸ਼ਵ ਯੁੱਧ ਦੇ ਉਹ ਬਹਾਦਰ ਨਾਇਕ ਸਨ, ਜਿਹੜੇ ਇਤਿਹਾਸ ਵਿੱਚ ਹਾਲੇ ਤੱਕ ਅਣਗੌਲੇ ਸਨ।



**ਡਾ. ਸੁਸ਼ਮਿੰਦਰਜੀਤ ਕੌਰ**
**ਮੁੱਖੀ, ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ**

ਲੇਖਕ ਨੇ ਬੜੀ ਹੀ ਮਿਹਨਤ ਨਾਲ ਵੱਖ ਵੱਖ ਥਾਵਾਂ ਤੇ ਜਾ ਕੇ ਇਤਿਹਾਸਕ ਸਰੋਤਾਂ ਨੂੰ ਖੰਗਾਲ ਕੇ ਬੜੀ ਹੀ ਮਿਹਨਤ ਤੇ ਪੁਖ਼ਤਗੀ ਨਾਲ ਇਹ ਕਾਰਜ ਕੀਤਾ ਹੈ। ਇਹ ਪੁਸਤਕ ਭਵਿੱਖ ਦੇ ਖੋਜੀਆਂ ਲਈ ਇਤਿਹਾਸਕ ਦਸਤਾਵੇਜ਼ ਸਿੱਧ ਹੋਵੇਗੀ। ਅੰਗਰੇਜ਼ੀ ਵਿੱਚ ਤਰਜਮਾ ਹੋਣ ਨਾਲ ਇਹ ਪੁਸਤਕ ਵਿਸ਼ਵ ਭਰ ਦੇ ਪਾਠਕਾਂ ਤੇ ਖੋਜੀਆਂ ਲਈ ਲਾਹੇਵੰਦ ਸਾਬਿਤ ਹੋਵੇਗੀ। ਯੂਰਪੀ ਪੰਜਾਬੀ ਸੱਥ ਯੂ. ਕੇ. ਵੱਲੋਂ ਇਸ ਪੁਸਤਕ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ। ਕਾਲਜ ਦੇ ਪਰਵਾਸੀ ਸਾਹਿਤ ਅਧਿਅਨ ਨੇ ਕੇਂਦਰ ਲਈ ਇਹ ਖੁਸ਼ੀ ਦੀ ਗੱਲ ਹੈ ਕਿ ਲੇਖਕ ਨੇ ਇਸ ਪੁਸਤਕ ਦਾ ਤਰਜਮਾ ਕਰਨ ਦੀ ਜ਼ਿੰਮੇਵਾਰੀ ਕੇਂਦਰ ਨੂੰ ਦਿੱਤੀ। ਡਾ. ਸ. ਪ. ਸਿੰਘ ਪ੍ਰਧਾਨ, ਗੁਜਰਾਂਵਾਲਾ ਐਜੂਕੇਸ਼ਨਲ ਕੌਂਸਲ ਦੀ ਸੁਯੋਗ ਅਗਵਾਈ ਅਧੀਨ ਡਾ. ਸੁਸ਼ਮਿੰਦਰਜੀਤ ਕੌਰ ਮੁੱਖੀ ਪੋਸਟ ਗ੍ਰੈਜੂਏਟ ਅੰਗਰੇਜ਼ੀ ਵਿਭਾਗ ਨੇ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ।

# ਪੰਜਾਬੀ ਲਿਖਾਰੀ ਸਭਾ ਸਿਆਟਲ ਦੀ ਸਾਹਿਤਕ ਮਿਲਣੀ



ਕਰੋਨਾ ਵਾਇਰਸ ਕਾਰਨ ਪੂਰੇ ਵਿਸ਼ਵ ਵਿਚ ਸੰਕਟ ਦਾ ਸਮਾਂ ਹੈ। ਸਾਡਾ ਦੇਸ਼ ਵੀ ਇਸ ਸਮੱਸਿਆ ਨਾਲ ਦੋ ਚਾਰ ਹੋ ਰਿਹਾ ਹੈ।ਅਜਿਹੇ ਸਮੇਂ ਵਿਚ ਸਮੁੱਚੇ ਕਾਰਜ ਠੱਪ ਹੋ ਕੇ ਰਹਿ ਗਏ ਹਨ। ਮਨੁੱਖ ਘਰਾਂ ਅੰਦਰ ਰਹਿਣ ਲਈ ਮਜ਼ਬੂਰ ਹਨ।ਇਸ ਸਭ ਕਾਸੇ ਉੱਪਰ ਵਿਚਾਰ ਕਰਦਿਆਂ ਅਤੇ ਦੂਰ ਅੰਦੇਸ਼ੀ ਤੋਂ ਕੰਮ ਲੈਂਦਿਆਂ ਪਿਛਲੀ ਦਿਨੀ ਪੰਜਾਬੀ ਲਿਖਾਰੀ ਸਭਾ (ਰਜਿ.) ਸਿਆਟਲ ਦੇ ਅਹੁਦੇਦਾਰਾਂ ਨੇ ਆਪਣੀ ਸਾਹਿਤਕ ਮੀਟਿੰਗ ਅਤੇ ਕਵੀ ਦਰਬਾਰ ਜ਼ੂਮ ਐਪ ਰਾਹੀ ਆਨਲਾਈਨ ਆਯੋਜਿਤ ਕੀਤਾ। ਜਿਸ ਵਿਚ ਸਿਆਟਲ ਤੋਂ ਇਲਾਵਾ ਕੈਲੇਫੋਰਨੀਆ ਅਤੇ ਪੰਜਾਬ (ਭਾਰਤ) ਤੋਂ ਵੱਖ ਵੱਖ ਲੇਖਕਾਂ ਨੇ ਸ਼ਮੂਲੀਅਤ ਕੀਤੀ। ਸਭਾ ਦੇ ਜਨਰਲ ਸਕੱਤਰ ਬਲਿਹਾਰ ਸਿੰਘ ਲੇਹਲ ਨੇ ਸਮਾਗਮ ਦੀ ਰੂਪ-ਰੇਖਾ ਸਾਂਝੀ ਕਰਦਿਆਂ ਅਜੋਕੇ ਹਾਲਾਤਾਂ ਦੀ ਗੱਲ ਕੀਤੀ। ਡਾ. ਜੇ. ਬੀ. ਸਿੰਘ ਨੇ ਸਭਾ ਵੱਲੋਂ ਸਭਨਾਂ ਨੂੰ ਜੀ ਆਇਆਂ ਆਖਿਆ ਅਤੇ ਸਮੁੱਚੇ ਵਿਸ਼ਵ ਦੇ ਇਸ ਸੰਕਟ ਵਿਚੋਂ ਨਿਕਲਣ ਦੀ ਉਮੀਦ ਪ੍ਰਗਟ ਕੀਤੀ। ਸ੍ਰੀਮਤੀ ਸੁਖਵਿੰਦਰ ਕੌਰ ਆਹੀ (ਪਟਿਆਲਾ ਤੋਂ), ਮੰਗਤ ਕੁਲਜਿੰਦ (ਬਠਿੰਡਾ ਤੋਂ) ਹਰਦਿਆਲ ਸਿੰਘ ਚੀਮਾ (ਮੋਗਾ ਤੋਂ) ਅਤੇ ਕੈਲੇਫੋਰਨੀਆਂ ਤੋਂ ਪ੍ਰਸਿੱਧ ਗ਼ਜ਼ਲਗੋ ਦਿਲ ਨਿਜਰ, ਜਯੋਤੀ ਪਾਲ ਸਿੰਘ ਅਤੇ ਮੇਜਰ ਭੁਪਿੰਦਰ ਸਿੰਘ ਦਲੇਰ, ਹਰਸ਼ਿੰਦਰ ਸਿੰਘ ਸੰਧੂ (ਸਿਆਟਲ), ਪ੍ਰਿਤਪਾਲ ਸਿੰਘ ਟਿਵਾਣਾ, ਅਵਤਾਰ ਸਿੰਘ ਆਦਮਪੁਰੀ, ਸ਼ਿੰਦਰਪਾਲ ਸਿੰਘ ਔਜਲਾ, ਹਰਪਾਲ ਸਿੰਘ ਸਿੱਧੂ, ਗੋਲਡੀ ਭੁੱਲਰ, ਲਾਲੀ ਸੰਧੂ ਨੇ ਸੱਭਿਆਚਾਰਕ, ਸਾਹਿਤਕ, ਸਮਾਜਿਕ, ਧਾਰਮਿਕ ਵਿਸ਼ਿਆਂ ਉੱਤੇ ਲਿਖੀਆਂ ਆਪਣੀਆਂ ਕਵਿਤਾਵਾਂ, ਗੀਤ, ਗ਼ਜ਼ਲਾਂ ਸੁਣਾ ਕੇ ਪ੍ਰੋਗਰਾਮ ਦੀ ਸਫਲਤਾ ਨੂੰ ਚਾਰ ਚੰਨ ਲਾਏ। ਸੰਸਰ ਪੱਧਰ ਤੇ ਬਣੇ ਹਾਲਾਤਾਂ ਨੂੰ ਮੁੱਖ ਰੱਖਦਿਆਂ ਸਾਹਿਤਕ ਮਿਲਣੀਆਂ ਇਸੇ ਤਰਾਂ ਕਰਨ ਲਈ ਫੈਸਲਾ ਲਿਆ ਗਿਆ। ਅਖੀਰ ਵਿੱਚ ਪ੍ਰਧਾਨ ਨੇ ਸੱਭ ਦਾ ਧੰਨਵਾਦ ਕੀਤਾ।

# ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋ 'ਮਦਰ'ਜ਼ ਡੇ' ਨੂੰ ਸਮਰਪਿਤ ਕਵੀ ਦਰਬਾਰ



ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋ 'ਜ਼ੂਮ ਯੂ. ਐਸ.' ਰਾਹੀ ਮਦਰ'ਜ਼ ਡੇ ਨੂੰ ਸਮਰਪਿਤ ਇਕ ਸਾਹਿਤਕ ਸੰਮੇਲਣ ਕੀਤਾ ਗਿਆ। ਜਿਸ ਵਿਚ ਅਮਰੀਕਾ, ਕੈਨੇਡਾ ਅਤੇ ਭਾਰਤ ਦੇ ਸਾਹਿਤਕਾਰ ਸ਼ਾਮਲ ਹੋਏ। ਸਭਾ ਦੇ ਪ੍ਰਧਾਨ ਡਾ. ਜੇ. ਬੀ. ਸਿੰਘ ਅਤੇ ਜਨਰਲ ਸਕੱਤਰ ਬਲਿਹਾਰ ਸਿੰਘ ਲੇਹਲ ਨੇ ਸਿਆਟਲ ਤੋਂ ਅਤੇ ਮੰਗਤ ਕੁਲਵਿੰਦ ਨੇ ਬਠਿੰਡਾ (ਇੰਡੀਆ) ਤੋਂ ਬੈਠਿਆਂ ਇਹ ਪ੍ਰੋਗਰਾਮ ਨਿਭਾਇਆ। ਹਾਜ਼ਰ ਕਵੀਆਂ ਵਿਚ ਸਿਆਟਲ ਤੋਂ ਹਰਸ਼ਿੰਦਰ ਸਿੰਘ ਸੰਧੂ, ਡਾ. ਪ੍ਰੇਮ ਕੁਮਾਰ, ਸੁਖਵਿੰਦਰ ਸਿੰਘ ਬੋਦਲਾਂਵਾਲਾ, ਸ਼ਿੰਗਾਰ ਸਿੰਘ ਸਿੱਧੂ, ਸ਼ਿੰਦਰਪਾਲ ਸਿੰਘ ਔਜਲਾ, ਹਰਦਿਆਲ ਸਿੰਘ ਚੀਮਾ, ਸਾਧੂ ਸਿੰਘ ਝੱਜ, ਅਵਤਾਰ ਸਿੰਘ ਆਦਮਪੁਰੀ, ਰਿਜ਼ਵਾਲ ਨਾਸਰ, ਬਲਿਹਾਰ ਸਿੰਘ ਲੇਹਲ ਕੈਨੇਡਾ ਤੋਂ ਪ੍ਰਮਿੰਦਰ ਸਵੈਚ, ਰੁਪਿੰਦਰ ਰੂਪੀ, ਮੀਨੂੰ ਬਾਵਾ, ਇੰਡੀਆ ਤੋਂ ਸੁਖਵਿੰਦਰ ਆਹੀ, ਸਰਬਜੀਤ ਸਿੰਘ ਵਿਰਦੀ, ਅਸ਼ੋਕ ਭੰਡਾਰੀ, ਸੁਖਦਰਸ਼ਨ ਗਰਗ, ਸ੍ਰੀ ਰਾਮ ਅਰਸ਼, ਪਰਗਟ ਸਿੰਘ ਜੰਬਰ, ਮੰਗਤ ਕੁਲਵਿੰਦ, ਕੈਲੇਫੋਰਨੀਆ ਤੋਂ ਜੋਤੀ ਪਾਲ ਸਿੰਘ, ਦਿਲ ਨਿੱਝਰ, ਮਕਸੂਦ ਅਲੀ ਆਦਿ ਨੇ ਕਾਵਿ ਦੀਆਂ ਵੱਖ-ਵੱਖ ਵੰਨਗੀਆਂ ਗ਼ਜ਼ਲ, ਕਵਿਤਾ, ਗੀਤ, ਰੁਬਾਈ ਆਦਿ ਰਾਹੀਂ ਮਾਂ ਦੀਆਂ ਦੁਆਵਾਂ, ਸੇਵਾਵਾਂ, ਛਾਵਾਂ, ਮਮਤਾਵਾਂ ਅਤੇ ਪਰਿਵਾਰ ਲਈ ਕੁਰਬਾਨੀਆਂ ਆਦਿ ਗੁਣਾ ਦੀ ਪ੍ਰਸੰਸ਼ਾ ਕਰਦਿਆਂ ਵਿਸ਼ਵ ਦੀਆਂ ਸਾਰੀਆਂ ਮਾਤਾਵਾਂ ਦਾ ਚਰਨ ਸਪਰਸ਼ ਕੀਤਾ। ਅਖੀਰ ਵਿੱਚ ਸਭਾ ਦੇ ਪ੍ਰਧਾਨ ਡਾ. ਜੇ. ਬੀ. ਸਿੰਘ ਨੇ ਸਭ ਦਾ ਰਸਮੀ ਤੌਰ ਤੇ ਧੰਨਵਾਦ ਕੀਤਾ।

**ਗੁਰਬਾਜ ਗਿੱਲ**
**ਸਿਆਟਲ**

## ਕਵੀ ਅਸ਼ੋਕ ਟਾਂਡੀ ਦਾ ਰੂ-ਬ-ਰੂ




ਇਪਸਾ ਵੱਲੋਂ ਸਥਾਨਕ ਇੰਡੋਜ਼ ਪੰਜਾਬੀ ਲਾਇਬਰੇਰੀ ਇਨਾਲਾ ਵਿੱਚ ਪੰਜਾਬ ਤੋਂ ਆਏ ਕਵੀ ਅਸ਼ੋਕ ਟਾਂਡੀ ਦਾ ਰੂ-ਬ-ਰੂ ਕਰਵਾਇਆ ਗਿਆ। ਕਵੀ ਦਰਬਾਰ ਵਿੱਚ ਸ਼ਾਇਰ ਰੁਪਿੰਦਰ ਸੋਜ਼, ਸਰਬਜੀਤ ਸੋਹੀ ਅਤੇ ਜਸਵੰਤ ਵਾਗਲਾ, ਪਾਲ ਰਾਉਕੇ, ਬਾਲ ਕਵੀ ਸੁਖਮਨ ਸੰਧੂ, ਗਾਇਕ ਗੀਤਕਾਰ ਆਤਮਾ ਹੇਅਰ, ਮੀਤ ਮਲਕੀਤ, ਸੁਰਜੀਤ ਸੰਧੂ, ਜਰਨੈਲ ਬਾਸੀ ਅਤੇ ਗੁਰਮੀਤ ਕੌਰ ਸੰਧਾਂ ਨੇ ਗੀਤਾਂ ਤੇ ਕਵਿਤਾਵਾਂ ਨਾਲ ਹਾਜ਼ਰੀ ਲਵਾਈ। ਇਪਸਾ ਦੇ ਸਰਪ੍ਰਸਤ ਜਰਨੈਲ ਬਾਸੀ ਤੇ ਗੁਰਮੀਤ ਕੌਰ ਸੰਧਾ ਨੇ ਵਿਅੰਗਆਤਮਕ ਕਾਵਿ ਪੇਸ਼ ਕੀਤਾ। ਮਹਿਮਾਨ ਲੇਖਕ ਅਸ਼ੋਕ ਟਾਂਡੀ ਨੇ ਆਪਣੇ ਗੀਤ ਤਰੰਨੁਮ ਵਿੱਚ ਪੇਸ਼ ਕੀਤੇ। ਸਮਾਗਮ ਦੇ ਅੰਤ ਵਿੱਚ ਸ੍ਰੀ ਅਸ਼ੋਕ ਟਾਂਡੀ ਨੂੰ ਸਨਮਾਨ ਪੱਤਰ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਜੈਬ ਸਿੰਘ ਵਿਰਕ, ਗੀਤਕਾਰ ਤਜਿੰਦਰ ਭੰਗੂ, ਬਲਵਿੰਦਰ ਕੌਰ, ਰਣਜੀਤ ਸਿੰਘ ਵਿਰਕ, ਸ਼ਮਸ਼ੇਰ ਸਿੰਘ ਆਦਿ ਹਾਜ਼ਰ ਸਨ। ਸਟੇਜ ਸੈਕਟਰੀ ਦੀ ਭੂਮਿਕਾ ਦਲਵੀਰ ਹਲਵਾਰਵੀ ਵੱਲੋ ਬਾਖੂਬੀ ਨਿਭਾਈ ਗਈ।

## ਕਰਨ ਸਿੰਘ ਰੰਧਾਵਾ ਆਸਟ੍ਰੇਲੀਆਈ ਐਨ. ਆਰ. ਆਈ. ਕੋਰਆਰਡੀਨੇਟਰ ਨਿਯੁਕਤ



ਪੰਜਾਬ ਸਰਕਾਰ ਵੱਲੋ ਕਰਨ ਸਿੰਘ ਰੰਧਾਵਾ ਨੂੰ ਆਸਟ੍ਰੇਲੀਆਈ ਐਨ. ਆਰ. ਆਈ. ਕੋਰਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਉਹ ਐਨ. ਆਰ. ਆਈ. ਵਿਭਾਗ, ਪੰਜਾਬ ਰਾਜ ਐਨ. ਆਰ. ਆਈ. ਕਮਿਸ਼ਨ, ਵਿਦੇਸ਼ਾਂ ਵਿੱਚ ਭਾਰਤੀ ਹਾਈ ਕਮਿਸ਼ਨ ਤੇ ਮਿਸ਼ਨ ਵਿਚਕਾਰ ਕੋਆਰਡੀਨੇਟਰ ਦੀ ਡਿਊਟੀ ਨਿਭਾਉਣਗੇ। ਨਾਲ-ਨਾਲ ਵਿਦੇਸ਼ਾਂ ਵਿੱਚ ਪੰਜਾਬ ਸਰਕਾਰ ਦੀਆਂ ਗਤੀਵਿਧੀਆਂ ਨੂੰ ਵਿਕਸਿਤ ਕਰਦੇ ਪੰਜਾਬੀ ਪ੍ਰਵਾਸੀਆਂ ਨਾਲ ਵਿਚਾਰ-ਵਟਾਂਦਰੇ ਉਪਰੰਤ ਵੱਖ-ਵੱਖ ਮਸਲਿਆਂ ਅਤੇ ਮੁਸ਼ਕਿਲਾਂ ਨੂੰ ਪੰਜਾਬ ਸਰਕਾਰ ਕੋਲ ਉਠਾਉਣਗੇ। ਉਹ ਪੇਸ਼ੇ ਵਜੋ ਟੈਲੀ ਕਮਿਊਨੀਕੇਸ਼ਨ ਇੰਜੀਨੀਅਰ ਹਨ।

# ਸੰਤੋਖ ਸਿੰਘ ਧੀਰ ਜਨਮ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਸਮਾਗਮ

ਪੰਜਾਬੀ ਸਾਹਿਤ ਦੇ ਸਰਬਾਂਗੀ ਲੇਖਕ ਸੰਤੋਖ ਸਿੰਘ ਧੀਰ ਦੇ ਸੌਵੇ ਜਨਮ ਵਰ੍ਹੇ ਨੂੰ ਸਮਰਪਿਤ ਬ੍ਰਿਸਬੇਨ ਵਿਖੇ ਇਪਸਾ ਦੇ ਸਰਪ੍ਰਸਤ ਜਰਨੈਲ ਸਿੰਘ ਬਾਸੀ ਦੀ ਅਗਵਾਈ ਹੇਠ ਇਕ ਪ੍ਰਭਾਵਸ਼ਾਲੀ ਸਮਾਗਮ ਦਾ ਆਯੋਜਨ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸੰਤੋਖ ਸਿੰਘ ਧੀਰ ਦੇ ਜੀਵਨ ਵੇਰਵੇ ਅਤੇ ਉਨ੍ਹਾਂ ਦੀਆਂ ਸਮੁੱਚੀਆਂ ਸਾਹਿਤਕ ਕ੍ਰਿਤਾਂ ਦੇ ਵੇਰਵੇ ਨਾਲ ਹੋਈ। ਇਸ ਉਪਰੰਤ ਮਨਜੀਤ ਬੋਪਾਰਾਏ ਨੇ ਸੰਤੋਖ ਸਿੰਘ ਧੀਰ ਦੇ ਸਾਹਿਤਕ ਯੋਗਦਾਨ ਲਈ ਉਹਨਾਂ ਨੂੰ ਨਮਨ ਕਰਦਿਆਂ ਸ਼ਰਧਾਂਜਲੀ ਅਰਪਿਤ ਕੀਤੀ। ਇਪਸਾ ਦੇ ਮੀਤ ਪ੍ਰਧਾਨ ਰੁਪਿੰਦਰ ਸੋਜ਼ ਨੇ ਸੰਤੋਖ ਸਿੰਘ ਧੀਰ ਦੁਆਰਾ ਆਪਣੇ ਭਰਾ ਰਿਪਦੁਮਨ ਸਿੰਘ ਨੂੰ ਇੰਗਲੈਂਡ ਫੇਰੀ ਦੌਰਾਨ ਲਿਖੀਆਂ ਚਿੱਠੀਆਂ ’ਤੇ ਅਧਾਰਤ ਕਿਤਾਬ ‘ਜਿਵੇਂ ਰਾਮ ਨੂੰ ਲਛਮਨ’ ਬਾਰੇ ਸ੍ਰੋਤਿਆਂ ਨਾਲ ਚਿੱਠੀਆਂ ਦੇ ਵਾਰਤਾਲਾਪ ਅਤੇ ਹੋਰ ਦਿਲਚਸਪ ਜਾਣਕਾਰੀ ਸਾਂਝੀ ਕੀਤੀ।



ਇਸ ਉਪਰੰਤ ਜਸਵੰਤ ਵਾਗਲਾ, ਮੀਤ ਮਲਕੀਤ, ਦਲਵੀਰ ਹਲਵਾਰਵੀ ਤੇ ਸੁਖਨੈਬ ਨੇ ਸੰਤੋਖ ਸਿੰਘ ਧੀਰ ਦੀਆਂ ਰਚਨਾਵਾਂ ਸੁਣਾਈਆ। ਮਹਿਮਾਨ ਲੇਖਕ ਅਸ਼ੋਕ ਟਾਂਡੀ ਨੇ ਵੀ ਦੋ ਕਵਿਤਾਵਾਂ ਨਾਲ ਸਟੇਜ ਤੇ ਹਾਜ਼ਰੀ ਲਵਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇਪਸਾ ਦੇ ਸਰਪ੍ਰਸਤ ਜਰਨੈਲ ਬਾਸੀ, ਮੀਤ ਪ੍ਰਧਾਨ ਪਾਲ ਰਾਊਕੇ, ਤਜਿੰਦਰ ਭੰਗੂ, ਬਲਵਿੰਦਰ ਕੌਰ ਵਿਰਕ, ਰਣਜੀਤ ਸਿੰਘ ਵਿਰਕ, ਲਖਵਿੰਦਰ ਸਿੰਘ ਤੱਲ੍ਹਣ ਆਦਿ ਹਾਜ਼ਰ ਸਨ। ਸਟੇਜ ਸੈਕਟਰੀ ਦੀ ਭੂਮਿਕਾ ਦਲਵੀਰ ਹਲਵਾਰਵੀ ਨੇ ਬਾਖੂਬੀ ਨਿਭਾਈ। ਇੰਡੋਜ਼ ਦੇ ਸਾਬਕਾ ਚੇਅਰਮੈਨ ਅਮਰਜੀਤ ਸਿੰਘ ਮਾਹਲ ਨੇ ਆਪਣਾ ਸੰਦੇਸ਼ ਭੇਜਦਿਆਂ ਸੰਤੋਖ ਸਿੰਘ ਧੀਰ ਨੂੰ ਸੱਜਦਾ ਕੀਤਾ ਅਤੇ ਕਿਹਾ ਕਿ ਧੀਰ ਸਾਬ ਦਾ ਪੋਰਟਰੇਟ ਇੰਡੋਜ਼ ਪੰਜਾਬੀ ਲਾਇਬਰੇਰੀ ਵਿਖੇ ਲਾਇਆ ਜਾਏਗਾ।

# ਸਾਹਿਤ ਸੁਰ ਸੰਗਮ ਸਭਾ ਇਟਲੀ ਵਲੋਂ ਅਜੋਕੇ ਸੰਦਰਭ ਵਿੱਚ ਸੰਵਾਦ ਅਤੇ ਕਵੀ ਦਰਬਾਰ ਦਾ ਆਨਲਾਈਨ ਆਯੋਜਨ




ਪਿਛਲੇ ਦਿਨੀ ਸਾਹਿਤ ਸੁਰ ਸੰਗਮ ਸਭਾ ਇਟਲੀ ਵੱਲੋਂ 'ਅਜੋਕੇ ਸੰਦਰਭ ਵਿੱਚ ਸੰਵਾਦ ਅਤੇ ਕਵੀ ਦਰਬਾਰ' ਵਿਸ਼ੇ ਉਤੇ ਆਨਲਾਈਨ ਸਮਾਗਮ ਕਰਵਾਇਆ ਗਿਆ। ਮਲਕੀਤ ਸਿੰਘ ਹਠੂਰ ਦੀ ਸਰਪ੍ਰਸਤੀ ਵਿੱਚ ਹੋਏ ਇਸ ਸਮਾਗਮ ਦੀ ਪ੍ਰਧਾਨਗੀ ਬਲਵਿੰਦਰ ਸਿੰਘ ਚਾਹਲ ਅਤੇ ਸੰਚਾਲਨਾ ਦਲਜਿੰਦਰ ਰਹਿਲ ਨੇ ਕੀਤੀ। ਪ੍ਰਧਾਨਗੀ ਭਾਸ਼ਨ ਤੋਂ ਬਾਅਦ ਨਾਵਲਕਾਰ ਬਿੰਦਰ ਕੋਲੀਆਂਵਾਲ ਵਲੋਂ ਸਭਾ ਦੀ ਹੁਣ ਤੱਕ ਦੀ ਕਾਰਗੁਜਾਰੀ ਸਭ ਨਾਲ ਸਾਂਝੀ ਕੀਤੀ ਗਈ ਅਤੇ ਪ੍ਰੋ ਜਸਪਾਲ ਸਿੰਘ ਹੁਰਾਂ ਵਲੋਂ ਕੋਰੋਨਾ ਦੇ ਅਜੋਕੇ ਸੰਦਰਭ ਨੂੰ ਕੇਂਦਰ ਵਿੱਚ ਰੱਖ ਕੇ ਮਹਾਂਮਾਰੀਆਂ ਦੇ ਭੂਤ, ਭਵਿੱਖ ਤੇ ਵਰਤਮਾਨ ਬਾਰੇ ਸਮਾਜਿਕ, ਰਾਜਨੀਤਕ, ਵਪਾਰਕ ਤੇ ਸਾਹਿਤਿਕ ਵਰਤਾਰੇ ਉੱਪਰ ਚਰਚਾ ਕੀਤੀ ਗਈ। ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਰਾਣਾ ਅਠੌਲਾ, ਨਿਰਵੈਲ ਸਿੰਘ ਤਾਸ਼ਪੁਰੀ, ਸ਼ਿੱਕੀ ਝੱਜੀ ਪਿੰਡ ਵਾਲਾ, ਸਤਵੀਰ ਸਾਂਝ, ਦਿਲਬਾਗ ਸਿੰਘ ਖੈਰਾ, ਅਮਰਵੀਰ ਹੋਠੀ, ਸੋਨੂ ਜਮਸ਼ੇਦਪੁਰ, ਮਨਜੀਤ ਨੱਥੂਚਾਹਲੀਆ, ਬਿੰਦਰ ਕੋਲੀਆਂਵਾਲ ਤੇ ਵਾਸਦੇਵ ਸ਼ਾਮਿਲ ਹੋਏ। ਅੰਤ ਵਿੱਚ ਬਲਵਿੰਦਰ ਸਿੰਘ ਚਾਹਲ ਵਲੋਂ ਸਮਾਗਮ ਤੇ ਪ੍ਰਤੀਕਿਰਿਆ ਦਿੰਦਿਆਂ ਡਾ. ਜਗਤਾਰ ਹੁਰਾਂ ਦੀਆਂ ਰਚਨਾਵਾਂ ਨੂੰ ਪੇਸ਼ ਕੀਤਾ ਗਿਆ ਤੇ ਦਲਜਿੰਦਰ ਰਹਿਲ ਵਲੋਂ ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਸ. ਪ. ਸਿੰਘ, ਸੁੱਖੀ ਬਾਠ, ਕਹਾਣੀਕਾਰ ਸੁਖਜੀਤ, ਡਾ. ਦੇਵਿੰਦਰ ਸੈਫੀ, ਨਿੰਦਰ ਘੁਗਿਆਣਵੀ, ਡਾ. ਸੁਰਜੀਤ, ਅਤੇ ਮੋਤਾ ਸਿੰਘ ਸਰਾਏ ਹੁਰਾਂ ਦੀ ਹਾਜ਼ਰੀ ਲਵਾ ਕੇ ਇਨਾਂ ਵਲੋਂ ਭੇਜੇ ਸੁਨੇਹੇ ਤੇ ਸ਼ੁੱਭ ਇੱਛਾਵਾਂ ਨੂੰ ਸਰੋਤਿਆਂ ਨਾਲ ਸਾਂਝਿਆਂ ਕੀਤਾ।

# ਪਰਵਾਸੀ ਸਾਹਿਤ ਅਧਿਅਨ ਕੇਂਦਰ
# ਵਿੱਛੜੇ ਸਾਹਿਤਕਾਰਾਂ ਨੂੰ ਸ਼ਰਧਾਂਜਲੀ



**ਜੋਰਾ ਸਿੰਘ ਸੰਧੂ**

ਪੰਜਾਬੀ ਗਲਪ ਦੇ ਖੇਤਰ ਵਿਚ ਸਾਤਿਹਕਾਰ ਜੋਰਾ ਸਿੰਘ ਸੰਧੂ ਦੀ ਕਮੀ ਬੜੀ ਸ਼ਿੱਦਤ ਨਾਲ ਮਹਿਸੂਸ ਕੀਤੀ ਜਾਵੇਗੀ। ਉਨ੍ਹਾਂ ਨੇ ਤਿੰਨ ਕਹਾਣੀ ਸੰਗ੍ਰਹਿ "ਪਾਟਦੀ ਧੁੰਦ", "ਬਿਗਾਨਾ ਘਰ", "ਮੈਂ ਅਜੇ ਨਾ ਵਿਹਲੀ" ਅਤੇ ਨਾਵਲ "ਹੱਥਾਂ ਬਾਝ ਕਰਾਰਿਆਂ" ਅਤੇ "ਮੋਕਲਾ ਰਾਹ" ਰਾਹੀ ਸਾਹਿਤ ਵਿਚ ਆਪਣਾ ਯੋਗਦਾਨ ਪਾਇਆ। ਪੰਜਾਬੀ ਦੇ ਮਾਸਿਕ ਰਸਾਲੇ "ਆਰਸੀ" ਵਿਚ ਉਹਨਾਂ ਦੀਆਂ ਕਹਾਣੀਆਂ ਅਕਸਰ ਛਪਦੀਆਂ ਸਨ। ਉਨ੍ਹਾਂ ਨੇ ਗਲਪ ਰਚਨਾਵਾਂ ਰਾਹੀ ਪੰਜਾਬੀ ਸਾਹਿਤ ਵਿਚ ਵੱਖਰੀ ਪਛਾਣ ਬਣਾਈ।



**ਬਲਦੇਵ ਸਿੰਘ ਆਜ਼ਾਦ**

ਬਲਦੇਵ ਸਿੰਘ ਆਜ਼ਾਦ ਪੰਜਾਬੀ ਹਾਸ ਵਿਅੰਗ ਵਿਚ ਇਕ ਚਰਚਿਤ ਨਾਮ ਸੀ। ਉਨ੍ਹਾਂ ਦੇ ਵਿਛੋੜੇ ਨਾਲ ਪੰਜਾਬੀ ਸਾਹਿਤ ਜਗਤ ਤੇ ਪੰਜਾਬੀ ਵਿਅੰਗਕਾਰੀ ਦੇ ਖੇਤਰ ਨੂੰ ਵੱਡਾ ਘਾਟਾ ਪਿਆ ਹੈ। ਆਜ਼ਾਦ ਨੇ ਸਮਾਜਿਕ ਕੁਰੀਤੀਆਂ ਦੇ ਕੋਹਜ ਨੂੰ ਤਿੱਖੀ ਵਿਅੰਗਬਾਣੀ ਵਿਚ ਪੇਸ਼ ਕਰਕੇ ਆਮ ਲੋਕਾਂ ਦੀ ਸੋਚ ਨੂੰ ਹਲੂਣਿਆਂ। ਉਨ੍ਹਾਂ "ਕਾਕਾ ਵਿਕਾਊ ਹੈ", 'ਫੂਕ ਸ਼ਾਸਤਰ ਜ਼ਿੰਦਾਬਾਦ' 'ਆਪਾਂ ਕੀ ਲੈਣਾ' 'ਜ਼ਿੰਦਗੀ ਦੇ ਗੀਤ' 'ਗੋਡੇ ਘੁੱਟ ਤੇ ਮੌਜਾਂ ਲੁੱਟ' ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਵੱਖੋ-ਵੱਖ ਅਖ਼ਬਾਰਾਂ, ਰਸਾਲਿਆਂ ਵਿਚ ਉਨ੍ਹਾਂ ਦੇ ਵਿਅੰਗ ਅਕਸਰ ਛਪਦੇ ਰਹਿੰਦੇ ਸਨ। ਉਹ ਅਨੇਕਾਂ ਸਾਹਿਤਕ ਸਭਾਵਾਂ ਤੇ ਸਮਾਜ ਸੇਵੀ ਸੰਸਥਾਵਾਂ ਤੇ ਸਰਗਰਮ ਮੈਬਰ ਸਨ।




**ਜੀਵਨ ਰਾਮਪੁਰੀ**

ਪੰਜਾਬੀ ਸਾਹਿਤ ਜਗਤ ਜੀਵਨ ਰਾਮਪੁਰੀ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਾ ਹੈ। ਉਨ੍ਹਾਂ ਨੇ ਦਰਜਨ ਦੇ ਕਰੀਬ ਪੁਸਤਕਾਂ ਦੀ ਰਚਨਾ ਕੀਤੀ। ਕਵਿਤਾ ਦੇ ਵਿਭਿੰਨ ਰੂਪਾਂ (ਗੀਤ ਗ਼ਜ਼ਲ ਰੁਬਾਈ ਤੇ ਕਵਿਤਾ) ਵਿੱਚ ਵੀ ਉਨ੍ਹਾਂ ਕਲਮ ਅਜਮਾਇਸ਼ ਕੀਤੀ ਅਤੇ ਪਾਠਕਾਂ ਵੱਲੋਂ ਉਨ੍ਹਾਂ ਦੀਆਂ ਰਚਨਾਵਾਂ ਨੂੰ ਚੰਗਾ ਹੁੰਗਾਰਾ ਵੀ ਮਿਲਦਾ ਰਿਹਾ। ਪੰਜਾਬੀ ਤੋਂ ਇਲਾਵਾ ਉਨ੍ਹਾਂ ਨੇ ਉਰਦੂ, ਹਿੰਦੀ ਤੇ ਇੰਗਲਿਸ਼ ਭਾਸ਼ਾਵਾਂ ਨੂੰ ਵੀ ਆਪਣੀ ਸਾਹਿਤ ਸਿਰਜਣਾ ਦਾ ਮਾਧਿਅਮ ਬਣਾਇਆ। ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਵਿੱਚ ਪਰਵਾਸੀ ਜੀਵਨ, ਸਮਾਜ, ਸੱਭਿਆਚਾਰ ਤੇ ਮਾਨਵੀ ਰਿਸ਼ਤਿਆਂ ਨੂੰ ਬਾਖੂਬੀ ਪੇਸ਼

ਕੀਤਾ। ਉਹ ਕੈਨੇਡਾ ਦੀਆਂ ਵਿਭਿੰਨ ਸਾਹਿਤਕ ਸਭਾਵਾਂ ਦੇ ਸਰਗਰਮ ਮੈਂਬਰ ਵੀ ਸਨ। ਪੰਜਾਬੀ ਲਿਖਾਰੀ ਸਭਾ ਰਾਮਪੁਰ ਵੱਲੋਂ ਉਨ੍ਹਾਂ ਨੂੰ 'ਅਣਥੱਕ ਸਾਹਿਤਕ ਕਾਮਾ' ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਗਿਆ।


ਬ੍ਰਿਜ ਮੋਹਨ

ਲੰਡਨ ਵੱਸਦਾ ਹਾਸਿਆਂ ਦਾ ਵਣਜਾਰਾ ਪ੍ਰਸਿੱਧ ਹਾਸਰਸ ਕਲਾਕਾਰ ਬ੍ਰਿਜ ਮੋਹਨ ਕੋਰੋਨਾ ਮਹਾਂਮਾਰੀ ਦੌਰਾਨ ਸਦੀਵੀ ਵਿਛੋੜਾ ਦੇ ਗਿਆ। ਬਰਤਾਨੀਆ ਦੀਆਂ ਸਟੇਜਾਂ 'ਤੇ ਹਾਸਿਆਂ ਰਾਹੀ ਆਪਣੀ ਹਾਜ਼ਰੀ ਲਗਾਉਣ ਵਾਲਾ ਬ੍ਰਿਜ ਮੋਹਨ ਆਪਣੇ ਆਪ ਨੂੰ 'ਲੰਡਨ ਬਰਿੱਜ' ਅਖਵਾ ਕੇ ਖੁਸ਼ ਹੁੰਦਾ ਸੀ। ਬ੍ਰਿਜ ਮੋਹਨ ਬਰਤਾਨੀਆਂ ਦੇ ਵੱਖ-ਵੱਖ ਰੇਡੀਓ ਸਟੇਸ਼ਨਾਂ ਤੇ ਟੀਵੀ ਚੈਨਲਾਂ ਰਾਹੀ ਆਪਣੀ ਹਾਜ਼ਰੀ ਲਗਵਾਉਂਦਾ ਰਿਹਾ ਸੀ। ਜਿੱਥੇ ਉਹ ਬੇਹੱਦ ਹੱਸਮੁੱਖ ਸੁਭਾਅ ਕਰਕੇ ਜਾਣੇ ਜਾਂਦੇ ਸਨ, ਉੱਥੇ ਉਹਨਾਂ ਦੀ ਤਰਕਸ਼ੀਲਤਾ ਤੇ ਰਾਜਨੀਤਕ ਸੂਝ ਵੀ ਕਮਾਲ ਸੀ। ਉਹ ਆਪਣੇ ਬੇਬੇ ਬਿਸ਼ਨੀ, ਭੰਡ, ਜੱਗਾ, ਫੌਜੀ, ਪੰਜਾਬੀ ਪੁਲਸੀਆ, ਗਾਂਧੀ ਆਦਿ ਕਿਰਦਾਰਾਂ ਜ਼ਰੀਏ ਦਰਸ਼ਕਾਂ ਦੀ ਮੁਸਕਰਾਹਟ ਦਾ ਕਾਰਨ ਬਣਦੇ ਰਹੇ।


ਅਮੀਨ ਮਲਿਕ

ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਬੋਲੀ ਨੂੰ ਮਾਂ ਵਾਂਗ ਮੁਹੱਬਤ ਕਰਨ ਵਾਲਾ ਅਮੀਨ ਮਲਿਕ ਪਿਛਲੇ ਦਿਨੀ ਸਾਨੂੰ ਸਭ ਨੂੰ ਸਦੀਵੀ ਵਿਛੋੜਾ ਦੇ ਗਿਆ ਹੈ। ਉਹ ਰਹਿੰਦਾ ਲੰਡਨ ਸੀ, ਪੜ੍ਹਿਆ ਉਰਦੂ ਸੀ ਪਰ ਬੋਲਦਾ ਤੇ ਲਿਖਦਾ ਠੇਠ ਪੰਜਾਬੀ ਸੀ। ਲਹਿੰਦੇ ਪੰਜਾਬ (ਪਾਕਿਸਤਾਨ) 'ਚ ਪੰਜਾਬੀ ਬੋਲੀ ਦੇ ਹੱਕ 'ਚ ਡਟ ਕੇ ਖੜ੍ਹਨ ਵਾਲਾ ਯੋਧਾ ਸੀ। ਉਸ ਦੀ ਹਰ ਲਿਖਤ ਸਮਾਜਕ ਬੁਰਾਈ ਤੇ ਇਖ਼ਲਾਕੀ ਕੋਹੜ ਨੂੰ ਨੰਗਾ ਕਰਕੇ ਮਨੁੱਖੀ ਸੋਚ ਉੱਤੇ ਉਂਗਲੀ ਰੱਖਦੀ ਹੈ। ਉਹ ਮਿਲਾਪੜੇ ਸੁਭਾਅ ਦਾ ਮਾਲਕ, ਵੱਖਰੀ ਕਿਸਮ ਦੀ ਖਿੱਚ ਵਾਲਾ ਇਨਸਾਨ, ਅਲਬੇਲੀ ਸੋਚ, ਗਰੀਬਾਂ ਦਾ ਹਮਦਰਦ ਅਤੇ ਰਹਿਮ ਦਿਲ ਹੀ ਨਹੀਂ ਸਗੋ ਸਮਾਜ ਨੂੰ ਨਵੀਂ ਸੇਧ ਦੇਣ ਲਈ ਤੱਤਪਰ ਰਹਿਣ ਵਾਲਾ ਵਿਅਕਤੀ ਸੀ। ਲੰਡਨ ਵਿੱਚ ਰਹਿ ਕੇ ਪੰਜਾਬੀ ਬੋਲੀ ਤੇ ਸਾਹਿਤ ਦੀ ਜੋ ਸੇਵਾ ਉਸ ਨੇ ਕੀਤੀ, ਉਸ ਦੀ ਕਿਧਰੇ ਵੀ ਮਿਸਾਲ ਨਹੀਂ ਮਿਲਦੀ।

ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ ਦਾ ਪਰਵਾਸੀ ਸਾਹਿਤ ਅਧਿਅਨ ਕੇਂਦਰ ਇਨ੍ਹਾਂ ਸਾਹਿਤਕਾਰਾਂ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਾ ਹੈ।

# ਪਰਵਾਸੀ ਸਾਹਿਤ ਕੇਂਦਰ ਵੱਲੋਂ ਆਯੋਜਿਤ ਸੰਵਾਦ ਤੇ ਕਵੀ ਦਰਬਾਰ ਵਿਚ ਸ਼ਾਮਿਲ ਹੋਈਆਂ ਮਾਨਯੋਗ ਸ਼ਖਸੀਅਤਾਂ



**ਪਦਮ ਸ਼੍ਰੀ ਸੁਰਜੀਤ ਪਾਤਰ**
ਪ੍ਰਧਾਨ ਪੰਜਾਬ ਆਰਟ ਕੌਂਸਲ



**ਡਾ. ਮਨਮੋਹਨ ਸਿੰਘ**
(ਆਈ. ਪੀ. ਐਸ.)



**ਸ਼੍ਰੀ ਸੁੱਖੀ ਬਾਠ**
ਸੰਸਥਾਪਕ ਪੰਜਾਬ ਭਵਨ



**ਸ.ਇੰਦਰਜੀਤ ਸਿੰਘ ਬੱਲ**
ਸਾਬਕਾ ਜੱਜ, ਇਮੀਗਰੇਸ਼ਨ ਰਿਫ੍ਯੂਜੀ ਬੋਰਡ



**ਸ. ਅਮਰਜੀਤ ਗਰੇਵਾਲ**
ਉੱਘੇ ਚਿੰਤਕ, ਲੁਧਿਆਣਾ



**ਡਾ. ਰਜਿੰਦਰਪਾਲ ਸਿੰਘ ਬਰਾੜ**
ਪੰਜਾਬੀ ਯੂਨੀਵਰਸਿਟੀ, ਪਟਿਆਲਾ



**ਡਾ. ਅਰਵਿੰਦਰ ਸਿੰਘ**
ਪ੍ਰਿੰਸੀਪਲ
ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਜ
ਲੁਧਿਆਣਾ



**ਡਾ. ਸ. ਪ. ਸਿੰਘ**
ਸਾਬਕਾ ਵਾਈਸ ਚਾਂਸਲਰ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ



**ਪ੍ਰੋ. ਗੁਰਭਜਨ ਗਿੱਲ**
ਸਾਬਕਾ ਪ੍ਰਧਾਨ
ਪੰਜਾਬੀ ਸਾਹਿਤ ਅਕਾਡਮੀ
ਲੁਧਿਆਣਾ

# ਪਰਵਾਸ ਮੈਗਜ਼ੀਨ ਦੇ ਕੁਝ ਅੰਕ

